
ISSN: 2277-9930

79

ਜਨਵਰੀ-ਮਾਰਚ 2024

# ਪ੍ਰਤਿਮਾਨ

ਮੁੱਲ: 75/-



## ਮਹਿਮਾਨ ਕਵਿਤਾਵਾਂ / ਅਜੇ ਤਨਵੀਰ



ਸਿਆਸਤ ਨੇ ਬਦਲ  ਦਿੱਤੇ ਜਦੋਂ ਦੇ ਅਰਥ ਰੰਗਾਂ ਦੇ।
ਉਕਾਬਾਂ ਦੇ ਨਗਰ ਵਿੱਚ ਹੋ ਰਹੇ ਚਰਚੇ ਪਤੰਗਾਂ ਦੇ।

ਜਿਨ੍ਹਾਂ ਦੇ ਪੁੱਤ ਆਏ ਜਿੱਤ ਕੇ ਪਰ ਬਕਸਿਆਂ ਅੰਦਰ
ਉਨ੍ਹਾਂ ਨੂੰ ਪੁੱਛ ਕੇ ਵੇਖੀਂ ਨਤੀਜੇ ਕੀ ਨੇ ਜੰਗਾਂ ਦੇ।

ਜਦੋਂ ਤੈਥੋਂ ਮੇਰੇ ਦਿਲ ਵਿੱਚ ਅਜੇ ਤੱਕ ਡੁੱਬ ਨਾ ਹੋਇਆ
ਮੁਹੱਬਤ ਕਿੰਝ ਨਾਪਣਗੇ ਤੇਰੇ ਟੋਟੇ ਇਹ ਵੰਗਾਂ ਦੇ।

ਰਿਸ਼ੀ ਸ਼ੰਭੂਕ ਤੇ ਸਰਮਦ, ਸਰਾਭਾ, ਯਾਦ ਨੇ ਤਨਵੀਰ
ਤਦੇ ਆਏ ਨਹੀਂ ਸਾਨੂੰ ਕਦੇ ਵੀ ਖ਼ਾਬ ਝੰਗਾਂ ਦੇ।

ਚਿਰਾਗ਼ਾਂ ਨੂੰ ਬੁਝਾ ਦਿੱਤਾ ਜੇ ਨ੍ਹੇਰੀ ਨੇ ਤਾਂ ਕੀ  ਹੋਇਆ
ਮੇਰੇ ਅੰਦਰ ਅਜੇ ਵੀ ਚਮਕਦੇ ਜੁਗਨੂੰ  ਉਮੰਗਾਂ ਦੇ ।

ਮੈਂ ਖ਼ੁਦ ਤੋਂ ਪੁੱਛਦਾ ਹਾਂ ਰੋਜ਼ ਸਾਗਰ ਸ਼ਾਂਤ ਹੈ  ਜੇਕਰ
ਬੜੇ ਬੇਚੈਨ ਕਿਉ ਦਿਸਦੇ ਨੇ ਮੈਨੂੰ ਰੁਖ ਤਰੰਗਾਂ ਦੇ।

ਕੋਈ ਗੱਲ ਖ਼ਾਸ ਹੈ ਤਨਵੀਰ ਭਾਵੇਂ ਮੰਨ ਜਾਂ ਨਾ ਮੰਨ
ਮਹਾਜਨ ਚੱਲ ਕੇ ਆਏ ਨੇ ਜੋ ਵਿਹੜੇ ਮਲੰਗਾਂ ਦੇ।

...

ਪੇਸ਼ ਕਰੀਂ ਹਰ ਚਿਹਰੇ ਦੀ ਜੋ ਅਸਲੀ ਤਸਵੀਰ।
ਜੇ ਤਖ਼ੱਲਸ ਰੱਖ ਲਿਆ ਹੈ ਸ਼ੀਸ਼ਾ ਤੂੰ ਤਨਵੀਰ।

ਫ਼ਰਕ ਅਸਾਡੇ ਦੋਵਾਂ ਵਿੱਚ ਕੇਵਲ ਏਨਾ ਹੀ
ਮੇਰੇ ਹੱਥ ਵਿੱਚ ਕਲਮ ਹੈ ਤੇਰੇ ਹੱਥ ਸ਼ਮਸ਼ੀਰ।

ਉਹ ਹੀ ਲੋਕ ਅਸੰਭਵ ਨੂੰ ਸੰਭਵ ਕਰਦੇ ਨੇ
ਆਪਣੇ ਹੱਥੀਂ ਲਿਖਦੇ ਨੇ ਜੋ ਆਪਣੀ ਤਕਦੀਰ।

ਤੇਰੀ ਹਰ ਗੱਲ ਸੁਣ ਕੇ ਵੀ ਜੋ ਸ਼ਾਂਤ ਬੜਾ, ਪਰ
ਬਰਫ਼ ਜਿਹੀ ਠੰਡੀ ਨਾ ਹੁੰਦੀ ਬਰਫ਼ ਦੀ ਤਾਸੀਰ।

ਜਿਸ ਨੂੰ ਸਾਰੇ ਲੋਕ ਕੁਰਾਹੀਆ ਆਖ ਰਹੇ
ਬੋਲਣ ਲਾਵੇ ਬੁੱਤਾਂ ਨੂੰ ਜਦ ਕਰਦਾ ਤਕਰੀਰ।

ਬੇਘਰਿਆਂ ਜਦ ਪੁੱਛਿਆ ਇਹ ਘਰ ਕੀ ਹੁੰਦੇ ਨੇ
ਹਾਕਮ ਕਹਿੰਦਾ ਚੁੱਪ ਰਹੋ ਮਸਲਾ ਹੈ ਗੰਭੀਰ।

ਸੀਨੇ ਦੇ ਵਿੱਚ ਖੌਲ ਰਿਹਾ ਹੈ ਜਜ਼ਬਾ ਹਾਲੇ ਵੀ
ਤਾਂ ਕੀ ਹੋਇਆ ਜੇਕਰ ਭੱਥੇ ਵਿੱਚ ਨਹੀਂ ਹੈ ਤੀਰ।

...

ਕਦੇ ਨਾ ਹਾਦਸਾ ਬਣਿਆਂ, ਨਾ ਮੈਂ ਹਥਿਆਰ ਬਣਿਆਂ ਹਾਂ।
ਦਵਾ ਬਣਿਆਂ, ਦੁਆ ਬਣਿਆਂ, ਮੈਂ ਜਿੰਨੀ ਵਾਰ ਬਣਿਆਂ ਹਾਂ।

ਪਸਾਰੇ ਪੈਰ ਚਾਦਰ ਵੇਖ ਕੇ ਹੀ ਜ਼ਿੰਦਗੀ ਸਾਰੀ,
ਨਾ ਧਰਤੀ ਹੇਠਲੇ ਇਸ ਬਲਦ ਉੱਤੇ ਭਾਰ ਬਣਿਆਂ ਹਾਂ।

ਤੁਹਾਡੇ ਤੇ ਮੇਰੇ ਵਿੱਚ ਫ਼ਰਕ ਹੈ ਤਾਂ ਸਿਰਫ ਏਨਾ ਹੀ,
ਤੁਸੀਂ ਬਣਦੇ ਭੰਵਰ, ਪਰ ਮੈਂ ਸਦਾ ਪਤਵਾਰ ਬਣਿਆਂ ਹਾਂ।

ਗ਼ਿਲਾ, ਸ਼ਿਕਵਾ ਨਹੀਂ ਮੈਨੂੰ, ਕੋਈ ਜਾਣੇ ਜਾਂ ਨਾ ਜਾਣੇ,
ਕਦੇ ਵੀ ਭੀੜ-ਤੰਤਰ ਦਾ ਨਾ ਹਿੱਸੇਦਾਰ ਬਣਿਆਂ ਹਾਂ।

ਮੈਂ ਸਾਰੀ ਉਮਰ ਰਹਿੰਦਾ ਧਾਤ ਜੇ ਨਾ ਅੱਗ ਵਿੱਚ ਢਲਦਾ,
ਤਸੀਹੇ ਜਰ ਕੇ, ਮਿਹਨਤਕਸ਼ ਲਈ ਔਜ਼ਾਰ ਬਣਿਆਂ  ਹਾਂ।

ਲਿਖੀ ਬੇਖ਼ੌਫ਼ ਹੋ 'ਸਰਹੰਦ' ਤੇ 'ਚਮਕੌਰ' ਦੀ ਗਾਥਾ,
ਮੈਂ 'ਅੱਲਾ ਯਾਰ ਖਾਂ' ਦਾ ਤਾਂ ਹੀ ਪੈਰੋਕਾਰ ਬਣਿਆਂ ਹਾਂ।

ਮੁਹੱਬਤ ਨੇ ਸਿਖਾ ਦਿੱਤਾ ਹੈ ਮੈਨੂੰ ਮਹਿਕਣਾ ਤਨਵੀਰ,
ਤੇਰੇ ਰਸਤੇ 'ਚ ਇਸ ਕਰਕੇ ਖਿੜੀ ਗੁਲਜ਼ਾਰ ਬਣਿਆਂ ਹਾਂ।

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਜਨਵਰੀ-ਮਾਰਚ 2023 ਅੰਕ 79

ISSN: 2277-9930

RNI No. PUNPUN/2006/16230

ਸੰਪਾਦਕ

ਡਾ. ਅਮਰਜੀਤ ਕੌਂਕੇ

ਪ੍ਰਬੰਧ ਸੰਪਾਦਕ

ਗਗਨਦੀਪ ਸਿੰਘ



ਰਚਨਾਵਾਂ ਭੇਜਣ ਲਈ ਪਤਾ

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail
pratimaan@yahoo.co.in
www.pratimaan.in



ਸਲਾਹਕਾਰ ਬੋਰਡ

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ,
ਡਾ. ਸਰਬਜੀਤ ਸਿੰਘ,
ਡਾ. ਰਵੀ ਰਵਿੰਦਰ
ਡਾ. ਆਤਮ ਰੰਧਾਵਾ



ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com

ਸਹਿਯੋਗ ਰਾਸ਼ੀ

ਇੱਕ ਅੰਕ: 75/-, ਵੀਹ ਅੰਕ (5 ਸਾਲ): 1500/-
ਜੀਵਨ ਮੈਂਬਰਸ਼ਿਪ: 3000/-, ਵਿਦੇਸ਼: $250

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ

PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in

Hon. Editor : Dr. Amarjeet Kaunke


## ਤਰਤੀਬ

ਚੱਟਾਨੋਂ ਪਰ ਖੜ੍ਹਾ ਹੂਆ ਤੋ ਛਾਪ ਰਹਿ ਗਈ ਪਾਵੋਂ ਕੀ
ਸੋਚੋ ਕਿਤਨਾ ਬੋਝ ਉਠਾ ਕਰ ਮੈਂ ਇਨ ਰਾਹੋਂ ਸੇ ਗੁਜ਼ਰਾ.... – ਦੁਸ਼ਯੰਤ ਕੁਮਾਰ

### ਵਿਸ਼ੇਸ਼ ਲੇਖ


ਚੇਤਨਾ ਅਤੇ ਪੰਜਾਬੀ ਸਮਾਜ / ਗੁਰਬਖ਼ਸ਼ ਸਿੰਘ ਭੰਡਾਲ / 2


### ਕਹਾਣੀਆਂ


ਪੌੜੀ / ਕੁਲਜੀਤ ਮਾਨ / 7, ਕੀੜੀਆਂ ਦਾ ਭੌਣ / ਬਲਵੰਤ ਫਰਵਾਲੀ / 16, ਉੜਦੂ ਸ਼ਾਇਰ / ਮੁਹੰਮਦ ਇਮਤਿਆਜ਼ / 28, ਉਦੋਂ ਮੈਨੂੰ ਹੀ ਸਮਝ ਲੈਣਾ / ਰਵਿੰਦਰ ਰੁਪਾਲ ਕੌਲਗੜ੍ਹ / 34


### ਕਵਿਤਾ / ਗ਼ਜ਼ਲ / ਗੀਤ


ਅਜੈ ਤਨਵੀਰ / ਟੀ-1, ਇਮਰੋਜ਼ / 5, ਜਗਵਿੰਦਰ ਜੋਧਾ / 6, ਗੁਰਨਾਮ ਢਿੱਲੋਂ / 13, ਮਨਜੀਤ ਇੰਦਰਾ / 14, ਕੁਲਜੀਤ ਸਿੰਘ ਜੰਜੂਆ / 15, ਅਹਿਮਦ ਸਲੀਮ / 23, ਅਵਤਾਰਜੀਤ / 24, ਨਵਤੇਜ ਗੜ੍ਹਦੀਵਾਲਾ, ਗੁਰਜੰਟ ਰਾਜੇਆਣਾ / 26, ਵਿਨੋਦ ਅਨੀਕੇਤ, ਰੂਹੀ ਸਿੰਘ / 27, ਪਵਿੱਤਰ ਧਾਲੀਵਾਲ / 30, ਭੁਪਿੰਦਰ ਬਿਸ਼ਟ / 31, ਗੁਰਿੰਦਰਜੀਤ ਸਿੰਘ ਮਾਂਟਰੀਅਲ / 33, ਮੀਨਾਕਸ਼ੀ ਸ਼ਰਮਾ / 38, ਡਾ. ਦਵਿੰਦਰ ਬਿਮਰਾ, ਈਸ਼ਾ ਨਾਰੰਗ / 39, ਗੋਰਾ ਕਨਸੂਹਾ / 46


### ਜੀਵਨ ਯਾਦਾਂ


ਜਸਵੀਰ ਢੰਡ / 32


### ਆਲੋਚਨਾ ਨਿਬੰਧ / ਰੀਵੀਊ


ਲਘੂ ਫਿਲਮ ਦਾ ਸੰਕਲਪ / ਪਰਗਟ ਸਿੰਘ / 40, ਨਾਵਲਕਾਰ ਬਲਜੀਤ ਸਿੰਘ ਪਪਨੇਜਾ ਦੀ ਗਲਪ ਚੇਤਨਾ / ਸੁਨੀਤਾ ਰਾਣੀ / 44, ਹਰਿਭਜਨ ਸਿੰਘ ਦੇ ਕਾਵਿ ਦੀਆਂ ਕਾਵਿ-ਜੁਗਤਾਂ / ਮਨਦੀਪ ਸਿੰਘ / 47



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



* ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

## ਵਿਸ਼ੇਸ਼ ਲੇਖ ਚੇਤਨਾ ਅਤੇ ਪੰਜਾਬੀ ਸਮਾਜ / ਡਾ. ਗੁਰਬਖਸ਼ ਸਿੰਘ ਭੰਡਾਲ

ਚੇਤਨਾ ਕੀ ਹੈ ਅਤੇ ਮਨੁੱਖੀ ਵਿਕਾਸ ਲਈ ਇਹ ਕਿਉਂ ਜ਼ਰੂਰੀ ਹੈ, ਇਹ ਬਹੁਤ ਹੀ ਗੰਭੀਰ ਵਿਸ਼ਾ ਹੈ। ਸਿਰ ਜੋੜ ਕੇ ਸੋਚਣ ਦੀ ਲੋੜ ਹੈ ਵਰਨਾ ਚਿੰਤਨ ਵਿਹੂਣੇ ਪੰਜਾਬੀਆਂ ਦਾ ਮਾਰਗ-ਦਰਸ਼ਨ ਕੌਣ ਕਰੇਗਾ?

ਪੰਜਾਬੀ ਸਮਾਜ ਵਿਚ ਚੇਤਨਾ ਕਿੰਨੀ ਕੁ ਹੈ ਅਤੇ ਅਸੀਂ ਕਿੱਥੇ ਖੜ੍ਹੇ ਹਾਂ? ਅਸੀਂ ਕਿਸ ਪਾਸੇ ਜਾ ਰਹੇ ਹਾਂ। ਕੀ ਸਾਨੂੰ ਸਾਡੇ ਸਰੋਕਾਰਾਂ, ਸੰਦਰਭਾਂ ਅਤੇ ਚੇਤਨਾ ਦੇ ਸੱਚ ਦਾ ਪਤਾ ਹੈ? ਕੀ ਅਸੀਂ ਚੇਤਨਾ ਵਿਹੂਣੇ ਤਾਂ ਨਹੀਂ ਹੋ ਗਏ? ਬਹੁਤ ਸਾਰੇ ਪ੍ਰਸ਼ਨ ਮਨ ਵਿਚ ਪੈਦਾ ਹੁੰਦੇ।

ਚਿੰਤਨਸ਼ੀਲ ਲੋਕ ਅਕਸਰ ਹੀ ਅਜੇਹੇ ਸੰਜੀਦਾ ਸਰੋਕਾਰ ਬਾਰੇ ਸੰਵਾਦ ਰਚਾਉਣ ਬਾਰੇ ਸੋਚਦੇ ਕਿ ਕੀ ਅਜੇਹਾ ਵਰਤਾਰਾ ਪੰਜਾਬੀਆਂ ਦੀ ਜੀਵਨ-ਸ਼ੈਲੀ ਤਾਂ ਨਹੀਂ ਬਣ ਗਿਆ। ਮੈਂ ਪੰਜਾਬੀ ਮਾਂ ਬੋਲੀ ਦਿਵਸ ਦੇ ਸੰਬੰਧ ਵਿਚ ਸ਼ਿਕਾਗੋ ਵਿਖੇ ਯੂਨੀਵਰਸਿਟੀ ਦੀ ਇਕ ਵਿਦਿਆਰਥਣ ਨੂੰ ਮਿਲਿਆ ਜਿਸਦਾ ਕਹਿਣਾ ਸੀ ਕਿ ਮੈਂ ਆਪਣੇ ਪਰਿਵਾਰ ਅਤੇ ਸਮਾਜ ਤੋਂ ਉਕਤਾ ਚੁੱਕੀ ਹਾਂ ਕਿਉਂਕਿ ਸਾਡਾ ਸਮਾਜ ਪਰਤਾਂ ਵਿਚ ਜਿਉਂਦਾ ਅਤੇ ਮਖੌਟਿਆਂ ਵਿਚ ਵਿਚਰਦਾ ਹੈ। ਮੇਰੇ ਮਾਪਿਆਂ ਕੋਲ ਮੇਰੇ ਨਾਲ ਗੱਲ ਕਰਨ ਦਾ ਸਮਾਂ ਹੀ ਨਹੀਂ ਹੈਂ। ਮੈਂ ਕਿਸ ਨਾਲ ਆਪਣੀ ਵੇਦਨਾ ਸਾਂਝੀ ਕਰਾਂ? ਮੇਰੇ ਦੋਸਤ ਸਿਰਫ਼ ਗੋਰੇ ਜਮਾਤੀ ਹੀ ਹਨ ਜਿਨ੍ਹਾਂ ਨਾਲ ਮੈਂ ਗੱਲਾਂ ਸਾਂਝੀਆਂ ਕਰ ਸਕਦੀ ਹਾਂ ਕਿਉਂਕਿ ਗੋਰੇ ਵਿਦਿਆਰਥੀ ਬਹੁਤ ਹੀ ਪਾਰਦਰਸ਼ੀ ਅਤੇ ਸੱਚੇ ਹੁੰਦੇ। ਕੋਈ ਓਹਲਾ ਨਹੀਂ ਰੱਖਦੇ ਅਤੇ ਨਾ ਹੀ ਤੁਹਾਨੂੰ ਬਲੈਕਮੇਲ ਕਰਦੇ। ਮੈਂ ਸੋਚਣ ਲੱਗਾ ਕਿ ਇਹ ਬੱਚੀ ਪੰਜਾਬੀ ਸਮਾਜ ਤੋਂ ਇੰਨੀ ਉਚਾਟ ਹੋ ਚੁੱਕੀ ਹੈ ਕਿ ਇਸਦਾ ਪੰਜਾਬੀ ਸਮਾਜ ਵਿਚ ਪਰਤਣਾ ਬਹੁਤ ਹੀ ਮੁਹਾਲ ਹੋਵੇਗਾ। ਦਰਅਸਲ ਅਸੀਂ ਪਰਵਾਸ ਤਾਂ ਕਰ ਲਿਆ ਪਰ ਅਸੀਂ ਇੰਨੇ ਚੇਤੰਨ ਨਹੀਂ ਹੋਏ ਕਿ ਸਾਨੂੰ ਪਤਾ ਹੋਵੇ ਕਿ ਵਿਦੇਸ਼ ਵਿਚ ਸਾਡੇ ਬੱਚਿਆਂ ਦੀਆਂ ਕੀ ਚੁਣੌਤੀਆਂ ਹਨ? ਉਨ੍ਹਾਂ ਨੂੰ ਸਮਝਾ ਕੇ ਇਨ੍ਹਾਂ ਚੁਣੌਤੀਆਂ ਵਿਚੋਂ ਉਭਰਨ ਦਾ ਵਲ ਕਿਵੇਂ ਸਿਖਾਉਣਾ ਹੈ? ਅਸੀਂ ਤਾਂ ਸਿਰਫ਼ ਵੱਡੇ ਘਰਾਂ ਅਤੇ ਨਵੇਂ ਮਾਡਲ ਦੀਆਂ ਕਾਰਾਂ ਲੈਣ ਲਈ ਇੰਨੇ ਉਲਝ ਗਏ ਕਿ ਪਰਿਵਾਰ ਅਤੇ ਬੱਚਿਆਂ ਲਈ ਸਾਡੇ ਕੋਲ ਸਮਾਂ ਹੀ ਨਹੀਂ। ਇਹ ਚੇਤਨਾ ਦੀ ਗੁੰਮਸ਼ੁਦਗੀ ਦਾ ਪ੍ਰਮਾਣ ਹੈ।

ਅਸੀਂ ਚੇਤਨਾ ਵਿਹੂਣੇ ਹੋ, ਹਰੀ ਕਰਾਂਤੀ ਦੇ ਭੁਲੇਖੇ ਵਿਚ ਆ ਕੇ ਪੰਜਾਬ ਨੂੰ ਤਬਾਹੀ ਦੇ ਕੰਢੇ 'ਤੇ ਲਿਆ ਖਲਿਆਰਿਆ ? ਖਾਦਾਂ ਤੇ ਕੀਟਨਾਸ਼ਕਾਂ ਨਾਲ ਧਰਤੀ ਜ਼ਹਿਰੀਲੀ ਹੋ ਗਈ, ਵਾਤਾਵਰਣ ਪਲੀਤ ਕਰ ਲਿਆ। ਝੋਨੇ ਸਦਕਾ ਪੰਜਾਬ ਦਾ ਜ਼ਿਆਦਾਤਰ ਹਿੱਸਾ ਧਰਤੀ ਹੇਠਲੇ ਪਾਣੀ ਦੇ ਮਾਮਲੇ ਵਿਚ ਡਾਰਕ ਜ਼ੋਨ ਵਿਚ ਚਲਾ ਗਿਆ ਹੈ। ਕੁਦਰਤੀ ਸਰੋਤ ਗਵਾ ਕੇ ਪੰਜਾਬ ਨੇ ਕੀ ਖੱਟਿਆ? ਬਿਮਾਰ ਪੰਜਾਬੀਆਂ ਨੂੰ ਹਸਪਤਾਲ ਮਿਲ ਗਏ। ਮਰਦਾਨਗੀ ਵਿਹੂਣੇ ਪੰਜਾਬੀਆਂ ਦੇ ਹਿੱਸੇ ਫਰਟੀਲਿਟੀ ਸੈਂਟਰ ਆ ਗਏ। ਇਹ ਸਾਡੇ ਹੁਕਮਰਾਨਾਂ ਅਤੇ ਚਿੰਤਕਾਂ ਦੀ ਭਵਿੱਖਮੁਖੀ ਚੇਤਨਾ ਦੀ ਅਣਹੋਂਦ ਹੀ ਸੀ ਕਿ ਉਨ੍ਹਾਂ ਸੋਚਿਆ ਹੀ ਨਾ ਕਿ ਹਰੀ ਕ੍ਰਾਂਤੀ ਕਿਵੇਂ ਪੰਜਾਬ ਦੇ ਭਵਿੱਖ ਨੂੰ ਪ੍ਰਭਾਵਿਤ ਕਰੇਗੀ? ਹੁਕਮਰਾਨਾਂ ਦੀ ਸ਼ਹਿ 'ਤੇ ਪੰਜਾਬੀ ਜਵਾਨੀ ਨੂੰ ਨਸ਼ਿਆਂ ਵਿਚ ਡੋਬਿਆ ਗਿਆ। ਫਿਰ ਸਿਹਤ ਅਤੇ ਵਿਦਿੱਅਕ ਢਾਂਚੇ ਨੂੰ ਅਜੇਹਾ ਖੋਖ਼ਲਾ ਕੀਤਾ ਕਿ ਪੰਜਾਬੀ ਨੌਜਵਾਨਾਂ ਨੇ ਆਈਲੈਟਸ ਤੀਕ ਹੀ ਖੁਦ ਨੂੰ ਸੀਮਤ ਕਰ ਕੇ ਵਿਦੇਸ਼ਾਂ ਨੂੰ ਜਾਣ ਦਾ ਸੋਚਿਆ। ਕੀ ਹੁਕਮਰਾਨਾਂ ਨੂੰ ਇਹ ਅਹਿਸਾਸ ਹੈ ਕਿ ਜਵਾਨੀ ਦੇ ਇਸ ਅੰਨ੍ਹੇਵਾਹ ਪ੍ਰਵਾਸ ਨਾਲ ਪੰਜਾਬ ਦਾ ਸਭਿਆਚਾਰਕ, ਸਮਾਜਿਕ ਅਤੇ ਵਿਰਾਸਤੀ ਢਾਂਚਾ ਕਿਵੇਂ ਪ੍ਰਭਾਵਤ ਹੋਵੇਗਾ? ਕੁਝ ਹੀ ਸਾਲਾਂ ਤੱਕ ਪੰਜਾਬ, ਪੰਜਾਬ ਨਹੀਂ ਰਹੇਗਾ। ਕੀ ਕਦੇ ਸਾਡੇ ਹੁਕਮਰਾਨਾਂ ਨੇ ਇਸ ਬਾਰੇ ਚਿੰਤਨ ਕੀਤਾ ਏ? ਕੋਈ ਫਿਕਰਮੰਦੀ ਜ਼ਾਹਰ ਕੀਤੀ ਹੈ?

ਦਰਅਸਲ ਚੇਤਨਾ ਤਾਂ ਵਕਤ ਦੇ ਬਦਲਦੇ ਸਰੋਕਾਰਾਂ ਅਨੁਸਾਰ ਆਪਣੀ ਸੋਚ, ਸੁਪਨੇ ਸਾਧਨਾਂ ਅਤੇ ਸੰਭਾਵਨਾਵਾਂ ਨੂੰ ਤਰਜੀਹ ਬਣਾ ਕੇ ਆਪਣੇ ਹੱਕ ਵਿਚ ਭੁਗਤਾਉਣਾ ਹੁੰਦਾ। ਸਮੇਂ ਦੇ ਬਦਲਣ ਨਾਲ ਬਹੁਤ ਕੁਝ ਬਦਲ ਜਾਂਦਾ ਹੈ। ਪੁਰਾਣੀ ਸੋਚ ਅਤੇ ਧਾਰਨਾਵਾਂ ਨਾਲ ਨਵੀਆਂ ਚੁਣੌਤੀਆਂ ਦਾ ਸਾਹਮਣਾ ਨਹੀਂ ਕੀਤਾ ਜਾ ਸਕਦਾ।

ਚੇਤੰਨ ਹੋਣ ਲਈ ਜ਼ਰੂਰੀ ਹੁੰਦਾ ਕਿ ਪਤਾ ਹੋਵੇ ਕਿ ਸਾਡੇ ਆਲੇ-ਦੁਆਲੇ ਕੀ ਵਾਪਰ ਰਿਹਾ? ਕਿਉਂ ਵਾਪਰ ਰਿਹਾ? ਕੌਣ ਵਰਤਾ ਰਿਹਾ? ਇਸਦਾ ਕੀ ਪ੍ਰਭਾਵ ਪਵੇਗਾ ਅਤੇ ਇਸ ਵਰਤਾਰੇ ਨਾਲ ਆਉਣ ਵਾਲੀਆਂ ਪੀੜ੍ਹੀਆਂ ਕਿਵੇਂ ਪ੍ਰਭਾਵਤ ਹੋਣਗੀਆਂ ਅਤੇ ਸਾਡੀਆਂ ਅਗਲੀਆਂ ਨਸਲਾਂ ਦਾ ਭਵਿੱਖ ਕੀ ਹੋਵੇਗਾ? ਚੌਗਿਰਦੇ ਅਤੇ ਸਮਾਜ ਵਿਚ ਕੀ ਉਥਲ-ਪੁਥਲ ਹੋਵੇਗੀ?

ਦਰਅਸਲ ਮਨੁੱਖ ਦਾ ਕਿਸੇ ਵਰਤਾਰੇ ਨੂੰ ਦੇਖਣਾ, ਸਮਝਣਾ, ਪਰਤਾਂ ਫਰੋਲਣਾ ਅਤੇ ਇਸਦੇ ਮਾੜੇ ਅਤੇ ਚੰਗੇ ਪ੍ਰਭਾਵਾਂ ਦੀ ਨਿਰਖ-ਪਰਖ ਕਰ ਕੇ, ਆਪਣੀ ਜੀਵਨ-ਸ਼ੈਲੀ ਨੂੰ ਉਸਾਰੂ ਰੰਗਤ ਦੇਣੀ, ਚੇਤੰਨ ਹੋਣ ਦੀ ਨਿਸ਼ਾਨੀ ਹੁੰਦਾ।

**ਚੇਤਨਾ ਦੇ ਬਹੁਤ ਸਾਰੇ ਰੂਪ ਹਨ ਜਿਵੇਂ ਕਿ-**

1. ਸਵੈ-ਚੇਤਨਾ: ਜਿਵੇਂ ਸਰੀਰਕ, ਮਾਨਸਿਕ, ਬੌਧਿਕ ਅਤੇ ਭਾਵਨਾਤਮਿਕ ਚੇਤਨਾ।

2. ਪਰਿਵਾਰਕ ਚੇਤਨਾ: ਪਰਿਵਾਰ ਕੀ ਹੈ? ਸਬੰਧਾਂ ਦੀ ਕੀ ਅਹਿਮੀਅਤ ਤੇ ਲੋੜ ਅਤੇ ਇਨ੍ਹਾਂ 'ਚ ਪਾਰਦਰਸ਼ਤਾ ਕਿਵੇਂ ਆਵੇ? ਇਸਦੀ ਸਦੀਵਤਾ ਕੀ ਹੁੰਦੀ?

3. ਸਮਾਜਿਕ ਚੇਤਨਾ: ਸਮਾਜਿਕ ਉਸਾਰੀ ਵਿਚ ਇਕ ਵਿਅਕਤੀ ਦੀ ਕੀ ਭੂਮਿਕਾ ਹੈ? ਅਸੀਂ ਸਮਾਜ ਨੂੰ ਕੀ ਦੇ ਰਹੇ ਹਾਂ? ਕੀ ਦੇਣਾ ਚਾਹੀਦਾ? ਕਿੱਥੇ ਖੜ੍ਹਾ ਹੈ ਸਾਡਾ ਸਮਾਜ? ਉਧੜ ਰਹੇ ਸਮਾਜਿਕ ਤਾਣੇ-ਬਾਣੇ ਲਈ ਕੌਣ, ਕਿੰਨਾ ਕੁ ਕਸੂਰਵਾਰ ਅਤੇ ਅਸੀਂ ਖ਼ੁਦ ਕਿੰਨੇ ਕੁ ਜ਼ਿੰਮੇਵਾਰ?

4. ਧਾਰਮਿਕ ਚੇਤਨਾ: ਕੀ ਅਸੀਂ ਧਰਮ ਨੂੰ ਮੰਨਦੇ ਹਾਂ ਜਾਂ ਧਰਮ ਦੀ ਮੰਨਦੇ ਹਾਂ? ਕੀ ਅਸੀਂ 'ਗਲੀਂ ਅਸੀਂ ਚੰਗੀਆ ਆਚਾਰੀ ਬੁਰੀਆਹ' ਤਾਂ ਨਹੀਂ? ਧਾਰਮਿਕ ਬਾਣੇ ਵਿਚ ਅਧਾਰਮਿਕਤਾ ਤਾਂ ਨਹੀਂ? ਧਾਰਮਿਕ ਅਡੰਬਰ ਨੇ ਕਿੰਨਾ ਕੁ ਨੁਕਸਾਨ ਕੀਤਾ? ਧਾਰਮਿਕ ਪ੍ਰਦੂਸ਼ਣ, ਚੇਤਨਾ ਨੂੰ ਕਿਵੇਂ ਪ੍ਰਭਾਵਿਤ ਕਰ ਰਿਹਾ?

5. ਰਾਜਸੀ ਚੇਤਨਾ: ਰਾਜੀਨਤਕ ਤੌਰ 'ਤੇ ਅਸੀਂ ਕਿੰਨੇ ਕੁ ਸੰਜੀਦਾ ਹਾਂ? ਕੀ ਅਸੀਂ ਰਾਜਨੀਤੀਵਾਨਾਂ ਦੀਆਂ ਚਲਾਕੀਆਂ ਦੇ ਸ਼ਿਕਾਰ ਤਾਂ ਨਹੀਂ। ਸਾਨੂੰ ਰਾਜਨੀਤਕ ਲੋਕਾਂ ਵਲੋਂ ਕੁਰਸੀ ਦੇ ਪਾਵੇ ਕਿਵੇਂ ਬਣਾਇਆ ਜਾ ਰਿਹਾ? ਕਿਵੇਂ ਅਸੀਂ ਰਾਜੀਨਤਕ ਪ੍ਰਕਿਰਿਆ ਵਿਚ ਉਸਾਰੂ ਭੂਮਿਕਾ ਨਿਭਾ ਸਕਦੇ ਹਾਂ?

6. ਵਾਤਾਵਰਣੀ ਚੇਤਨਾ: ਹਵਾ, ਪਾਣੀ, ਧਰਤੀ, ਅਵਾਜ਼, ਰੌਸ਼ਨੀ, ਰੇਡੀਓਐਕਟਿਵ ਤੇ ਈ ਐਮ ਤਰੰਗਾਂ ਦੇ ਪ੍ਰਦੂਸ਼ਣ ਪ੍ਰਤੀ ਅਸੀਂ ਕਿੰਨੇ ਕੁ ਸੁਚੇਤ ਹਾਂ? ਕੀ ਸਾਨੂੰ ਪਤਾ ਹੈ ਕਿ ਅਸੀਂ ਜ਼ਹਿਰੀਲੀ ਫਿਜ਼ਾ ਵਿਚ ਸਾਹ ਲੈਂਦੇ, ਜ਼ਹਿਰਾਂ ਖਾ ਰਹੇ ਹਾਂ?

ਚੇਤਨਾ ਦਾ ਪੈਦਾ ਹੋਣਾ ਕੋਈ ਜਾਦੂ ਨਹੀਂ। ਇਹ ਤਾਂ ਮਨੁੱਖੀ ਵਰਤਾਰਾ ਹੈ ਅਤੇ ਇਕ ਦਮ ਪੈਦਾ ਨਹੀਂ ਹੁੰਦਾ। ਇਹ ਜਾਂ ਤਾਂ ਤੁਹਨੂੰ ਵਿਰਸੇ ਵਿਚ ਮਿਲਦਾ, ਜਾਂ ਆਲਾ-ਦੁਆਲਾ ਚੇਤੰਨ ਕਰਦਾ, ਜਾਂ ਗਿਆਨ (ਡਿਗਰੀਆਂ, ਗਿਆਨ ਨਹੀਂ ਹੁੰਦੀਆਂ ਅਤੇ ਪਰ ਗਿਆਨ ਜ਼ਰੂਰ ਡਿਗਰੀਆਂ ਹੁੰਦਾ।) ਰਾਹੀਂ ਚੇਤੰਨ ਹੁੰਦੇ, ਅਤੇ ਜਾਂ ਕੁਝ ਕੁ ਰੋਲ-ਮਾਡਲਾਂ ਦੇ ਪੈਰੋਕਾਰ ਬਣ ਕੇ ਵੀ ਚੇਤੰਨ ਹੁੰਦੇ।

ਹੁਣ ਦੇਖਣਾ ਹੈ ਕਿ ਪੰਜਾਬੀ ਸਮਾਜ ਕਿੱਥੇ ਖੜ੍ਹਾ ਹੈ? ਅਸੀਂ ਤਾਂ ਉਹ ਕੁਝ ਹਾਂ ਜਿਹੜਾ ਸਮਾਜ ਵਿਚ ਹੋ ਰਿਹਾ ਹੈ ਕਿਉਂਕਿ ਅਸੀਂ ਸਮਾਜ ਦਾ ਹੀ ਤਾਂ ਹਿੱਸਾ ਹਾਂ।

ਯਾਦ ਰਹੇ ਕਿ ਚਿੰਤਾ ਤੋਂ ਚਿੰਤਨ ਪੈਦਾ ਹੁੰਦਾ, ਚਿੰਤਨ ਤੋਂ ਚਾਹਤ ਪੈਦਾ ਹੁੰਦੀ ਤੇ ਫਿਰ ਚੇਤਨਾ ਪੈਦਾ ਹੁੰਦੀ। ਇਸ ਚੇਤਨਾ ਵਿਚੋਂ ਹੀ ਫਿਰ ਚੇਤੰਨ ਸੋਚ ਪੈਦਾ ਹੁੰਦੀ, ਸੁਪਨੇ ਪੈਦਾ ਹੁੰਦੇ, ਸੰਭਾਵਨਾਵਾਂ ਉਤਪੰਨ ਹੁੰਦੀਆਂ, ਸਾਧਨ ਪੈਦਾ ਹੁੰਦੇ ਅਤੇ ਫਿਰ ਇਹੀ ਸੰਭਾਵਨਾਵਾਂ ਦਾ ਸੱਚ, ਨਰੋਏ ਤੇ ਚੇਤੰਨ ਵਿਰਸੇ ਦੀ ਅਧਾਰਸ਼ਿਲਾ ਬਣਦਾ।

ਮਾਣਮੱਤੇ ਅਤੇ ਚਿੰਤਨਸ਼ੀਲ ਵਿਰਸੇ ਦੇ ਮਾਲਕ ਉਹ ਲੋਕ ਹੁੰਦੇ ਜਿਨ੍ਹਾਂ ਨੇ ਆਪਣੀਆਂ ਕੀਰਤੀਆਂ, ਕਿਰਿਆਸ਼ੀਲਤਾ, ਕਰਮਯੋਗਤਾ ਤੇ ਕਾਰਨਾਮਿਆਂ ਰਾਹੀਂ ਨਾਮ ਕਮਾਇਆ ਹੁੰਦਾ। ਚਿੰਤਨਸ਼ੀਲ ਲੋਕ ਸਮਿਆਂ ਦਾ ਸਭ ਤੋਂ ਵੱਡਾ ਮਾਣ ਹੁੰਦੇ ਅਤੇ ਵਕਤ ਉਨ੍ਹਾਂ 'ਤੇ ਨਾਜ਼ ਕਰਦਾ। ਪੰਜਾਬੀ ਵਿਰਾਸਤ ਅਤੇ ਚੇਤਨਾ ਤਾਂ ਬਹੁਤ ਹੀ ਅਮੀਰ ਸੀ ਪਰ ਅਸੀਂ ਗਰੀਬ ਪੰਜਾਬੀਆਂ ਨੇ ਇਸਨੂੰ ਬਹੁਤ ਹੀ ਹੀਣੀ ਅਤੇ ਨਿਰਬਲ ਬਣਾ ਦਿੱਤਾ ਹੈ।

ਚੇਤਨਤਾ ਗੁੰਮ ਹੁੰਦੀ ਤਾਂ ਮਨੁੱਖ ਆਪੇ ਨੂੰ ਭੁਲਾ ਦਿੰਦਾ ਅਤੇ ਖੁਦ ਤੋਂ ਗਵਾਚੇ ਵਿਅਕਤੀ ਨੂੰ ਆਪਣਾ ਸਿਰਨਾਵਾਂ ਵੀ ਯਾਦ ਨਹੀਂ ਰਹਿੰਦਾ। ਅਜੇਹਾ ਪੰਜਾਬੀਆਂ ਨਾਲ ਵਾਪਰ ਰਿਹਾ ਹੈ। ਇਹ ਪੰਜਾਬ ਅਤੇ ਵਿਦੇਸ਼ਾਂ ਵਿਚ ਆਮ ਵਰਤਾਰਾ ਹੈ। ਪਰਵਾਸੀ ਚੇਤਨਾ ਦੀ ਅਣਹੋਂਦ ਦਾ ਅੰਦਾਜ਼ਾ ਇਸ ਗੱਲ ਤੋਂ ਲਗਾ ਸਕਦੇ ਹਾਂ ਕਿ ਅਸੀਂ ਵਿਦੇਸ਼ਾਂ ਵਿਚ ਰਾਜਸੀ ਰੁਤਬੇ ਤਾਂ ਹਾਸਲ ਕਰ ਲਏ ਪਰ ਕੋਈ ਵੀ ਸਾਂਝਾ 'ਲੌਬੀਇੰਗ' ਗਰੁੱਪ ਨਹੀਂ ਬਣਾ ਸਕੇ ਜਿਸ ਰਾਹੀਂ ਵਿਦੇਸ਼ ਵਿਚ ਪੰਜਾਬੀਆਂ ਦੇ ਮਸਲਿਆਂ ਨੂੰ ਵਿਚਾਰਿਆ ਜਾਵੇ।

ਚੇਤਨਾ ਤੀਕ ਪਹੁੰਚਣ ਦੇ ਚਾਰ ਪੜਾਅ ਹਨ ਜਿਨ੍ਹਾਂ ਦੀ ਸਾਨੂੰ ਸੋਝੀ ਹੋਣੀ ਚਾਹੀਦੀ ਹੈ। ਸੱਚ ਇਹ ਹੈ ਕਿ ਭਾਵੁਕਤਾ ਵਿਚੋਂ ਬੌਧਿਕਤਾ ਪੈਦਾ ਹੁੰਦੀ, ਬੌਧਿਕਤਾ ਵਿਚੋਂ ਚਿੰਤਾ ਪੈਦਾ ਹੁੰਦੀ, ਚਿੰਤਾ ਵਿਚੋਂ ਚਿੰਤਨ ਪੈਦਾ ਹੁੰਦਾ ਅਤੇ ਫਿਰ ਚਿੰਤਨ ਵਿਚੋਂ ਚੇਤਨਾ ਪੈਦਾ ਹੁੰਦੀ। ਇਸ ਲਈ ਪੰਜਾਬੀਆਂ ਲਈ ਬਹੁਤ ਜ਼ਰੂਰੀ ਹੈ ਕਿ ਉਹ ਭਾਵੁਕਤਾ ਦੇ ਨਾਲ ਨਾਲ, ਬੌਧਿਕ ਵਿਕਾਸ ਦੇ ਨਾਲ ਹੀ ਸਰੀਰਕ ਤੇ ਮਾਨਸਿਕ ਵਿਕਾਸ ਕਰਨ, ਫ਼ਿਕਰ ਕਰਨ, ਚਿੰਤਨ ਕਰਨ ਅਤੇ ਫਿਰ ਚੇਤਨਾ ਦੇ ਮਾਰਗੀ ਬਣਨ। ਪੰਜਾਬੀਆਂ ਦੀ ਫਿਤਰਤ ਨੂੰ ਬਦਲਣ ਦੀ ਲੋੜ ਹੈ ਅਤੇ ਇਹ ਸਿਰਫ਼ ਚੇਤਨਾ ਰਾਹੀਂ ਹੀ ਬਦਲੀ ਜਾ ਸਕਦੀ ਹੈ।

ਪੰਜਾਬੀ ਸਮਾਜ ਵਿਚ ਚੇਤਨਾ ਪੈਦਾ ਕਰਨ ਵਾਸਤੇ ਸਾਨੂੰ ਹਰ ਪੱਧਰ 'ਤੇ ਚਿੰਤਨ ਕਰਨ ਦੀ ਲੋੜ ਹੈ ਤਾਂ ਹੀ ਅਸੀਂ ਪੰਜਾਬੀ ਕਮਿਊਨਿਟੀ ਨੂੰ ਚੇਤਨ ਕਰ ਕੇ ਅਜੋਕੇ ਸਮੇਂ ਦਾ ਹਾਣੀ ਬਣਾ ਸਕਦੇ ਹਾਂ।

ਚੇਤਨਾ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਅਸੀਂ ਧਰਮ ਨਾਲ ਜੁੜੀਏ। ਗੁਰੂ ਗਰੰਥ ਸਾਹਿਬ ਵਿਚ ਮਨੁੱਖ ਲਈ ਹਰ ਕਿਸਮ ਦੀ ਚੇਤਨਾ ਹੈ। ਸਿਰਫ਼ ਸਾਨੂੰ ਚਿੰਤਨ ਕਰਨ ਦੀ ਆਦਤ ਹੋਣੀ ਚਾਹੀਦੀ ਹੈ। ਧਰਮ ਦਰਅਸਲ ਜੀਵਨ ਜਾਚ ਹੁੰਦਾ ਹੈ ਅਤੇ ਇਸ ਸੰਦਰਭ ਵਿਚ ਅਸੀਂ ਧਰਮ ਦੇ ਪੈਰੋਕਾਰ ਬਣਾਂਗੇ ਤਾਂ ਬਹੁਤ ਕੁਝ ਹਾਸਲ ਕਰ ਸਕਾਂਗੇ।

ਪੰਜਾਬੀਆਂ ਲਈ ਅੱਖਰ ਨਾਲ ਜੁੜਨਾ ਜ਼ਰੂਰੀ। ਤਾਂ ਹੀ ਅਸੀਂ ਸਾਹਿਤ ਨਾਲ ਜੁੜ ਸਕਾਂਗੇ ਜਿਸ ਵਿਚੋਂ ਸਾਨੂੰ ਸਮਾਜਿਕ ਵਰਤਾਰਿਆਂ ਅਤੇ ਹੋਣ ਵਾਲੀਆਂ ਸੰਭਾਵਤ ਭਵਿੱਖਮੁਖੀ ਤਬਦੀਲੀਆਂ ਦੀ ਜਾਣਕਾਰੀ ਮਿਲੇਗੀ। ਸਾਨੂੰ ਘਰਾਂ ਵਿਚ ਬੀਅਰ ਬਾਰ ਦੀ ਥਾਂ ਬੁੱਕ ਸ਼ੈਲਫ਼ਾਂ ਬਣਾਉਣ ਦੀ ਲੋੜ ਹੈ। ਪਰ ਜਿਹੜਾ ਸਮਾਜ ਆਪਣੀ ਮਾਂ ਬੋਲੀ ਬਾਰੇ ਵੀ ਫਿਕਰਮੰਦ ਨਾ ਹੋਵੇ ਉਸ ਵਿਚ ਚੇਤਨਾ ਬਾਰੇ ਚਿੰਤਾ ਪੈਦਾ ਹੋਣੀ

ਵੀ ਵੱਡਾ ਪ੍ਰਸ਼ਨ ਹੈ?

ਸਭ ਤੋਂ ਅਹਿਮ ਹੈ ਕਿ ਵਿਸ਼ਵ ਪੱਧਰ 'ਤੇ ਪੰਜਾਬੀਆਂ ਦਾ ਥਿੰਕ ਟੈਂਕ ਹੋਣਾ ਚਾਹੀਦਾ ਹੈ। ਫਿਰ ਵੱਖ ਵੱਖ ਗਰੁੱਪ ਹੋਣ ਜਿਸਦੇ ਮੈਂਬਰ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟ ਚੁੱਕੇ ਮਾਹਿਰ ਹੋਣ ਅਤੇ ਜਿਹੜੇ ਵੱਖੋ ਵੱਖਰੇ ਖੇਤਰਾਂ ਵਿਚ ਜਾਣ ਵਾਲਿਆਂ ਲਈ ਚੇਤਨਾ ਦੇ ਕੈਂਪ ਲਾਉਣ ਭਾਵੇਂ ਇਹ ਬਿਜ਼ਨਸ ਹੋਵੇ, ਅਕਾਦਮਿਕ, ਧਾਰਮਿਕ ਜਾਂ ਕੋਈ ਪ੍ਰੋਫੈਸ਼ਨਲ ਖੇਤਰ ਹੋਵੇ।

ਫ਼ਿਕਰ ਤੋਂ ਫ਼ਿਕਰਮੰਦੀ ਤੇ ਫਿਰ ਚੇਤਨਾ ਦਾ ਸਫ਼ਰ ਤਾਂ ਘਰ ਤੋਂ ਸ਼ੁਰੂ ਕਰਨਾ ਪਵੇਗਾ। ਸਭ ਤੋਂ ਜ਼ਰੂਰੀ ਹੁੰਦਾ ਹੈ ਬਦਲਦੇ ਹਾਲਾਤ ਦੇ ਪੈ ਰਹੇ ਪ੍ਰਭਾਵਾਂ ਬਾਰੇ ਮਾਪਿਆਂ ਦਾ ਚੇਤੰਨ ਹੋਣਾ ਅਤੇ ਚੇਤਨਾ ਦਾ ਜਾਗ ਆਪਣੇ ਬੱਚਿਆਂ ਵਿਚ ਲਾਉਣਾ।

ਇਕ ਵਿਅਕਤੀ ਲਈ ਚੇਤੰਨ ਹੋਣ ਵਾਸਤੇ ਆਪਣੇ ਅੰਦਰ ਉਤਰਨਾ, ਖ਼ੁਦ ਦੇ ਰੂ-ਬ-ਰੂ ਹੋਣਾ ਅਤੇ ਆਪਣੀਆਂ ਕਮੀਆਂ, ਕੁਤਾਹੀਆਂ, ਕਮੀਨਗੀਆਂ ਤੇ ਖਾਮੀਆਂ ਦੀ ਪਛਾਣ ਕਰਨਾ ਅਤੇ ਫਿਰ ਖਤਮ ਕਰ ਕੇ, ਨਵੀਂ ਊਰਜਾ ਅਤੇ ਹੌਂਸਲੇ, ਹੱਠ ਅਤੇ ਹਿੰਮਤ ਨੂੰ ਹਾਣੀ ਬਣਾਉਣਾ ਜ਼ਰੂਰੀ ਹੁੰਦਾ। ਕੁਝ ਵੀ ਅਸੰਭਵ ਨਹੀਂ ਹੁੰਦਾ ਸਿਰਫ਼ ਸ਼ੁਰੂਆਤ ਦੀ ਲੋੜ ਹੁੰਦੀ ਹੈ।

ਇਕ ਗੱਲ ਤਾਂ ਸੱਚੀ ਹੈ ਕਿ ਸਾਡੇ ਬਜ਼ੁਰਗ ਸਾਡੇ ਨਾਲੋਂ ਜ਼ਿਆਦਾ ਚੇਤਨ ਅਤੇ ਜ਼ਿੰਦਗੀ ਦੀ ਸੰਪੂਰਨ ਕਿਤਾਬ ਸਨ। ਉਨ੍ਹਾਂ ਕੋਲ ਡਿਗਰੀਆਂ ਨਹੀਂ ਸਨ ਪਰ ਪੂਰਨ ਗਿਆਨ ਸੀ। ਮੇਰੇ ਬਾਪ ਨੇ ਅਨਪੜ੍ਹ ਹੁੰਦਿਆਂ ਯੂਨੀਵਰਸਿਟੀ ਤੀਕ ਪੜ੍ਹਾਇਆ। ਉਸਦੀ ਸੀਮਤ ਸਾਧਨਾਂ ਵਿਚ ਜੀਵਨ-ਜਾਚ ਸਬਰ, ਸੁਖਨ ਅਤੇ ਸਿਰੜ ਕਮਾਲ ਦਾ ਸੀ। ਕਦੇ ਹਾਰ ਨਹੀਂ ਮੰਨੀ। ਹੜ੍ਹਾਂ ਨਾਲ ਫਸਲਾਂ ਮਾਰੀਆਂ ਜਾਣ 'ਤੇ ਵੀ ਕਦੇ ਖ਼ੁਦਕੁਸ਼ੀ ਨਹੀਂ ਸੀ ਕੀਤੀ। ਸਦਾ ਚੜ੍ਹਦੀ ਕਲਾ ਵਿਚ ਰਹਿੰਦੇ। ਇਮਾਨਦਾਰੀ ਬਾਰੇ ਉਨ੍ਹਾਂ ਦਾ ਤਰਕ ਕਮਾਲ ਦਾ ਸੀ ਕਿ ਕਿਸੇ ਦੇ ਚੋਰੀ ਪੱਠੇ ਨਾ ਵੱਢੋ, ਤੁਹਾਨੂੰ ਗੁਰਦੁਆਰੇ, ਮੱਸਿਆ ਜਾਂ ਸੱਤਸੰਗ 'ਤੇ ਜਾਣ ਦੀ ਲੋੜ ਨਹੀਂ ਪਵੇਗੀ। ਮੇਰੇ ਪ੍ਰੈਪ ਵਿਚੋਂ ਫੇਲ੍ਹ ਹੋਣ 'ਤੇ ਬਾਪ ਨੇ ਹੱਲਾਸ਼ੇਰੀ ਦਿੰਦਿਆਂ ਕਿਹਾ ਸੀ ਕਿ ਕੋਈ ਨਾ ਅਗਲੇ ਸਾਲ ਪਾਸ ਹੋ ਜਾਈਂ। ਰੂੜੀ ਪਵਾ ਲਾ ਅਤੇ ਕੱਲ੍ਹ ਨੂੰ ਦੁਬਾਰਾ ਕਾਲਜ ਵਿਚ ਦਾਖਲ ਹੋ ਜਾ। ਅੱਜ ਕੱਲ੍ਹ ਤਾਂ ਬੱਚੇ ਦੇ ਘੱਟ ਨੰਬਰ ਆਉਣ 'ਤੇ ਮਾਪੇ, ਬੱਚਿਆਂ ਦੀ ਜਾਨ ਕੱਢ ਲੈਂਦੇ ਨੇ। ਅਤੇ ਕਈ ਵਾਰ ਬੱਚੇ ਖ਼ੁਦਕੁਸ਼ੀ ਵੀ ਕਰ ਲੈਂਦੇ। ਇਹ ਚੇਤਨਾ ਸਾਡੇ ਮਾਪਿਆਂ ਨੇ ਅਚੇਤ ਰੂਪ ਵਿਚ ਸਾਡੇ ਮਨਾਂ ਵਿਚ ਧਰੀ ਜੋ ਹਰ ਮੋੜ 'ਤੇ ਮਾਰਗ ਦਰਸ਼ਨ ਕਰ ਰਹੀ ਏ।

ਅਫ਼ਸੋਸ ਨਾਲ ਕਹਿਣਾ ਪੈਂਦਾ ਕਿ ਹੁਣ ਮਾਪਿਆਂ ਕੋਲ ਆਪਣੇ ਬੱਚਿਆਂ ਦੀ ਸਾਰ ਲੈਣ ਦਾ ਸਮਾਂ ਹੀ ਨਹੀਂ। ਬੱਚੇ ਕਿਸ ਕੋਲੋਂ ਰਹਿਨੁਮਾਈ ਪ੍ਰਾਪਤ ਕਰਨ। ਮੇਰੀ ਵੱਡੀ ਬੇਟੀ ਬੀ.ਡੀ.ਐਸ. ਵਿਚ ਦਾਖ਼ਲ ਹੋਈ ਤਾਂ ਮੈਂ ਉਸ ਨੂੰ ਹਰ ਹਫ਼ਤੇ ਚਿੱਠੀ ਲਿਖਦਾ ਸਾਂ ਕਿ ਨਵੇਂ ਮਾਹੌਲ ਵਿਚ ਕਿਹੜੀਆਂ ਚੁਣੌਤੀਆਂ ਹੋ ਸਕਦੀਆਂ, ਇਨ੍ਹਾਂ ਦਾ ਕਿਵੇਂ ਸਾਹਮਣਾ ਕਰਨਾ ਅਤੇ ਇਸ ਵਿਚੋਂ ਕਿਵੇਂ ਉਭਰਨਾ ਹੈ? ਮੇਰੀਆਂ ਚਿੱਠੀਆਂ ਮੇਰੀ ਬੇਟੀ ਤੋਂ ਪਹਿਲਾਂ ਹੀ ਉਸ ਦੀਆਂ ਸਹੇਲੀਆਂ ਪੜ੍ਹ ਲੈਂਦੀਆਂ ਸਨ। ਮੈਨੂੰ ਲੱਗਾ ਕਿ ਜੀਵਨ ਵਿਚ ਕੰਮ ਆਉਣ ਵਾਲੀਆਂ ਸਲਾਹੁਤਾਂ ਬਾਰੇ ਬੱਚਿਆਂ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ ਜਿਸਦੀ ਬਹੁਤ ਘਾਟ ਹੈ। ਮੈਂ ਇਨ੍ਹਾਂ ਚਿੱਠੀਆਂ ਦੇ ਅਧਾਰ 'ਤੇ ਅਜੀਤ ਅਖ਼ਬਾਰ ਵਿਚ ਮਿਡਲ ਲੇਖ ਲਿਖੇ ਜਿਨ੍ਹਾਂ ਦਾ ਹੁੰਗਾਰਾ ਕਮਾਲ ਦਾ ਸੀ। ਮੇਰੀ ਪਹਿਲੀ ਪੁਸਤਕ 'ਰੰਗਾਂ ਦਾ ਦਰਿਆ' ਇਨ੍ਹਾਂ ਚਿੱਠੀਆਂ ਦਾ ਵਿਸਥਾਰ ਹੀ ਸੀ ਅਤੇ ਮੈਂ ਕਵਿਤਾ ਤੋਂ ਵਾਰਤਕ ਵੱਲ ਨੂੰ ਮੁੜਿਆ ਸਾਂ। ਕੀ ਮਾਪਿਆਂ ਕੋਲ ਇੰਨੀ ਕੁ ਵਿਹਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਸੁਚੱਜੀ ਸੇਧ ਦੇਣ ਲਈ ਕੁਝ ਸਮਾਂ ਕੱਢ ਸਕਣ?

ਚੇਤਨਾ ਦੀ ਲਹਿਰ ਪੈਦਾ ਕਰਨ ਲਈ ਖ਼ੁਦ ਨੂੰ ਚੇਤੰਨ ਹੋਣਾ ਪੈਂਦਾ ਹੈ। ਬਾਬਾ ਸੇਵਾ ਸਿੰਘ ਜੀ ਕੋਲ ਕੋਈ ਡਿਗਰੀ ਨਹੀਂ ਪਰ ਉਹ ਚੇਤਨਾ ਦਾ ਚਿਰਾਗ ਹਨ। ਉਹ ਵਾਤਾਵਰਣ ਨੂੰ ਬਚਾਉਣ ਲਈ ਦਰਖਤ ਲਗਾ ਕੇ ਹਵਾ ਦੇ ਲੰਗਰ ਲਗਾ ਰਹੇ ਹਨ। ਵਿੱਦਿਆ ਦਾ ਚਾਨਣ ਵੰਡਣ ਲਈ ਵੱਖ ਵੱਖ ਅਦਾਰੇ ਬਿਹਤਰੀਨ ਵਿੱਦਿਆ ਪ੍ਰਦਾਨ ਕਰ ਰਹੇ। ਪੀਐਮਟੀ/ਸੀਈਟੀ ਅਦਾਰੇ ਵਿਚੋਂ ਹਰ ਸਾਲ ਬਹੁਤ ਸਾਰੇ ਵਿਦਿਆਰਥੀ ਮੈਡੀਕਲ/ਇੰਜਨੀਅਰਿੰਗ ਕਾਲਜਾਂ, ਤੇ ਆਈਆਈਟੀ ਵਿਚ ਜਾ ਰਹੇ ਹਨ। ਉਨ੍ਹਾਂ ਵਲੋਂ ਚਲਾਏ ਜਾ ਰਹੇ ਹਾਕੀ ਕਲੱਬ ਦੇ ਖਿਡਾਰੀ ਹੁਣ ਤਾਂ ਇੰਡੀਆ ਦੀ ਕੌਮੀ ਟੀਮ ਵਿਚ ਖੇਡ ਰਹੇ ਹਨ। ਕੁੜੀਆਂ ਦੀ ਪੰਜਾਬ ਪੁਲੀਸ, ਬੀਐਸਐਫ, ਦਿੱਲੀ ਪੁਲੀਸ ਜਾਂ ਸੀਆਰਪੀਐਫ ਵਿਚ ਭਰਤੀ ਲਈ ਫਰੀ ਟ੍ਰੇਨਿੰਗ ਦਿੱਤੀ ਜਾਂਦੀ ਹੈ ਅਤੇ ਹੁਣ ਤੀਕ 700 ਦੇ ਕਰੀਬ ਲੜਕੀਆਂ ਇਨ੍ਹਾਂ ਅਦਾਰਿਆਂ ਵਿਚ ਕਾਂਸਟੇਬਲ, ਸਬ ਇੰਸਪੈਕਟਰ ਜਾਂ ਇੰਸਪੈਕਟਰ ਵਜੋਂ ਸੇਵਾਵਾਂ ਨਿਭਾ ਰਹੀਆਂ ਹਨ ਅਤੇ ਪਰਿਵਾਰਾਂ ਲਈ ਮਾਣ ਬਣ ਰਹੀਆਂ ਹਨ। ਐਨਡੀਏ ਦੀ ਤਿਆਰੀ ਲਈ ਵੱਖਰਾ ਅਦਾਰਾ ਹੈ ਅਤੇ ਅਦਾਰੇ ਦੇ ਵਿਦਿਆਰਥੀ ਐਨਡੀਏ ਵਿਚ ਸਿੱਧੇ ਜਾ ਰਹੇ ਹਨ ਜੋ ਆਉਣ ਵਾਲੇ ਸਮਿਆਂ ਵਿਚ ਫੌਜ ਵਿਚ ਵੱਡੇ ਅਹੁਦਿਆਂ 'ਤੇ ਪਹੁੰਚਣਗੇ। ਅਜੇਹੇ ਅਫਸਰ ਮਨ ਵਿਚ ਸਿੱਖੀ ਪ੍ਰੰਪਰਾਵਾਂ ਅਤੇ ਮੂਲ ਭਾਵਨਾਵਾਂ ਨੂੰ ਜੀਵਨ ਵਿਚ ਜ਼ਰੂਰ ਅਪਨਾਉਣਗੇ। ਸਿਵਲ ਸਰਵਿਸ਼ਜ ਦੀ ਤਿਆਰੀ ਲਈ ਇਕ ਹੋਰ ਅਦਾਰਾ ਆਪਣੀਆਂ ਸੇਵਾਵਾਂ ਦੇ ਰਿਹਾ। ਧਾਰਮਿਕ ਖ਼ੇਤਰ ਵਿਚ ਜਾਣ ਵਾਲਿਆਂ ਲਈ ਧਾਰਮਿਕ ਅਦਾਰਾ ਉੱਚ ਕੋਟੀ ਦਾ ਯੋਗਦਾਨ ਪਾ ਰਿਹਾ ਹੈ। ਕੀ ਕੋਈ ਹੋਰ ਸੰਸਥਾ ਅਜੇਹੀਆਂ ਬਹੁ-ਵਿਧਾਵੀ ਕੋਸ਼ਿਸ਼ਾਂ ਕਰ ਕੇ ਆਮ ਲੋਕਾਂ ਵਿਚ ਚੇਤਨਾ ਪੈਦਾ ਕਰਨ ਦਾ ਭਵਿੱਖਮੁਖੀ ਕਾਰਜ ਕਰ ਰਹੀ ਹੈ? ਅਰਬਾਂ ਦੇ ਬਜਟ ਵਾਲੀ ਸਾਡੀ ਸ਼੍ਰੋਮਣੀ ਕਮੇਟੀ ਕੀ ਕਰ ਰਹੀ ਹੈ?

**ਅਲਵਿਦਾ**

## ਚਿਤਰਕਾਰ ਇਮਰੋਜ਼ ਦੀਆਂ ਕਵਿਤਾਵਾਂ



### ਇਮਰੋਜ਼

ਮੈਂ ਇੱਕ ਲੋਕ ਗੀਤ
ਬੇਨਾਮ
ਹਵਾ ਵਿੱਚ ਖੜ੍ਹਾ
ਹਵਾ ਦਾ ਹਿੱਸਾ

ਜਿਹਨੂੰ ਚੰਗਾ ਲੱਗੇ
ਉਹ ਚੇਤਾ ਬਣਾ ਲਵੇ
ਹੋਰ ਚੰਗਾ ਲੱਗਾਂ
ਤਾਂ ਅਪਣਾ ਹੀ ਲਵੇ

ਜੀ ਆਏ ਤਾਂ ਗਾ ਵੀ ਲਵੇ
ਮੈਂ ਇੱਕ ਲੋਕ ਗੀਤ
ਸਿਰਫ਼ ਲੋਕ ਗੀਤ
ਜਿਸ ਨੂੰ ਨਾਂ ਦੀ
ਕਦੇ ਲੋੜ ਨਹੀਂ ਹੁੰਦੀ

### ਤਹਿਜ਼ੀਬ

ਅਸਾਂ ਗ੍ਰੰਥਾਂ ਵਿੱਚ
ਤਹਿਜ਼ੀਬ ਸਾਂਭ ਕੇ
ਰੱਖੀ ਹੋਈ ਹੈ
ਪਰ ਜਿੰਦਗੀ ਵਿੱਚ
ਸਾਂਭ ਕੇ ਨਹੀਂ ਰੱਖੀ

ਜੇ ਅਸੀਂ
ਜ਼ਿੰਦਗੀ ਵਿੱਚ ਵੀ
ਤਹਿਜ਼ੀਬ ਸਾਂਭ ਲਈ ਹੁੰਦੀ
ਤਾਂ ਗ੍ਰੰਥਾਂ ਵਿੱਚ
ਰਹਿ ਜਾਂਦਾ
ਸਿਰਫ ਤਹਿਜ਼ੀਬ
ਦਾ ਜ਼ਿਕਰ

### ਵਜੂਦ

ਇੱਕ ਦਿਨ
ਖੜ੍ਹੇ ਪਾਣੀ ਨੇ
ਵਗਦੇ ਪਾਣੀ ਨੂੰ ਪੁੱਛਿਆ
ਤੂੰ ਕਦੇ ਖੜ੍ਹਾ ਹੋ ਕੇ
ਵੇਖਿਆ ਹੈ ?

ਮੈਂ ਵਗਦਾ ਪਾਣੀ ਹਾਂ
ਖੜ੍ਹੇ ਹੋਣਾ ਮੇਰੇ ਵਜੂਦ ਵਿੱਚ
ਹੈ ਹੀ ਨਹੀਂ....

### ਖ਼ਾਸ

ਜੋ ਵੀ ਜ਼ਿੰਦਗੀ ਵਿੱਚ
ਕਾਬਲ ਬਣਦਾ ਹੈ
ਉਹ ਸਾਡੇ
ਬਿਹਤਰੀਨ ਨਾਲ ਹੀ ਬਣਦਾ ਹੈ

ਖ਼ਾਸ ਸਿਰਫ਼
ਬਿਹਤਰੀਨ ਨਾਲ
ਰੰਗਾਂ ਨਾਲ ਤਸਵੀਰ
ਸ਼ਬਦਾਂ ਨਾਲ ਸ਼ਾਇਰੀ
ਤੇ ਰਿਸ਼ਤਿਆਂ ਨਾਲ
ਜ਼ਿੰਦਗੀ

ਬਿਹਤਰੀਨ ਤੋਂ ਘੱਟ ਕੁਝ ਵੀ
ਖਾਸ ਨਹੀਂ ਬਣਦਾ
ਨਾ ਘਰ ਦਾ ਨਾ ਜ਼ਿੰਦਗੀ ਦਾ

### ਰੁੱਖ

ਕਲ੍ਹ ਤੱਕ
ਜ਼ਿੰਦਗੀ ਕੋਲ ਇੱਕ ਰੁੱਖ ਸੀ
ਫੁੱਲਾਂ ਫਲਾਂ ਵਾਲਾ
ਤੇ ਮਹਿਕਾਂ ਨਾਲ ਭਰਿਆ

ਤੇ ਅੱਜ ਜ਼ਿੰਦਗੀ ਕੋਲ
ਸਿਰਫ਼ ਜ਼ਿਕਰ ਹੈ
ਪਰ ਹੈ ਜ਼ਿੰਦਾ ਜ਼ਿਕਰ
ਤੇ ਬੀਜ
ਹਵਾਵਾਂ ਨਾਲ ਰਲ ਕੇ
ਉੱਡ ਗਿਆ ਹੈ ਕਿਤੇ
ਪਤਾ ਨਹੀਂ
ਕਿਸ ਧਰਤੀ ਦੀ ਤਲਾਸ਼ ਵਿੱਚ।

ਇਹ ਵੀ ਚੇਤੇ ਹੋਣਾ ਚਾਹੀਦਾ ਕਿ ਚੇਤਨ ਲੋਕ ਆਪਣੇ ਪੁਰਖਿਆਂ ਦੀਆਂ ਗੁੰਮ ਗਈਆਂ ਕਬਰਾਂ ਵੀ ਭਾਲ ਲੈਂਦੇ ਹਨ ਜਦ ਕਿ ਚੇਤਨਾ ਤੋਂ ਵਿਹੂਣੇ ਲੋਕ ਆਪਣੀ ਵਿਰਾਸਤ ਨੂੰ ਦਫ਼ਨ ਕਰਨ ਲਈ ਕਾਹਲੇ ਹੁੰਦੇ ਹਨ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਚਿੰਤਾ ਤੋਂ ਚਿੰਤਨ ਅਤੇ ਫਿਰ ਚੇਤਨਾ ਤੀਕ ਦਾ ਸਫ਼ਰ ਬਿਖੜਾ ਤਾਂ ਹੈ ਪਰ ਅਸੰਭਵ ਬਿਲਕੁਲ ਨਹੀਂ। ਸਿਰਫ਼ ਖੜ੍ਹੇ ਲੋਕ ਹੀ ਹਾਰੇ ਹੁੰਦੇ ਜਦ ਕਿ ਤੁਰਨ ਵਾਲੇ ਕਦੇ ਹਾਰਦੇ ਨਹੀਂ ਹੁੰਦੇ।

ਆਸ ਹੈ ਕਿ ਪੰਜਾਬੀ ਜ਼ਰੂਰ ਚੇਤੰਨ ਹੋਣਗੇ ਕਿ ਕਿਵੇਂ ਉਨ੍ਹਾਂ ਨਵੀਆਂ ਚੁਣੌਤੀਆਂ ਨਾਲ ਖਹਿੰਦਿਆਂ, ਆਢਾ ਲਾਉਂਦਿਆਂ, ਆਪਣੇ ਜੀਵਨ ਨੂੰ ਨਵੇਂ ਅਰਥ ਦੇਣੇ ਹਨ ਜਿਸ ਨਾਲ ਉਹ ਸਮਾਜ ਨੂੰ ਨਵੀਂ ਨਰੋਈ ਦਿੱਖ ਦੇਣ ਦੇ ਯੋਗ ਹੋ ਸਕਣ ਜਿਵੇਂ ਉਹ ਪਹਿਲਾਂ ਦਿੰਦੇ ਆਏ ਹਨ।

ਵੈਸੇ ਵੀ ਪੰਜਾਬੀਆਂ ਨੇ ਕਦੇ ਹਾਰ ਤਾਂ ਮੰਨੀਂ ਹੀ ਨਹੀਂ। ਫਿਰ ਇਹ ਸਫ਼ਰ ਉਨ੍ਹਾਂ ਦੇ ਸਿਰੜ ਅਤੇ ਜਿੱਦ ਸਾਹਵੇਂ ਕੀ ਅਰਥ ਰੱਖਦਾ ਹੈ? ਆਸ ਹੈ ਕਿ ਪੰਜਾਬੀ ਚੇਤੰਨ ਜ਼ਰੂਰ ਹੋਣਗੇ।

# ਗ਼ਜ਼ਲਾਂ / ਜਗਵਿੰਦਰ ਜੋਧਾ



ਅਪਣਾ ਮਨ ਤਾਂ ਮਲੰਗ ਹੈ ਸਾਹਿਬ
ਦੁਨੀਆਂ ਐਵੇਂ ਹੀ ਤੰਗ ਹੈ ਸਾਹਿਬ

ਮਾਫ਼ ਕਰਨਾ ਤੁਹਾਡੇ ਨੈਣਾਂ ਵਿਚ
ਡੁੱਬਦੇ ਸੂਰਜ ਦਾ ਰੰਗ ਹੈ ਸਾਹਿਬ

ਮੈਂ ਹੀ ਅਪਣੇ ਮੁਕਾਬਲੇ ਵਿਚ ਹਾਂ
ਮੇਰੀ ਖ਼ੁਦ ਨਾਲ ਜੰਗ ਹੈ ਸਾਹਿਬ

ਸ਼ਹਿਰ ਦਾ ਸ਼ਹਿਰ ਆ ਗਿਆ ਲੁੱਟਣ
ਇੱਕ ਟੁੱਟੀ ਪਤੰਗ ਹੈ ਸਾਹਿਬ

ਰੋਜ਼ ਹੰਗਾਮਾ ਕਰ ਨਹੀਂ ਸਕਦਾ
ਮੇਰਾ ਵੱਖਰਾ ਹੀ ਢੰਗ ਹੈ ਸਾਹਿਬ

ਏਸ ਮੌਸਮ 'ਚ ਵੀ ਹਰਾ ਹਾਂ ਕਿਵੇਂ
ਸਖ਼ਤ ਪਤਝੜ ਵੀ ਦੰਗ ਹੈ ਸਾਹਿਬ

ਜਦ ਮਿਲੀਂ ਤਖ਼ਤ ਤੋਂ ਉਤਰ ਕੇ ਮਿਲੀਂ
ਸਿਰਫ਼ ਏਨੀ ਹੀ ਮੰਗ ਹੈ ਸਾਹਿਬ

ਕੋਈ ਮੰਤਰ,ਰਾਗ ਜਾਂ ਫਿਰ ਫ਼ਲਸਫ਼ਾ ਚੇਤੇ ਨਹੀਂ
ਮੈਂ ਦੇ ਸ਼ੀਸ਼ੇ ਸਾਹਵੇਂ ਕੋਈ ਦੂਸਰਾ ਚੇਤੇ ਨਹੀਂ

ਉਹ ਤੇ ਮੈਂ ਜਿਸਮਾਂ ਚੋਂ ਕਿਰ ਕੇ ਰੇਤ ਦੀ ਮੁੱਠ ਹੋ ਗਏ
ਕਿਉਂ, ਕਦੋਂ, ਕਿਸ ਹਾਲ, ਕਿੱਦਾਂ, ਕਿਸ ਜਗ੍ਹਾ ਚੇਤੇ ਨਹੀਂ

ਉਸ ਸ਼ਨਾਖਤ ਕਾਰਡ ਪੜ੍ਹ ਕੇ ਮੇਰਾ ਚਿਹਰਾ ਦੇਖਿਆ
ਮੈਂ ਕਿਹਾ "ਉਹੀ ਹਾਂ ਮੈਂ",ਉਸਨੇ ਕਿਹਾ "ਚੇਤੇ ਨਹੀਂ"

ਯਾਦ ਹੈ ਇਕ ਚੇਤ ਵਿਚ ਖੁਸ਼ਬੂ ਕਿਰਾਏਦਾਰ ਸੀ
ਉਸ ਤੋਂ ਮਗਰੋਂ ਕੌਣ ਇਸ ਘਰ ਵਿਚ ਰਿਹਾ ਚੇਤੇ ਨਹੀਂ

ਹੋ ਗਿਆ ਹਮਦਰਦ ਪਿੱਛੇ ਜਿਸਮ 'ਤੇ ਫੁੱਲ ਮਾਰ ਕੇ
ਬਾਅਦ ਵਿਚ ਕਿਸ ਕਿਸ ਨੇ ਪੱਥਰ ਮਾਰਿਆ ਚੇਤੇ ਨਹੀਂ

ਦਰਦ ਦਾ ਹੱਦ ਤੋਂ ਗੁਜ਼ਰਨਾ ਵੀ ਦਵਾਈ ਵਾਂਗ ਹੈ
ਮੀਰ ਜਾਂ ਗਾਲਿਬ ਚੋਂ ਕਿਸ ਨੇ ਆਖਿਆ,ਚੇਤੇ ਨਹੀਂ

....

ਸਿਰੋਂ ਹੌਲਾ ਤੇਰੀ ਗੁਰਦੱਸ਼ਣਾ ਦਾ ਭਾਰ ਕਰਦਾ ਹਾਂ
ਮੈਂ ਇਸ ਵਾਰੀ ਅੰਗੂਠਾ ਦੇਣ ਤੋਂ ਇਨਕਾਰ ਕਰਦਾ ਹਾਂ

ਦਿਖਾ ਕੇ ਖ਼ਾਬ ਬੰਸਰੀਆਂ ਦਾ ਕਮਸਿਨ ਪੋਰੀਆਂ ਤਾਈਂ
ਕਮਾਨਾਂ ਵਾਸਤੇ ਬਾਂਸਾਂ ਦਾ ਕਾਰੋਬਾਰ ਕਰਦਾ ਹਾਂ

ਮੇਰੀ ਆਵਾਜ਼ ਨੇ ਪੱਥਰ ਬਣੇ ਪਾਣੀ ਹਿਲਾਏ ਨੇ
ਅਦਾਲਤ ਸਾਮ੍ਹਣੇ ਅਪਣਾ ਗੁਨਾਹ ਸਵੀਕਾਰ ਕਰਦਾ ਹਾਂ

ਘੜੇ ਨੂੰ ਤਜ ਕੇ ਤੁਰ ਪੈਂਦਾ ਹਾਂ ਗੁੰਮ ਹੋਈ ਨਦੀ ਭਾਲਣ
ਵਚਿੱਤਰ ਰੇਤ ਛਲ ਤੇ ਹਰ ਦਫਾ ਇਤਬਾਰ ਕਰਦਾ ਹਾਂ

ਜਗਾ ਕੇ ਬਾਲੜੇ ਹਰਫ਼ਾਂ ਨੂੰ ਕੱਚੀ ਨੀਂਦ ਤੋਂ ਅਕਸਰ
ਮੈਂ ਬੁੱਤਾਂ ਕੋਲ ਆਪਣੇ ਇਸ਼ਕ ਦਾ ਇਜ਼ਹਾਰ ਕਰਦਾ ਹਾਂ

ਕਹਾਣੀ

# ਪੌੜੀ / ਕੁਲਜੀਤ ਮਾਨ



"ਘਰ ਵਿੱਚ ਆਖਰਾਂ ਦਾ ਗੰਦ ਹੈ। ਅਸੀਂ ਵੇਖਦੇ ਤੇ ਅੱਗੇ ਨਿਕਲ ਜਾਂਦੇ ਹਾਂ। ਸਾਡੇ ਕੋਲ ਸਮਾਂ ਹੀ ਨਹੀ। ਜਿਤਨਾ ਚਿਰ ਵਾਧੂ ਚੀਜਾਂ ਦਾ ਕੁਝ ਕਰਨਾ ਹੈ ਉਤਨਾ ਚਿਰ ਵਿੱਚ ਤੇ ਓਵਰ ਟਾਇਮ ਕਰਕੇ ਬਹੁਤੇ ਪੈਸੇ ਮਿਲ ਸਕਦੇ ਆ, ਸੋ ਅਸੀਂ ਇੰਜ ਹੀ ਕਰਦੇ ਹਾਂ।"

"ਹਾਲ ਤੇ ਸਾਡਾ ਵੀ ਇਹੋ ਹੈ ਸੁਰਜੀਤ, ਹੁਣ ਕਰੀਏ ਕੀ, ਮਹਿੰਗਾਈ ਹੀ ਬਹੁਤ ਹੋ ਗਈ ਹੈ ਉੱਤੋਂ ਮਾਰਟਗੇਜ਼...ਚਲੋ ਰਖਦਾ ਹਾਂ ਫੋਨ।"

ਫੋਨ ਕਰਨ ਤੋਂ ਬਾਦ ਉਸਦੀ ਪਤਨੀ ਨੇ ਕਿਹਾ, " ਤੁਸੀਂ ਕਿਉਂ ਆਪਣੀ ਹੀ ਮਿੱਟੀ ਪੁੱਟਦੇ ਰਹਿੰਦੇ ਹੋ, ਤੁਹਾਨੂੰ ਚੰਗੇ ਸ਼ਬਦ ਨਹੀ ਔੜਦੇ? ਕੌਣ ਕਹਿੰਦਾ ਹੈ ਇਹ ਗੰਦ ਹੈ? ਇਹ ਤੇ ਉਹ ਚੀਜਾਂ ਹਨ ਜੋ ਅਸੀਂ ਕਦੇ ਵਰਤੀਆਂ ਹਨ। ਹੁਣ ਬੇਕਾਰ ਹੋ ਗਈਆਂ ਹਨ। ਸੁੱਟਣ ਨੂੰ ਮਨ ਕਿੱਥੇ ਮੰਨਦਾ ਹੈ?"

"ਇਹ ਕਰਿਬ ਜਿਸਨੇ ਇਤਨੀ ਜਗ੍ਹਾ ਘੇਰੀ ਹੋਈ ਹੈ, ਇਹ ਹੁਣ ਤੂੰ ਸਿਰ ਵਿੱਚ ਮਾਰਨੀ ਹੈ? ਜਦੋਂ ਵੀ ਮੂਵ ਹੁੰਦੇ ਹਾਂ, ਇਸਨੂੰ ਪਹਿਲਾਂ ਟਰੱਕ ਵਿੱਚ ਲੱਦ ਲੈਂਦੇ ਹਾਂ।"

" ਹਾਏ ਹਾਏ, ਤੁਸੀਂ ਤੇ ਇਸ ਕਰਿਬ ਦੇ ਮਗਰ ਹੀ ਪਏ ਰਹਿੰਦੇ ਹੋ! ਯਾਦ ਹੈ ਇਹ ਚਾਲੀ ਸਾਲ ਪਹਿਲਾਂ ਖਰੀਦੀ ਸੀ ਜਦੋਂ ਆਪਣੇ ਬਿੱਟੂ ਹੋਇਆ ਸੀ। ਉਸਤੋਂ ਬਾਦ ਨਿਹਾਲ ਤੇ ਫਿਰ ਮਨੀ,ਇਸਨੂੰ ਕਿੱਥੇ ਸੁੱਟ ਸਕਦੇ ਹਾਂ? ਇਸ ਨਾਲ ਸਾਡੀ ਸਾਂਝ ਇਸ ਘਰ ਜਿਤਨੀ ਹੀ ਪੁਰਾਣੀ ਹੈ।"

" ਉਹ ਤੇ ਸਾਰੇ ਸਾਨੂੰ ਛਡ ਛਡਾ ਕੇ ਹੋਰ ਘਰ ਵਸਾ ਕੇ ਬੈਠੇ ਹਨ। ਦੋ ਦੋ ਸਾਲ ਕੋਈ ਮਿਲਣ ਨਹੀ ਆਉਂਦਾ ਤੇ ਤੂੰ ਕਰਿਬ ਨੂੰ ਹੀ ਜੱਫਾ ਮਾਰ ਕੇ ਬੈਠੀ ਹੈਂ!"

"ਬਾਹਰ ਬਿੱਲੀਆਂ ਤੇਰੀ ਜਾਨ ਨੂੰ ਰੋਂਦੀਆਂ ਹਨ, ਉਨ੍ਹਾਂ ਨੂੰ ਫੂਡ ਪਾ ਦਿੱਤਾ ਹੈ?"

"ਓਹ ਮਾਈ ਗੌਡ, ਮੈਂ ਤੇ ਤੁਹਾਡੀਆਂ ਗੱਲਾਂ ਵਿੱਚ ਭੁੱਲ ਹੀ ਗਈ। ਹੁਣੇ ਪਾਉਂਦੀ ਹਾਂ।"

'ਹਾਏ ਉਹ ਰੱਬਾ, ਇਨ੍ਹਾਂ ਬਿੱਲੀਆਂ ਨੂੰ ਬਚਾਵੀਂ, ਰਾਤ ਵੀ ਰਕੂਨ ਆ ਗਿਆ ਸੀ ਤੇ ਸਾਰਾ ਫੂਡ ਖਾ ਗਿਆ,ਇਹ ਵਿਚਾਰੀਆ ਪਰੇ ਬੈਠੀਆਂ ਘੂੰ ਮਿਆਊਂ ਕਰਦੀਆਂ ਰਹੀਆਂ', ਮਨਜੀਤ ਆਪਣੇ ਆਪ ਨਾਲ ਗੱਲਾਂ ਕਰਦਾ ਗੈਰਾਜ਼ ਵਿੱਚ ਪਈ ਫ਼ਰੀਜ਼ਰ ਵੱਲ ਵੇਖਦਾ ਰਿਹਾ। ਹੁਣ ਇਸ ਫਰੀਜ਼ਰ ਦੀ ਲੋੜ ਵੀ ਨਹੀ ਰਹੀ। ਦੋ ਤੇ ਜੀਅ ਹਾਂ, ਫਰਿਜ ਦੀ ਫਰੀਜ਼ਰ ਵੀ ਭਰਦੀ ਨਹੀ। ਇਹ ਫਰੀਜ਼ਰ ਬਹੁਤ ਸਮੇਂ ਤੋਂ ਬੰਦ ਹੈ ਤੇ ਇਸ ਵਿੱਚ ਨਿਆਣਿਆਂ ਦੀਆਂ ਪੁਰਾਣੀਆਂ ਕਾਪੀਆਂ, ਪੈਨਸਿਲਾਂ ਤੇ ਹੋਰ ਨਿੱਕ ਸੁੱਕ ਪਿਆ ਹੈ। ਗੈਰਾਜ਼ ਦੀ ਇੱਕ ਨੁੱਕਰੇ ਵੱਡੀ ਪੌੜੀ ਪਈ ਹੈ। ਇਸ ਪੌੜੀ ਤੇ ਚੜ੍ਹ ਕੇ ਉਹ ਕਰਿਸਮਿਸ ਦੀਆਂ ਲਾਈਟਾਂ ਲਗਾਉਂਦਾ ਸੀ ਤੇ ਬਾਦ ਵਿੱਚ ਲਾਈਟਾਂ ਉੱਤਾਰ ਕੇ ਰੱਖ ਲੈਂਦਾ ਸੀ ਪਰ ਹੁਣ ਕਦੇ ਲਾਈਟਾਂ ਨਹੀ ਲਗਾਈਆਂ। ਲਗਾਵੇ ਕੌਣ? ਬਟਨ ਦੱਬਣ ਵਾਲੇ ਤੇ ਹੁਣ ਆਪੋ ਆਪਣੇ ਘਰ ਵਸਦੇ ਪਏ ਹਨ।

ਸੁਖਜੀਤ ਵਾਪਸ ਆ ਗਈ ਤੇ ਬੋਲੀ, " ਤੁਹਾਡੇ ਗੋਡੇ ਦਾ ਹੁਣ ਕੀ ਹਾਲ ਹੈ?"

"ਕਿਹੜਾ ਗੋਡਾ, ਮੈਨੂੰ ਤੇ ਇਹ ਵੀ ਨਹੀ ਪਤਾ ਕਿਹੜਾ ਗੋਡਾ ਦੁਖਦਾ ਸੀ।"

"ਤੁਸੀਂ ਇਤਨੇ ਵੀ ਸ਼ੇਰ ਨਹੀ ਹੋ,ਰਾਤ ਨੂੰ ਤੁਹਾਡੀ ਹਾਏ, ਹਾਏ ਸੁਣ ਜਾਂਦੀ ਹੈ ਮੈਨੂੰ।"

"ਮਨਜੀਤ ਡੀਅਰ, ਇੱਕ ਸਲਾਹ ਦੇਵਾਂ?"

" ਹਾਂ ਕਿਉਂ ਨਹੀ"

"ਤੀਜਾ ਹਿੱਸਾ ਤੁਹਾਡੇ ਕਮਰੇ ਦਾ ਕਿਤਾਬਾਂ ਨਾਲ ਭਰਿਆ ਪਿਆ ਹੈ। ਉਹ ਹੁਣ ਤੁਸੀਂ ਪੜ੍ਹਨੀਆਂ ਵੀ ਨਹੀ ਤੇ ਕਿਸੇ ਨੂੰ ਚਾਹੀਦੀਆਂ ਵੀ ਨਹੀ। ਕਿਸੇ ਨਿਆਣੇ ਨੇ ਸਾਂਭਣੀਆਂ ਵੀ ਨਹੀ। ਕਿਉਂ ਨਾ ਸੁੱਟ ਦੇਈਏ? ਕੀ ਕਰਨੀਆਂ ਨੇ?"

"ਆਪਣੇ ਕਲੀਰੇ ਨਹੀਂ ਦਿਸਦੇ ਤੈਨੂੰ? ਵਿਆਹ ਵਾਲੇ ਵਰੀ ਵਾਲੇ ਸੂਟ, ਪਿੱਤਲ ਦੀਆਂ ਗਾਗਰਾਂ, ਤੂੰ ਸਪੈਸ਼ਲ ਇੰਡੀਆ ਤੋਂ ਮੰਗਵਾਈਆਂ ਸਨ। 'ਅਖੇ ਮੇਰੀ ਮਾਂ ਦੀਆਂ ਨਿਸ਼ਾਨੀਆਂ ਹਨ। ਕੈਂਹ ਦੇ ਛੰਨੇ ਨੂੰ ਕਦੇ ਵਰਤਿਆ ਹੈ? ਇਹ ਕਿਉਂ ਨਹੀ ਸੁੱਟ ਦਿੰਦੀ?" ਕੁੜੀ ਤੇਰੀ ਤੇ ਸਿਰ ਮਾਰ ਗਈ, ਅਖੇ ਮੈਨੂੰ ਨਹੀ ਚਾਹੀਦੇ ਮੌਮ ਤੇਰੇ ਭਾਂਡੇ। ਜਿਸ ਦਿਨ ਮਰ ਗਏ ਉਨ੍ਹਾਂ ਨੇ ਸੁੱਟ ਦੇਣਾ ਹੈ ਇਹ ਸਭ ਕੁਝ, ਕਿਉਂ ਨਹੀਂ ਚਾਰ ਦਿਨ ਆਪਾਂ ਵੀ ਸੋਹਣੀ ਤਰ੍ਹਾਂ ਰਹਿ ਲਈਏ?"

"ਕਿਉਂ ਅੱਗੇ ਆਪਾਂ ਸੋਹਣੀ ਤਰ੍ਹਾਂ ਨਹੀਂ ਰਹਿੰਦੇ? ਅਸਲ ਵਿੱਚ ਇਹ ਗੰਦ ਨਹੀ, ਰੀਸਾਇਕਲ ਵੀ ਨਹੀ, ਬਸ ਸਾਡੇ ਜਿਉਂਣ ਦਾ ਸਹਾਰਾ ਹੈ ਤੇ ਐਵੇਂ ਨਾ ਨਿਆਣਿਆਂ ਨੂੰ ਦੋਸ਼ ਦਿਆ ਕਰੋ। ਉਹ ਵਿਚਾਰੇ ਆਪੋ ਆਪਣਾ ਘਰ ਚਲਾਉਂਦੇ ਪਏ ਹਨ। ਨਹੀਂ ਆਉਂਦੇ ਨਾਂਹ ਸਹੀ ਪਰ ਫੋਨ ਤੇ ਕਰਦੇ ਹੀ ਹਨ। ਕਰਿਸਮਿਸ ਤੇ ਆਕੇ ਮਿਲ ਵੀ ਜਾਂਦੇ ਹਨ।"

"ਹਾਂ ਦੁਖੀਜੀਤ, ਤੂੰ ਸਹੀ ਕਹਿੰਦੀ ਹੈਂ। ਮੇਰਾ ਡੈਡ ਵੀ ਜਦੋਂ ਮੈਨੂੰ ਫੋਨ ਕਰਦਾ ਸੀ, ਹਮੇਸ਼ਾਂ ਫੋਨ ਬੰਦ ਕਰਨ ਤੋਂ ਪਹਿਲਾਂ ਕਹਿੰਦਾ, "ਆਈ ਲਵ ਯੂ ਐਂਡ ਆਈ ਮਿਸ ਯੂ"।

"ਉਦੋਂ ਮੈ ਵੀ ਮੌਨਟਰੀਅਲ ਚਲਾ ਗਿਆ ਸੀ। ਤੈਨੂੰ ਸੱਦਣ ਲਈ ਜਿਹੜੀ ਗਰੌਸ ਚਾਹੀਦੀ ਸੀ ਉਸਦਾ ਇੰਤਜ਼ਾਮ ਮੇਰੇ ਦੋਸਤ ਨੇ ਕਰਨਾ ਸੀ।"

"ਹਾਂ ਮੈਨੂੰ ਯਾਦ ਹੈ ਮਨੀਸੀਤ। "

"ਇਹ ਮਨੀਸੀਤ ਕੀ ਹੋਇਆ?"

"ਤੇ ਇਹ ਦੁਖੀਜੀਤ ਕੀ ਹੋਇਆ? ਮੇਰਾ ਨਾਮ

ਸੁਖਜੀਤ ਹੈ ਦੁਖੀਜੀਤ ਨਹੀ।"

"ਸੁਖਜੀਤ, ਤੂੰ ਮੇਰੇ ਡੈਡ ਨੂੰ ਮਿਲੀ ਵਰਤੀ ਨਹੀ। ਬਹੁਤ ਹੀ ਨੇਕ ਇਨਸਾਨ ਸੀ ਤੇ ਮੈਨੂੰ ਬਹੁਤ ਪਿਆਰ ਕਰਦਾ ਸੀ।" ਮਨਜੀਤ ਨੂੰ ਅਚਵੀ ਜਿਹੀ ਮਹਿਸੂਸ ਹੋਈ ਤੇ ਉਸਦੇ ਬੋਲ ਥਿੜਕਣ ਲੱਗ ਪਏ। ਤੇਰੇ ਆਉਣ ਤੋਂ ਦੋ ਕੁ ਮਹੀਨਿਆਂ ਬਾਦ ਹੀ ਉਹ ਬਿਮਾਰ ਹੋ ਗਿਆ। ਨਿਰੀਖਣ ਕਰਨ ਤੇ ਪਤਾ ਲੱਗਾ ਕਿ ਉਹ ਟਰਮੀਨਲ ਡੀਮੈਨਟੀਆ ਨਾਲ ਪੀੜਤ ਸੀ ਤੇ ਉਸਤੋਂ ਬਾਦ ਉਸਦੀ ਸੇਹਤ ਤੇਜੀ ਨਾਲ ਨਿਘਰਦੀ ਹੀ ਗਈ। ਤੇਰੇ ਨਾਲ ਉਸਦੀ ਉਹ ਸਾਂਝ ਨਹੀ ਬਣੀ, ਜੋ ਬਣਨੀ ਚਾਹੀਦੀ ਸੀ। ਮਾਂ ਮੇਰੀ ਨੂੰ ਤੇ ਤੂੰ ਵੇਖਿਆ ਹੀ ਨਹੀ।"

"ਲਗਦੈ ਅੱਜ ਫੇਰ ਮੇਰਾ ਵੀਕਐਂਡ ਖਰਾਬ ਕਰੋਗੇ, ਤੁਹਾਨੂੰ ਕਿਤਨੀ ਵਾਰ ਕਿਹਾ, ਬਹੁਤਾ ਸੈਂਟੀ ਨਾ ਹੋਇਆ ਕਰੋ, ਹੁਣ ਆਪਣੀ ਉਮਰ ਹੈਨੀ ਸੈਂਟੀ ਹੋਣ ਦੀ।"

"ਕਿਉਂ ਉਮਰ ਨੂੰ ਕੀ ਹੋਇਆ, ਤੈਨੂੰ ਪਤਾ ਹੈ ਚੰਗੀ ਤਰਾਂ ਮੈ ਅਜੇ ਵੀ ਜਵਾਨ ਹਾਂ।"

"ਤੁਸੀਂ ਤੇ ਗੱਲ ਨੂੰ ਹੋਰ ਹੀ ਪਾਸੇ ਲੈ ਗਏ ਹੋ, ਮੇਰਾ ਉਹ ਮਤਲਬ ਨਹੀਂ ਸੀ। ਹਾਂ ਸੁਣੋ ਕੱਲ ਫੋਨ ਆਇਆ ਸੀ ਸੇਵੇ ਦਾ, ਤੁਸੀ ਦੁੱਧ ਲੈਣ ਗਏ ਸੀ। ਤੁਹਾਡੇ ਵਾਸਤੇ ਕਹਿੰਦਾ ਸੀ, ਡੈਡ ਨੂੰ ਕਹਿ ਦੇਣਾ,'ਆਈ ਲਵ ਹਿਮ, ਮੈ ਅਵਾਂਗਾ ਜਲਦ ਹੀ ਸਿਰਫ ਡੈਡ ਨੂੰ ਮਿਲਣ।"

"ਆਈ ਲਵ ਹਿਮ ਟੂ, ਸੁਖਜੀਤ। ਐਤਕੀਂ ਆਇਆ ਤਾਂ ਮੈ ਆਪਣੀ ਕਾਰ ਉਸਨੂੰ ਦੇ ਦੇਣੀ ਹੈ। ਕੀ ਕਰਨੀਆਂ ਹਨ ਆਪਾਂ ਦੋ ਕਾਰਾਂ?" "ਹਾਂ ਦੇ ਦੇਣਾ, ਮੈਂ ਕਦੋਂ ਮਨ੍ਹਾਂ ਕਰਦੀ ਹਾਂ। ਤੁਹਾਡੀ ਅੱਟੀ ਸੱਟੀ ਲਗੀ ਹੋਣੀ ਹੈ, ਪਿਉ-ਪੁੱਤ ਦੀ।"

ਇਸ ਤੋਂ ਪਹਿਲਾਂ ਕਿ ਕਰਿਸਮਿਸ ਤੇ ਸਾਰੇ ਇੱਕਠੇ ਹੋਣ, ਸੁਖਜੀਤ ਬਿਮਾਰ ਹੋ ਗਈ। ਬਿਮਾਰ ਵੀ ਐਸੀ ਕਿ ਹਸਪਤਾਲ ਵਿੱਚ ਦਾਖਲ ਹੋਣਾ ਪਿਆ।

ਬਿਟੂ ਤੇ ਨਿਹਾਲ ਤੇ ਕਰਿਸਮਿਸ ਤੋਂ ਹਫਤਾ ਪਹਿਲਾਂ ਹੀ ਆ ਗਏ ਪਰ ਮਨੀ ਨੇ ਦੋ ਦਿਨ ਪਹਿਲਾਂ ਹੀ ਆਉਣਾ ਸੀ। ਉਸਦੇ ਪਤੀ ਨੂੰ ਛੁੱਟੀ ਨਹੀ ਮਿਲ ਰਹੀ ਸੀ। ਸਭ ਦਾ ਸੁਆਗਤ ਕਰਨ ਲਈ ਘਰ ਵਿੱਚ ਮਨਜੀਤ ਇੱਕਲਾ ਹੀ ਸੀ। ਮਨੀ ਤੋਂ ਛੁੱਟ ਘਰ ਵਿੱਚ ਸਾਰੇ ਸੁਖਜੀਤ ਨੂੰ ਹਸਪਤਾਲ ਮਿਲ ਆਏ ਸਨ। ਸੁਖਜੀਤ ਨੂੰ ਹੁਣ ਨਮੂਨੀਆਂ ਵੀ ਹੋ ਗਿਆ ਸੀ ਤੇ ਉਸਨੂੰ ਵੈਨਟਰੀਲੇਟਰ ਲੱਗਾ ਦਿੱਤਾ ਗਿਆ ਸੀ।

ਬੱਚਿਆਂ ਨਾਲ ਘਰ ਭਰਿਆ ਪਿਆ ਸੀ ਤੇ ਉਹ ਜਿੱਦ ਵੀ ਕਰ ਰਹੇ ਸਨ ਕਿ ਕਰਿਸਮਿਸ ਦੀਆਂ ਲਾਈਟਾਂ ਲਗਾਉਣੀਆਂ ਹਨ।

ਮਨਜੀਤ ਕੁਝ ਵੀ ਬੋਲ ਨਹੀਂ ਰਿਹਾ ਸੀ। ਅੱਜ ਸੁਖਜੀਤ ਦੇ ਬਗੈਰ ਘਰ ਨੇ ਰੌਸ਼ਨ ਹੋਣਾ ਸੀ।

ਨਿਹਾਲ ਤੇ ਬਿੱਟੂ ਨੇ ਸਾਰਾ ਕੰਮ ਟਿਚਣ ਕਰ ਦਿੱਤਾ ਤੇ ਬਟਨ ਦਬਦਿਆਂ ਹੀ ਸਾਰੀਆ ਕਰਿਸਮਿਸ ਲਾਈਟਾਂ ਜਗ ਪਈਆਂ। ਪੌੜੀ ਫੇਰ ਗੈਰਾਜ ਵਿੱਚ ਰੱਖ ਦਿੱਤੀ ਗਈ। ਮਨਜੀਤ ਨੇ ਕਈ ਵਾਰ ਸੋਚਿਆ ਸੀ ਕਿ ਪੌੜੀ ਨੂੰ ਕੰਧ ਨਾਲ ਟੰਗ ਦਿੱਤਾ ਜਾਵੇ। ਕੰਮ ਹੀ ਕਿਤਨਾ ਸੀ? ਤਿੰਨ ਕੁ ਸਪੋਰਟ ਕਿੱਲੀਆਂ ਨਾਲ ਇਹ ਕੰਮ ਹੋ ਜਾਣਾ ਸੀ ਪਰ ਹੁਣ ਹਿੰਮਤ ਹੀ ਨਹੀ ਸੀ।

"ਨਿਹਾਲ, ਜਦੋਂ ਵਕਤ ਮਿਲੇ ਪੌੜੀ ਨੂੰ ਕੰਧ ਤੇ ਟੰਗਣਾ ਹੈ। ਬਹੁਤ ਅੜਿਚਣ ਹੁੰਦੀ ਹੈ, ਇਸ ਨਾਲ।"

"ਜ਼ਰੂਰ ਡੈਡ ਇਹ ਤੇ ਕੰਮ ਹੀ ਕੁਝ ਨਹੀ, ਮੈ ਕੱਲ੍ਹ ਹੀ ਕਰ ਦੇਵਾਂਗਾ।"

"ਹਸਪਤਾਲ ਇਸ ਵੇਲੇ ਕੌਣ ਜਾਵੇਗਾ?" ਬਿਟੂ ਨੇ ਕਿਹਾ।

"ਕਿਉਂ ਦੁਪਿਹਰੇ ਤੇ ਗਏ ਸੀ।"

"ਮੈ ਚਾਹੁੰਦਾ ਹਾਂ ਮੌਮ ਨੂੰ ਫੋਨ ਰਾਹੀਂ ਇਹ ਲਾਈਟਾਂ ਵਿਖਾਈਆਂ ਜਾਣ।"

"ਬਿਟੂ ਮੈ ਜਾਂਦਾ ਹਾਂ।" ਮਨਜੀਤ ਨੇ ਬੜੇ ਹੁਲਾਸ ਤੇ ਚਾਅ ਨਾਲ ਕਿਹਾ।

"ਠੀਕ ਹੈ ਡੈਡ, ਤੁਸੀਂ ਜਾਵੋ ਤੇ ਜਾਕੇ ਫੋਨ ਕਰਿਉ। ਉਸਤੋਂ ਬਾਦ ਮੈ ਵਿਡੀਓ ਕਾਲ ਕਰਾਂਗਾ। ਮੌਮ ਇਹ ਸਾਰੀਆਂ ਰੌਸ਼ਨੀਆਂ ਵੇਖ ਸਕੇਗੀ।"

ਜਦੋਂ ਮਨਜੀਤ ਹਸਪਤਾਲ ਪਹੁੰਚਿਆ ਤਾਂ ਸੁਖਜੀਤ ਨੂੰ ਚਿੱਤ ਚੇਤਾ ਵੀ ਨਹੀ ਸੀ ਕਿ ਇਸ ਵੇਲੇ ਕੋਈ ਆਵੇਗਾ। ਉਹ ਸੋਚਦੀ ਸੀ, ਘਰ ਦੀ ਰੌਣਕ ਛੱਡ ਕੇ ਕੌਣ ਇਸ ਵੇਲੇ ਆਉਂਦਾ ਹੈ। ਮਨਜੀਤ ਨੇ ਆਕੇ ਸੁਖਜੀਤ ਦਾ ਮੋਢਾ ਹਲੂਣਿਆਂ, ਸੁੱਤ ਉਨੀਂਦੇ ਸੁਖਜੀਤ ਨੇ ਅੱਖਾਂ ਖੋਲ੍ਹ ਕੇ ਵੇਖਿਆ ਤੇ ਬੋਲੀ, " ਤੁਸੀਂ ਐਸ ਵੇਲੇ?"

"ਹਾਂ ਸੁਖਜੀਤ, ਮੈ ਐਸ ਵੇਲੇ। ਤੇਰਾ ਸਾਰਾ ਘਰ ਰੌਸ਼ਨੀਆਂ ਨਾਲ ਭਰਿਆ ਹੋਇਆ ਹੈ।"

"ਜੀ ਤੁਸੀਂ ਬਿੱਲੀਆਂ ਨੂੰ ਖਾਣਾ ਤੇ ਪਾ ਦਿੱਤਾ ਸੀ ਕਿ ਨਹੀਂ?" "ਉਹ ਮੈ ਕਿਵੇਂ ਭੁੱਲ ਸਕਦਾ ਹਾਂ,ਸੁਖਜੀਤ?"

"ਸਾਰੇ ਬਹੁਤ ਖੁਸ਼ ਹੋਣਗੇ ਨਾ ਮਨਜੀਤ?"

"ਹਾਂ, ਸਭ ਖੁਸ਼ ਹਨ ਤੇ ਤੁਹਾਨੂੰ ਮਿਸ ਕਰ ਰਹੇ ਹਨ। ਉਨ੍ਹਾਂ ਨੇ ਸਪੈਸ਼ਲ ਇਸ ਵੇਲੇ ਭੇਜਿਆ ਹੈ ਮੈਨੂੰ। ਮੈਂ ਵਿਖਾਉਂਦਾ ਹਾਂ ਤੈਨੂੰ।"

ਮਨਜੀਤ ਨੇ ਬਿੱਟੂ ਨੂੰ ਵਿਡੀਉ ਕਾਲ ਕਰ ਲਈ। ਬਿੱਟੂ ਨੇ ਪਹਿਲੀ ਬੈੱਲ ਤੇ ਹੀ ਫੋਨ ਚੁੱਕ ਲਿਆ।

"ਹੈਲੋ ਮੌਮ"

"ਹੈਲੋ ਮੇਰੇ ਲਾਲ"

"ਨਰਸ ਆ ਗਈ ਤੇ ਬੋਲੀ, " ਤੁਸੀਂ ਬਹੁਤਾ ਨਾ ਬੋਲੋ ਤੇ ਵੈਂਟਰੀਲੇਟਰ ਵੀ ਬਹੁਤਾ ਚਿਰ ਨਹੀ ਹਟਾਉਣਾ।"

"ਕੁਝ ਨਹੀ ਹੁੰਦਾ ਮੈਨੂੰ ਸਿਸ, ਮੇਰੇ ਬੱਚੇ ਹਨ

ਕਰਿਸਮਿਸ ਤੇ ਆਏ ਹੋਏ।"

"ਕਰ ਲਵੋ ਪਰ ਜੇ ਸਾਹ ਔਖਾ ਹੋਇਆ ਤਾਂ ਬੰਦ ਕਰ ਦੇਣਾ ਫੋਨ।"

"ਜਰੂਰ ਸਿਸ, ਤੁਸੀਂ ਚਿੰਤਾ ਨਾ ਕਰੋ, ਮੈਂ ਖਿਆਲ ਰਖਾਂਗਾ।" ਮਨਜੀਤ ਨੇ ਕਿਹਾ।

ਸਾਰੇ ਬੱਚੇ ਹੱਥ ਹਿਲਾ ਕੇ ਆਪਣੀ ਦਾਦੀ ਨੂੰ ਹਾਏ ਬਾਏ ਕਰ ਰਹੇ ਸਨ। ਸੁਖਜੀਤ ਵੀ ਹਾਏ ਬਾਏ ਦਾ ਜੁਆਬ ਦੇ ਰਹੀ ਸੀ ਅਚਾਨਕ ਉਸਨੇ ਪੁੱਛਿਆ, "ਬਿੱਟੂ ਮਨੀ ਨਹੀਂ ਦਿਸ ਰਹੀ?"

"ਮਨੀ ਦੋ ਦਿਨ ਬਾਦ ਆ ਰਹੀ ਹੈ ਮੌਮ, ਅੱਜ ਹੀ ਉਸਦਾ ਫੋਨ ਆਇਆ ਸੀ।" ਉਦੋਂ ਹੀ ਸੁਖਜੀਤ ਨੂੰ ਉਥੂ ਆ ਗਿਆ ਤੇ ਉਸਨੇ ਆਕਸੀਜਨ ਕੈਪ ਚੜ੍ਹਾ ਲਿਆ।ਸੁਖਜੀਤ ਦਾ ਸਾਹ ਤੇਜ ਹੋ ਗਿਆ ਸੀ। ਮਨਜੀਤ ਨੇ ਫੋਨ ਬੰਦ ਕਰ ਦਿੱਤਾ ਤੇ ਸੁਖਜੀਤ ਦੀ ਪੋਲੇ ਪੋਲੇ ਛਾਤੀ ਮਲਣ ਲੱਗਾ। ਸੁਖਜੀਤ ਨੇ ਹੱਥ ਦੇ ਇਸ਼ਾਰੇ ਨਾਲ ਹੀ ਦੱਸਿਆ ਕਿ ਉਹ ਹੁਣ ਠੀਕ ਹੈ, ਸਾਹ ਕਾਬੂ ਵਿੱਚ ਆ ਗਿਆ ਹੈ।

ਸੁਖਜੀਤ ਨੇ ਹੱਥ ਦੇ ਇਸ਼ਾਰੇ ਨਾਲ ਹੀ ਮਨਜੀਤ ਨੂੰ ਕਿਹਾ ਕਿ ਉਹ ਹੁਣ ਜਾਵੇ। ਘਰ ਬੱਚੇ ਆਏ ਹੋਏ ਹਨ।

ਮਨਜੀਤ ਤੁਰ ਪਿਆ ਤੇ ਦਰਵਾਜੇ ਕੋਲ ਜਾ ਕੇ ਉਸਨੇ ਸੁਖਜੀਤ ਵੱਲ ਵੇਖਿਆ ਤੇ ਉਸਦੇ ਕੋਏ ਗਲੇਡੂਆਂ ਨਾਲ ਭਰ ਗਏ।

ਮਨੀ ਇੱਕਲੀ ਆਈ ਸੀ ਤੇ ਉਹ ਸਿੱਧਾ ਹਸਪਤਾਲ ਹੀ ਪਹੁੰਚ ਗਈ। ਉਸਦੇ ਪਤੀ ਨੂੰ ਛੁੱਟੀ ਨਹੀ ਮਿਲੀ ਸੀ। ਇਹ ਮਨੀ ਨੇ ਹੀ ਦਸਿਆ ਸੀ। ਮਨੀ ਕਦੇ ਝੂਠ ਬੋਲਦੀ ਹੀ ਨਹੀਂ ਸੀ। ਉਸਦਾ ਸੱਚ ਸਾਰਿਆਂ ਨੂੰ ਮਾਫ਼ਕ ਵੀ ਸੀ।

ਮਾਂ-ਧੀ ਦੇ ਗੂੜ ਬਾਰੇ ਮਨਜੀਤ ਨੂੰ ਪਤਾ ਸੀ। ਸੁਖਜੀਤ ਦੇ ਮੂੰਹ ਦੀਆਂ ਸਿਲਵਟਾਂ ਨੇ ਮਨਜੀਤ ਨੂੰ ਵੀ ਫ਼ਿਕਰਾਂ ਵਿੱਚ ਪਾ ਦਿੱਤਾ ਸੀ। ਮਨੀ ਖੁਸ਼ ਨਹੀਂ ਸੀ। ਕਾਰਣ ਤੇ ਸਿਰਫ ਮਨੀ ਹੀ ਜਾਣਦੀ ਸੀ। ਸੁਖਜੀਤ ਬਿਨ੍ਹਾਂ ਕਾਰਣ ਜਾਣੇ ਹੀ ਦੁਖੀ ਸੀ ਤੇ ਮਨਜੀਤ, ਸੁਖਜੀਤ ਵੱਲ ਵੇਖਕੇ ਦੁਖੀ ਸੀ। ਇਹ ਕਿਹੋ ਜਿਹੀ ਮਾਂ ਹੈ ਜੋ ਆਪਣੀ ਧੀ ਦਾ ਦੁੱਖ ਵੀ ਆਪਣੇ ਪਤੀ ਨੂੰ ਦੱਸ ਨਹੀਂ ਰਹੀ ਸੀ ਤੇ ਮਨਜੀਤ ਨੇ ਵੀ ਬਹੁਤਾ ਜ਼ੋਰ ਨਹੀਂ ਦਿੱਤਾ, ਹੋਵੇਗੀ ਕੋਈ ਜਨਾਨੀਆਂ ਦੀ ਆਪਸੀ ਗੱਲ, ਜੇ ਨਹੀਂ ਦਸਦੇ ਤਾਂ ਜ਼ਰੂਰ ਜਾਨਣਾ ਹੈ?

ਫੇਰ ਮਨਜੀਤ ਨੇ ਸੁਣਿਆ ਕਿ ਮਨੀ ਬਿਮਾਰ ਹੋ ਗਈ ਹੈ। ਕੋਈ ਮਾਨਸਿਕ ਬਿਮਾਰੀ ਨਾਲ ਪੀੜਤ ਸੀ। ਸੁਖਜੀਤ ਦੀ ਸੇਹਤ ਤੇਜੀ ਨਾਲ ਵਿਗੜਣ ਲੱਗ ਪਈ ਸੀ। ਹਰ ਦੂਜੇ ਤੀਜੇ ਦਿਨ, ਮਨੀ ਦਾ ਫੋਨ ਆ ਜਾਂਦਾ ਤੇ ਉਸਤੋਂ ਬਾਦ ਸੁਖਜੀਤ ਹੋਰ ਵੀ ਚੁੱਪ ਕਰ ਜਾਂਦੀ।

ਜਦੋਂ ਵੀ ਫੋਨ ਆਉਂਦਾ, ਦੋਵੇਂ ਮਾਂ ਧੀ ਲੰਬੀ ਗੱਲ ਬਾਤ ਕਰਦੀਆਂ। ਮਨਜੀਤ ਤੇ ਸ਼ੁਰੂ ਵਿੱਚ ਹੀ ਇੱਕ ਦੋ ਗੱਲਾਂ ਕਰਕੇ ਫੋਨ ਸੁਖਜੀਤ ਨੂੰ ਫੜਾ ਦਿੰਦਾ ਜਿਵੇਂ ਉਸਨੇ ਕੋਈ ਖਾਨਾਪੂਰਤੀ ਹੀ ਕਰਨੀ ਹੋਵੇ ਤੇ ਸੁਖਜੀਤ ਵੀ ਇੰਜ ਫੋਨ ਫੜਦੀ ਜਿਵੇਂ ਰਸਮ ਨਿਭ ਗਈ ਹੈ ਤੇ ਹੁਣ ਉਹ ਵੇਹਲੀ ਹੈ, ਮਨੀ ਨਾਲ ਗੱਲਾਂ ਕਰਨ ਨੂੰ।

ਮਨਜੀਤ ਜਾਂ ਤੇ ਆਪਣੇ ਕੰਮ ਵਿੱਚ ਰੁਝ ਜਾਂਦਾ ਜਾਂ ਆਪਣੇ ਕਮਰੇ ਵਿੱਚ ਚਲੇ ਜਾਂਦਾ ਪਰ ਮਨਜੀਤ ਨੇ ਉਨ੍ਹਾਂ ਦੀ ਆਖਰੀ ਗੱਲਬਾਤ ਕਈ ਵਾਰ ਸੁਣੀ। ਹਰ ਵਾਰ ਇੱਕੋ ਜਿਹੀ ਗੱਲ।

ਸੁਖਜੀਤ ਬਿਮਾਰੀ ਦੀ ਹਾਲਤ ਵਿਚ ਵੀ ਫੋਨ ਬੰਦ ਕਰਨ ਤੋਂ ਪਹਿਲਾਂ ਇਹੋ ਕਹਿੰਦੀ, "ਆਈ ਲਵ ਯੂ ਐਂਡ ਆਈ ਮਿਸ ਯੂ"। ਤੇ ਮਨੀ ਵੀ ਇਹੋ ਕਹਿੰਦੀ,"ਲਵ ਯੂ ਐਂਡ ਮਿਸ ਯੂ ਟੂ, ਮੌਮ"। ਇਸ ਤੋਂ ਬਾਦ ਕੋਸਾ ਹੋਇਆ ਫੋਨ, ਮਨਜੀਤ ਹੀ ਸੁਖਜੀਤ ਦੇ ਹੱਥੋਂ ਫੜ ਕੇ ਥਾਂ ਸਿਰ ਰਖਦਾ।

ਮਨੀ ਦਾ ਫੋਨ ਰੋਜ ਆਉਣ ਲੱਗ ਪਿਆ ਤੇ ਸਮਾਂ ਵੀ ਬਹੁਤਾ ਲਗਦਾ, ਕਦੇ ਕਦੇ ਤੇ ਦੋ ਘੰਟੇ ਵੀ ਬੀਤ ਜਾਂਦੇ।

ਸੁਖਜੀਤ ਦੀਆਂ ਰੈਗੁਲਰ ਦਵਾਈਆਂ ਦੀ ਡੋਜ਼ ਵਧ ਰਹੀ ਸੀ ਤੇ ਫਿਰ ਅਚਾਨਕ ਸੁਖਜੀਤ ਨਿੱਸਲ ਹੀ ਹੋ ਗਈ ਤੇ ਸੁਖਜੀਤ ਨੂੰ ਕਈ ਦਿਨ ਹਸਪਤਾਲ ਰਹਿਣਾ ਪਿਆ ਤੇ ਕਈ ਟੈਸਟ ਹੁੰਦੇ ਤੇ ਮਨਜੀਤ ਰਾਹੀਂ ਸਾਰਿਆਂ ਨੂੰ ਪਤਾ ਲਗਦਾ ਰਹਿੰਦਾ। ਹਰ ਕੋਈ ਆਪਣੇ ਕੰਮਾਂ ਵਿਚ ਬਿਜ਼ੀ ਸੀ ਤੇ ਸਿਰਫ ਮਨੀ ਹੀ ਬਿਜ਼ੀ ਨਹੀ ਲਗਦੀ ਸੀ। ਸੁਖਜੀਤ ਵੀ ਪਹਿਲੀ ਹੀ ਘੰਟੀ ਤੇ ਫੋਨ ਚੁੱਕ ਲੈਂਦੀ।

ਡਾਕਟਰਾਂ ਨੇ ਤੇ ਅਜੇ ਕੁਝ ਨਹੀ ਕਿਹਾ ਸੀ ਪਰ ਮਨਜੀਤ ਨੂੰ ਖੁੜਕ ਗਈ।

ਕਿਹੜੀ ਗੱਲ ਸੁਖਜੀਤ ਨੂੰ ਅੰਦਰੋਂ ਹੀ ਅੰਦਰ ਖਾਈ ਜਾ ਰਹੀ ਸੀ ਇਹ ਸਿਰਫ਼ ਮਨੀ ਜਾਣਦੀ ਸੀ।

ਮਨਜੀਤ ਨੂੰ ਪਤਾ ਸੀ ਕਿ ਸੁਖਜੀਤ ਬਹੁਤ ਹੀ ਚੰਗੀ ਮਾਂ ਹੈ। ਸਾਰੀ ਉਮਰ ਉਸਨੇ ਬੱਚਿਆਂ ਦਾ ਬਹੁਤ ਖਿਆਲ ਰਖਿਆ। ਮਨਜੀਤ ਨਾਲ ਤੇ ਉਸਦੀ ਦੋਸਤੀ ਐਸੀ ਸੀ ਜਿਸ ਨੂੰ ਪਤੀ ਪਤਨੀ ਦੇ ਤਰਾਜੂ ਵਿੱਚ ਤੋਲਿਆ ਹੀ ਨਹੀ ਸੀ ਜਾ ਸਕਦਾ। ਮਨਜੀਤ ਦੇ ਕਦੇ ਝਰੀਟ ਵੀ ਆ ਜਾਂਦੀ ਤਾਂ ਸੁਖਜੀਤ ਦੀ ਨੀਂਦ ਉੱਡ ਜਾਂਦੀ। ਉਹ ਬਹੁਤ ਜਲਦੀ ਬੇਚੈਨ ਹੋ ਜਾਂਦੀ।

ਮਨੀ ਦੇ ਹੋਣ ਤੋਂ ਪਹਿਲਾਂ, ਸੁਖਜੀਤ ਬਹੁਤ ਪ੍ਰੇਸ਼ਾਨ ਹੋ ਗਈ। ਉਸਦੀ ਤੇ ਨੀਂਦ ਹੀ ਉੱਡ ਗਈ।

"ਹੋਇਆ ਕੀ ਹੈ ਤੈਨੂੰ?"

"ਜੀ ਮੈ ਤੀਜਾ ਬੱਚਾ ਚਾਹੁੰਦੀ ਹੀ ਨਹੀ ਹਾਂ। ਕਿਵੇਂ ਪਾਲਾਂਗੇ ਤਿੰਨਾਂ ਨੂੰ? ਮੈ ਤੇ ਬਥੇਰਾ ਬਚਾ ਕੀਤਾ ਪਰ ਪਤਾ ਨਹੀ ਕਿੰਜ ਇਹ ਹੋ ਗਿਆ।"

"ਸੁਖਜੀਤ ਬੱਚੇ ਤੇ ਰੱਬ ਦਾ ਰੂਪ ਹੁੰਦੇ ਹਨ। ਰੱਬ ਉੱਥੇ ਹੀ ਭੇਜਦਾ ਹੈ ਜਿੱਥੇ ਰੱਬ ਨੂੰ ਯਕੀਨ ਹੋਵੇ। ਮੈਂ ਤੇ ਚਹੁੰਦਾ ਹਾਂ ਇਸ ਵਾਰ ਕੁੜੀ ਹੋਵੇ। ਦੋ ਮੁੰਡੇ ਤੇ ਇੱਕ ਕੁੜੀ, ਕਿਤਨਾ

ਸੋਹਣਾ ਪਰਿਵਾਰ ਬਣੇਗਾ ਸਾਡਾ, ਜਿਵੇਂ ਫੁੱਲਾਂ ਦਾ ਗੁਲਦਸਤਾ ਹੋਵੇ।

ਮਨਜੀਤ ਦੀਆਂ ਗੱਲਾਂ ਦਾ ਸੁਖਜੀਤ ਤੇ ਕੋਈ ਅਸਰ ਨਾ ਹੁੰਦਾ ਤੇ ਉਹ ਦੁਖੀ ਹੀ ਰਹਿੰਦੀ। ਮਨਜੀਤ ਉਸਨੂੰ ਕਦੇ ਕਦੇ ਦੁਖਜੀਤ ਕਹਿਕੇ ਛੇੜਦਾ ਵੀ ਤੇ ਗੱਲ ਸਾਰੀ ਉਮਰ ਹੀ ਜਾਰੀ ਰਹੀ।

ਸਾਇਕੈਟਰਿਸਟ ਨੂੰ ਮਿਲਦਿਆਂ ਸੁਖਜੀਤ ਨੇ ਕਿਹਾ, "ਡਾਕਟਰ ਮੈਨੂੰ ਪਤਾ ਹੈ ਮੇਰਾ ਬੱਚਾ ਹੁਣ ਪੇਟ ਵਿੱਚ ਚਾਰ ਮਹੀਨਿਆਂ ਦਾ ਹੈ ਪਰ ਮੈਨੂੰ ਉਸ ਨੂੰ ਨੁਕਸਾਨ ਪਹੁੰਚਾਉਣ, ਆਤਮ ਹੱਤਿਆ ਦੇ ਵਿਚਾਰ ਅਤੇ ਬਹੁਤ ਜ਼ਿਆਦਾ ਚਿੰਤਾ ਬਾਰੇ ਭਿਆਨਕ ਘੁਸਪੈਠ ਵਾਲੇ ਵਿਚਾਰ ਆ ਰਹੇ ਹਨ!"

"ਪਰ ਕਿਉਂ? ਕੋਈ ਤੇ ਕਾਰਣ ਹੋਵੇਗਾ, ਮਿਸਜ ਸੁਖਜੀਤ।"

"ਮੈਨੂੰ ਲਗਦਾ ਹੈ ਕਿ ਕੋਈ ਮੈਨੂੰ ਮਾਰਨ ਦੀ ਕੋਸ਼ਿਸ਼ ਕਰ ਰਿਹਾ ਹੈ।"

"ਸੁਖਜੀਤ, ਮੈਂ ਵੀ ਇੱਕ ਔਰਤ ਹਾਂ ਤੇ ਇੰਡੀਆ ਤੋਂ ਹਾਂ, ਕੀ ਤੁਸੀਂ ਬੱਚੇ ਦੇ ਜੈਂਡਰ ਨੂੰ ਲੈਕੇ ਚਿੰਤਾ ਤੇ ਨਹੀਂ ਕਰ ਰਹੇ?"

"ਨਹੀਂ ਪੂਨਮ ਜੀ, ਅਸੀਂ ਤੇ ਸਗੋਂ ਚਾਹੁੰਦੇ ਹਾਂ ਕੁੜੀ ਹੋਵੇ। ਸਾਡੇ ਅੱਗੇ ਹੀ ਦੋ ਮੁੰਡੇ ਹਨ ਪਰ ਫੇਰ ਵੀ ਬਹੁਤ ਡਰ ਲੱਗ ਰਿਹਾ ਹੈ। ਇੰਜ ਲਗਦਾ ਜਿਵੇਂ ਇਸ ਬੱਚੇ ਦੇ ਜਨਮ ਤੋਂ ਬਾਦ ਮੈ ਬਚਣਾ ਨਹੀ, ਮੈਂ ਮਰ ਜਾਣਾ ਹੈ।"

"ਅਜੀਬ ਗੱਲ ਹੈ, ਮੈਨੂੰ ਤੁਹਾਡੇ ਕੇਸ ਦੀ ਸਮਝ ਕਿਉਂ ਨਹੀ ਆ ਰਹੀ? ਤੁਹਾਡੇ ਪਰਿਵਾਰਕ ਪਿਛੋਕੜ ਵਿੱਚ ਤੇ ਕੋਈ ਵੱਡੀ ਹਲਚਲ ਨਹੀ ਹੋਈ? ਮੇਰੇ ਮਤਲਬ ਜਦੋਂ ਤੁਸੀਂ ਕੁਆਰੇ ਸੀ ਤੇ ਆਪਣੇ ਮਾਂ ਬਾਪ ਕੋਲ ਰਹਿੰਦੇ ਸੀ? ਕੋਈ ਉਨ੍ਹਾਂ ਨਾਲ ਹਾਦਸਾ ਵਾਪਰਿਆ ਹੋਵੇ। ਕਿਸੇ ਰਿਸ਼ਤੇਦਾਰੀ ਵਿੱਚ ਕੋਈ ਘਟਨਾ ਘਟੀ ਹੋਵੇ?"

"ਨਹੀਂ ਐਸੀ ਕੋਈ ਗੱਲ ਨਹੀ। ਤੁਸੀਂ ਇੰਜ ਕਰੋ, ਇੱਕ ਤੇ ਨੀਂਦ ਦੀਆਂ ਗੋਲੀਆਂ ਤੇ ਇੱਕ ਕੋਈ ਡਿਪਰੈਸ਼ਨ ਦੀ ਦਵਾਈ ਦੇ ਦੇਵੋ। ਮੇਰੇ ਖ਼ਿਆਲ ਵਿੱਚ ਮੈਂ ਆਪਣੇ ਆਪ ਨੂੰ ਸੰਭਾਲ ਲਵਾਂਗੀ।"

ਡਾਕਟਰ ਨੇ ਪਰਿਸਕਰਿਸ਼ਨ ਲਿਖਕੇ ਦੇ ਦਿੱਤੀ ਤੇ ਸੁਖਜੀਤ ਕੈਬਿਨ ਤੋਂ ਬਾਹਰ ਆ ਗਈ।

"ਕੀ ਕਿਹਾ ਡਾਕਟਰ ਨੇ?" ਮਨਜੀਤ ਨੇ ਪੁੱਛਿਆ "ਡਾਕਟਰ ਕਹਿੰਦੀ ਹੈ ਸਾਰਾ ਕਸੂਰ ਤੇਰੇ ਘਰਵਾਲੇ ਦਾ ਹੈ। ਉਸਨੂੰ ਕਹੋ ਉਹ ਸੌਣ ਤੋਂ ਪਹਿਲਾਂ ਤੇਰੇ ਵਾਲਾਂ ਵਿੱਚ ਉਂਗਲਾਂ ਫੇਰਿਆ ਕਰੇ, ਜਿਤਨਾ ਚਿਰ ਤੂੰ ਸੌਂ ਨਹੀ ਜਾਂਦੀ। ਜੇ ਤੂੰ ਠੀਕ ਹੋਣਾ ਹੈ ਤਾਂ ਉਸਨੂੰ ਕਹਿ ਤੈਨੂੰ ਰੱਜ ਕੇ ਪਿਆਰ ਕਰੇ, ਤੇਰੀ ਤਾਰੀਫ਼ ਕਰੇ ਤੇ ਤੈਨੂੰ ਸੋਹਣੇ ਸੋਹਣੇ ਕਪੜੇ ਲਿਆ ਕੇ ਦੇਵੇ। ਹੁਣ ਵੇਖ ਲਵੋ, ਮੇਰੀ ਬਿਮਾਰੀ ਦਾ ਇਲਾਜ ਤੁਹਾਡੇ ਕੋਲ ਹੈ।"

ਮਨਜੀਤ ਨੇ ਪਾਰਕਿੰਗ ਵਿੱਚੋਂ ਕਾਰ ਕੱਢਦੇ ਨੇ ਫੇਰ ਅੱਗੇ ਕਰ ਕੇ ਕਾਰ ਬੰਦ ਕਰ ਦਿੱਤੀ ਤੇ ਸੁਖਜੀਤ ਬੋਲੀ, "ਹੁਣ ਕੀ ਹੋਇਆ?"

"ਤੂੰ ਠਹਿਰ ਬਿੰਦ ਕੁ, ਮੈਂ ਡਾਕਟਰ ਦਾ ਧੰਨਵਾਦ ਕਰਕੇ ਆਇਆ।"

ਸੁਖਜੀਤ ਖਿੜ ਖਿੜਾ ਕੇ ਹੱਸ ਪਈ ਤੇ ਉਸਨੇ ਮਨਜੀਤ ਨੂੰ ਘੁੱਟ ਕੇ ਜੱਫੀ ਪਾ ਲਈ ਤੇ ਬੋਲੀ, "ਕੁਝ ਨਹੀ ਹੋਇਆ ਮੈਨੂੰ। ਸਿਰਫ ਬੱਚੇ ਦਾ ਫ਼ਿਕਰ ਕਰਦਿਆਂ ਹੀ ਨੀਂਦ ਡਿਸਟਰਬ ਹੋ ਗਈ। ਹੁਣ ਲਗਦੈ ਮੈ ਠੀਕ ਹਾਂ। ਚਲੋ ਅੱਜ ਕਿਤੋਂ ਆਈਸ ਕਰੀਮ ਖਾਈਏ, ਮੇਰਾ ਦਿਲ ਕਰਦਾ ਹੈ।"

ਸੁਖਜੀਤ ਨੇ ਸੇਹਤਮੰਦ ਧੀ ਨੂੰ ਜਨਮ ਦਿੱਤਾ।

ਮਨਜੀਤ ਹੋਰਾਂ ਦੀ ਇੱਕ ਪਰਿਵਾਰਕ ਰੀਤ ਸੀ। ਉਹ ਹਰ ਬੱਚੇ ਦਾ ਨਾਮ ਦਰਬਾਰ ਸਾਹਿਬ ਤੋਂ ਪਹਿਲੇ ਹੁਕਮ ਦੇ ਪਹਿਲੇ ਅੱਖਰ ਨੂੰ ਲੈ ਕੇ ਹੀ ਰਖਦੇ ਸਨ। ਇਹ ਰੀਤ ਕੈਨੇਡਾ ਆਕੇ ਵੀ ਨਿਭਾਈ ਗਈ। ਸੇਵੇ ਤੇ ਨਿਹਾਲ ਦਾ ਨਾਮ ਇੰਜ ਹੀ ਰਖਿਆ ਸੀ ਤੇ ਹੁਣ ਧੀ ਦਾ ਵੀ ਇੰਜ ਹੀ ਰਖਣਾ ਸੀ, ਮਨਜੀਤ ਤੇ ਇਹੋ ਸੋਚਦਾ ਸੀ ਪਰ ਉਸਨੂੰ ਹੈਰਾਨੀ ਹੋਈ ਜਦੋਂ ਸੁਖਜੀਤ ਨੇ ਹਸਪਤਾਲ ਵਿੱਚ ਹੀ ਉਸਦਾ ਨਾਮ ਮਨੀ ਲਿਖਵਾ ਦਿੱਤਾ। ਜੱਜ

"ਸੁਖਜੀਤ ਨਾਮ ਰੱਖ ਵੀ ਦਿੱਤਾ?"

"ਹਾਂ ਜੀ ਅੱਜਕਲ ਛੋਟੇ ਨਾਮ ਦਾ ਰਿਵਾਜ਼ ਹੈ ਤੇ ਇਹ ਮਨੀ ਨਾਮ ਮੈਨੂੰ ਬਹੁਤ ਚੰਗਾ ਲਗਦਾ ਹੈ, ਉਂਜ ਵੀ ਹੁਣ ਜ਼ਮਾਨਾ ਬਦਲ ਰਿਹਾ ਹੈ, ਸੇਵਾ ਤੇ ਨਿਹਾਲ ਵੀ ਕਹਿੰਦੇ ਹਨ, ਮਨੀ ਨਾਮ ਬਹੁਤ ਸੋਹਣਾ ਹੈ, ਸੋ ਮੈ ਰੱਖ ਦਿੱਤਾ। ਤੁਹਾਨੂੰ ਦਸਿਆ ਹੀ ਨਹੀ, ਸਰਪ੍ਰਾਈਜ਼ ਜੋ ਦੇਣਾ ਸੀ।"

ਘਰ ਵਿੱਚ ਕਰਿਸਮਿਸ ਦੀਆਂ ਲਾਈਟਾਂ ਜਗਮਗ ਜਗਮਗ ਕਰ ਰਹੀਆਂ ਸਨ ਪਰ ਘਰ ਦੀ ਮਾਲਕਣ ਸੁਖਜੀਤ ਹੀ ਘਰ ਨਹੀ। ਮਨਜੀਤ ਨੂੰ ਕੁਝ ਵੀ ਚੰਗਾ ਨਹੀ ਲੱਗ ਰਿਹਾ ਸੀ। ਮਨੀ ਹਸਪਤਾਲ ਹੀ ਸੀ। ਉਸਨੇ ਸਾਰੀ ਰਾਤ ਉੱਥੇ ਹੀ ਰਹਿਣਾ ਸੀ।

ਸਾਰੀ ਰਾਤ ਮਨਜੀਤ ਨੇ ਪਾਸੇ ਮਾਰਦਿਆਂ ਹੀ ਕੱਢੀ।ਸਾਰੀ ਰਾਤ ਘਰ ਵਿੱਚ ਨਿਆਣਿਆਂ ਦੀਆਂ ਕਿਲਕਾਰੀਆਂ ਗੂੰਜਦੀਆਂ ਰਹੀਆਂ। ਸੇਵੇ ਤੇ ਨਿਹਾਲ ਦੇ ਦੋਸਤ ਵੀ ਆਏ ਹੋਏ ਸਨ। ਉਹ ਪੀਂਦੇ ਵੀ ਰਹੇ ਤੇ ਖੜਮਸਤੀਆਂ ਵੀ ਕਰਦੇ ਰਹੇ।

ਮਨੀ ਦੇ ਘਰਵਾਲੇ ਦਾ ਫੋਨ ਵੀ ਆਇਆ ਜਿਸ ਵਿੱਚ ਕੋਈ ਨਿੱਘ ਨਹੀ ਸੀ। ਮਨਜੀਤ ਨੇ ਵੀ ਹੂੰ ਹਾਂ ਕਰਕੇ ਡੰਗ ਟਪਾਇਆ। ਮਨਜੀਤ ਨੂੰ ਲੱਗਿਆ ਜ਼ਰੂਰ ਹੀ ਮਨੀ ਦਾ ਆਪਣੇ ਘਰਵਾਲੇ ਨਾਲ ਕੋਈ ਰੌਲਾ ਹੈ, ਕੀ ਹੈ, ਉਸਨੂੰ ਨਹੀਂ ਪਤਾ, ਸ਼ਾਇਦ ਸੁਖਜੀਤ ਨੂੰ ਪਤਾ ਹੋਵੇ। ਮਨਜੀਤ ਦਿਨ ਚੜ੍ਹਣ ਦਾ ਇੰਤਜਾਰ ਕਰ ਰਿਹਾ ਸੀ। ਘੜੀ ਵੇਖਦਾ ਤਾਂ ਕਦੇ ਇੱਕ ਵੱਜਾ ਹੈ ਕਦੇ ਦੋ ਵੱਜੇ ਹਨ ਪਰ ਦਿਨ ਨਹੀਂ ਚੜ੍ਹ ਰਿਹਾ ਸੀ ਤੇ

ਫੇਰ ਉਸਦੀ ਜਾਗ ਖੁੱਲ ਹੀ ਗਈ ਤੇ ਘੜੀ ਅੱਠ ਵਜਾ ਰਹੀ ਸੀ। ਸਾਰਾ ਘਰ ਹੀ ਸੁੱਤਾ ਪਿਆ ਸੀ। ਮਨਜੀਤ ਨੇ ਕਾਹਲੀ ਨਾਲ ਬੁਰਸ਼ ਕੀਤਾ ਤੇ ਮੂੰਹ ਤੇ ਪਾਣੀ ਦੇ ਛਿੱਟੇ ਮਾਰੇ ਤੇ ਹਸਪਤਾਲ ਨੂੰ ਕਾਰ ਤੋਰ ਲਈ।

ਪਾਰਕਿੰਗ ਤੋਂ ਉਹ ਮੇਨ ਡੋਰ ਵੱਲ ਜਾ ਰਿਹਾ ਸੀ ਕਿ ਰਸਤੇ ਵਿੱਚ ਹੀ ਉਸਨੂੰ ਗੁਰਪ੍ਰੀਤ ਮਿਲ ਪਿਆ।

"ਭਾਈਜਾਨ ਤੁਸੀਂ ਹਸਪਤਾਲ ਕਿਵੇਂ?"

"ਸਾਡਾ ਇੱਕ ਰਿਸ਼ਤੇਦਾਰ, ਬਹੁਤ ਬਿਮਾਰ ਹੈ, ਮੈਂ ਉਸਦਾ ਪਤਾ ਲੈਣ ਆਇਆ ਹਾਂ।"

"ਤੁਸੀਂ ਮੌਨਟਰੀਅਲ ਤੋਂ ਕਦੋਂ ਆਏ? ਐਤਕੀਂ ਸਾਡੇ ਨਹੀਂ ਠਹਿਰੇ?"

"ਰਾਤ ਲੇਟ ਹੋ ਗਿਆ ਸੀ, ਸੋਚਿਆ ਤੁਹਾਡੇ ਘਰ ਬੱਚੇ ਆਏ ਹੋਣਗੇ। ਮੈਂ ਫੇਰ ਮੋਟਲ ਵਿੱਚ ਹੀ ਠਹਿਰ ਗਿਆ। ਮੈਂ ਹੁਣੇ ਹੀ ਵਾਪਸ ਚਲੇ ਜਾਣਾ ਹੈ। ਅਗਲੀ ਵਾਰ ਜ਼ਰੂਰ ਮਿਲਾਂਗਾ।"

ਮਨਜੀਤ ਕੁਝ ਹੋਰ ਕਹਿਣਾ ਚਾਹੁੰਦਾ ਸੀ ਪਰ ਗੁਰਪ੍ਰੀਤ ਜਲਦੀ ਹੀ ਅੱਗੇ ਵਧ ਗਿਆ।"

ਮਨਜੀਤ ਡੂੰਘੀਆਂ ਸੋਚਾਂ ਵਿੱਚ ਪੈ ਗਿਆ। ਗੁਰਪ੍ਰੀਤ ਨੇ ਇੱਕ ਵਾਰ ਵੀ ਸੁਖਜੀਤ ਬਾਰੇ ਨਹੀ ਪੁੱਛਿਆ। ਐਲੀਵੇਟਰ ਵਿੱਚ ਚੜ੍ਹਿਆਂ ਵੀ ਉਹ ਹੋਰ ਸੋਚਾਂ ਵਿੱਚ ਗੜੂੰਦ ਸੀ। ਤੀਜਾ ਫਲੋਰ ਕਦੋਂ ਆਇਆ ਉਸਨੂੰ ਪਤਾ ਹੀ ਨਹੀ ਲੱਗਾ। ਗੁਰਪ੍ਰੀਤ ਤੇ ਸੁਖਜੀਤ ਇੰਡੀਆ ਵਿੱਚ ਗੁਆਂਢੀ ਸਨ। ਇੱਕਠੇ ਇੱਕੋ ਕਾਲਜ ਵਿੱਚ ਪੜ੍ਹਦੇ ਵੀ ਰਹੇ।

ਸੁਖਜੀਤ ਆਪਣੇ ਬੈੱਡ ਤੇ ਨਿਢਾਲ ਪਈ ਸੀ ਤੇ ਮਨੀ ਉਸਦੇ ਕੋਲ ਬੈਠੀ ਹੋਈ ਸੀ। ਉਹ ਉੱਠ ਕੇ ਡੈਡ ਨੂੰ ਮਿਲੀ। ਫੁੱਲਾਂ ਦਾ ਬੁੱਕਾ ਟੇਬਲ ਤੇ ਪਿਆ ਸੀ।

"ਆ ਫੁੱਲ?"

"ਇਹ ਡੈਡ ਮੈਂ ਕੱਲ ਲੈ ਕੇ ਆਈ ਸੀ, ਮੌਮ ਵਾਸਤੇ।"

"ਹੁਣ ਹਾਲ ਕੀ ਹੈ ਤੇਰੀ ਮੌਮ ਦਾ?"

"ਅੱਧੀ ਰਾਤ ਤੱਕ ਤੇ ਔਖੀ ਸੀ ਪਰ ਬਾਦ ਵਿੱਚ ਮੌਰਫਿਨ ਦੇ ਇਜ਼ੈਕਸ਼ਨ ਨਾਲ ਘੂਕੀ ਚੜ ਗਈ। ਹੁਣੇ ਜਾਗੀ ਹੈ ਤੁਹਾਡੇ ਆਉਣ ਤੋਂ ਪੰਜ ਕੁ ਮਿੰਟ ਪਹਿਲਾਂ।"

ਮਨਜੀਤ ਕੁਰਸੀ ਤੇ ਬੈਠ ਗਿਆ ਤੇ ਉਸਨੇ ਸੁਖਜੀਤ ਦਾ ਹੱਥ ਘੁਟ ਕੇ ਫੜ ਲਿਆ। ਸੁਖਜੀਤ ਨੇ ਵੀ ਕਮਜ਼ੋਰ ਜਿਹੀ ਦਾਬ ਦਿੱਤੀ। ਦਾਬ ਵਿੱਚ ਨਿੱਘ ਸੀ, ਸੁਖਜੀਤ ਦੀਆਂ ਅੱਖਾਂ ਵਿੱਚ ਮਨਜੀਤ ਲਈ ਅੰਤਾਂ ਦਾ ਪਿਆਰ ਸੀ।

"ਮਨੀ ਤੂੰ ਥੱਕੀ ਹੋਵੇਂਗੀ, ਮੈ ਬੈਠਦਾ ਹਾਂ ਹੁਣ, ਤੂੰ ਮੇਰੀ ਕਾਰ ਲੈਕੇ ਘਰ ਚਲੀ ਜਾ, ਘੜੀ ਪਲ ਆਰਾਮ ਕਰ ਲੈ।"

"ਠੀਕ ਹੈ ਡੈਡ, ਹੁਣ ਬੈਠੋ ਤੁਸੀਂ ਮੌਮ ਦੇ ਸਿਰਹਾਣੇ, ਮੈ ਆ ਜਾਵਾਂਗੀ ਦੁਪਿਹਰ ਤੱਕ।"

ਮਨੀ ਚਲੇ ਗਈ ਤੇ ਮਨਜੀਤ ਨੇ ਸੁਖਜੀਤ ਦੇ ਵਾਲਾਂ ਵਿੱਚ ਉਂਗਲਾਂ ਫੇਰਨੀਆਂ ਸ਼ੁਰੂ ਕਰ ਦਿੱਤੀਆਂ। ਕੋਸੇ ਮੋਟੇ ਅੱਥਰੂ ਸੁਖਜੀਤ ਦੀਆਂ ਗੱਲਾਂ ਤੇ ਤੁਰ ਪਏ।

ਨੌਂ ਕੁ ਵਜੇ ਸੁਖਜੀਤ ਦੀ ਸਫਾਈ ਕਰਨ ਵਾਲੀ ਨਰਸ ਆ ਗਈ ਤੇ ਉਸ ਨੇ ਸਾਰੇ ਬੈੱਡ ਨੂੰ ਪਰਦੇ ਨਾਲ ਕਵਰ ਕਰ ਦਿੱਤਾ। ਜਿਉਂ ਹੀ ਪਰਦਾ ਹੋਇਆ ਮਨਜੀਤ ਨੇ ਫੁੱਲਾਂ ਦੇ ਬੁੱਕੇ ਨੂੰ ਚੁੱਕ ਕੇ ਧਿਆਨ ਨਾਲ ਵੇਖਿਆ। ਚਾਰੇ ਪਾਸੇ ਵੇਖਿਆ, ਉਸਨੂੰ ਸਾਰੇ ਪਾਸੇ ਫੁੱਲ ਹੀ ਦਿਸੇ। ਉਹ ਫੁੱਲਾਂ ਨੂੰ ਕੁਝ ਪੁੱਛਣਾ ਚਾਹੁੰਦਾ ਸੀ ਪਰ ਫੁੱਲ ਖਾਮੋਸ਼ ਰਹੇ। ਮਨਜੀਤ ਨੂੰ ਇੱਕ ਅਚਵੀ ਜਿਹੀ ਲੱਗ ਗਈ। ਮਨਜੀਤ ਉੱਠਕੇ ਥੱਲੇ ਕਾਫੀ ਲੈਣ ਚਲੇ ਗਿਆ। ਕਾਫੀ ਲੈਕੇ ਉਹ ਫਲਾਵਰ ਸ਼ਾਪ ਵਿੱਚ ਵੜ ਗਿਆ। ਕੋਈ ਵੀ ਫੁੱਲ ਉਸਦੀ ਜਾਣ ਪਛਾਣ ਵਾਲਾ ਨਹੀ ਸੀ।

ਉਹ ਉੱਪਰ ਆ ਗਿਆ। ਪਰਦਾ ਹਟ ਚੁੱਕਾ ਸੀ। ਉਸਨੂੰ ਆਇਆ ਵੇਖਕੇ, ਨਰਸ ਵੀ ਆ ਗਈ ਤੇ ਬੋਲੀ, "ਮਿਸਟਰ ਮਨਜੀਤ, ਡਾਕਟਰ ਨੇ ਤੁਹਾਡੇ ਨਾਲ ਗੱਲ ਕਰਨੀ ਹੈ। ਤੁਹਾਡੀ ਬੇਟੀ ਨਾਲ ਵੀ। ਹੋਰ ਕੌਣ ਹੈ ਤੁਹਾਡੇ ਪਰਿਵਾਰ ਵਿੱਚ?"

" ਜੀ ਦੋ ਬੇਟੇ ਹਨ, ਉਹ ਵੀ ਕਰਿਸਮਿਸ ਕਰਕੇ ਆਏ ਹੋਏ ਹਨ।"

"ਜ਼ਰੂਰੀ ਤੇ ਨਹੀ ਪਰ ਹੋ ਸਕੇ ਤਾਂ ਉਨ੍ਹਾਂ ਨੂੰ ਵੀ ਸੱਦ ਲਵੋ।"

"ਕੋਈ ਚਿੰਤਾ ਵਾਲੀ ਗੱਲ ਹੈ?"

"ਜੀ ਇਹ ਮੈ ਕਿਵੇਂ ਦੱਸ ਸਕਦੀ ਹਾਂ? ਡਾਕਟਰ ਹੀ ਦੱਸੇਗਾ।"

"ਠੀਕ ਹੈ ਜੀ ਮੈ ਸੱਦ ਲੈਂਦਾ ਹਾਂ, ਡਾਕਟਰ ਕਦੋਂ ਆਵੇਗਾ?"

"ਜਦੋਂ ਤੁਸੀਂ ਕਹੋਗੇ?"

" ਮੈਂ ਫੋਨ ਕਰਦਾ ਹਾਂ, ਘੰਟੇ ਕੁ ਤੱਕ ਆ ਜਾਣਗੇ ਮੇਰੇ ਦੋਵੇਂ ਬੇਟੇ।"

ਮਨਜੀਤ ਨੇ ਘਰ ਫੋਨ ਕਰ ਦਿੱਤਾ ਤੇ ਚਾਲੀ ਕੁ ਮਿੰਟ ਵਿੱਚ, ਨਿਹਾਲ, ਸੇਵਾ ਤੇ ਮਨੀ ਆ ਗਏ। ਨਰਸ ਨੇ ਵੇਖ ਲਿਆ ਤੇ ਉਨ੍ਹਾਂ ਨੂੰ ਲੈਕੇ ਮੀਟਿੰਗ-ਰੂਮ ਵਿੱਚ ਲੈ ਗਈ ਤੇ ਬੋਲੀ, "ਤੁਸੀਂ ਬੈਠੋ ਇੱਥੇ, ਡਾਕਟਰ ਸਾਹਿਬ ਆਉਂਦੇ ਹਨ ਦਸ ਕੁ ਮਿੰਟ ਤੱਕ।"

"ਮਿਸਟਰ ਮਨਜੀਤ, ਚੰਗਾ ਹੋਇਆ ਤੁਸੀਂ ਸਾਰੇ ਆ ਗਏ। ਗੱਲ ਇੰਜ ਹੈ ਕਿ ਤੁਹਾਡੀ ਵਾਈਫ਼ ਸੁਖਜੀਤ ਦੀ ਹਾਲਤ ਸਿਰੀਅਸ ਹੈ। ਕੈਂਸਰ ਸਾਰੇ ਸਰੀਰ ਵਿੱਚ ਫੈਲ ਗਿਆ ਹੈ। ਦੋ ਹੱਲ ਹਨ ਇੱਕ ਤੇ ਇਲਾਜ਼ ਕੀਤਾ ਜਾਵੇ ਤੇ ਦੂਜਾ ਹੈ ਇਜ਼ੀ ਰਹਿਕੇ ਇੰਤਜ਼ਾਰ ਕੀਤੀ ਜਾਵੇ। ਇਲਾਜ਼ ਬਹੁਤ ਤਕਲੀਫ ਦੇਹ ਹੈ ਤੇ ਬਚਣ ਦੇ ਚਾਂਨਸ ਵੀ ਬਹੁਤ ਥੋੜੇ ਹਨ।"

"ਤੁਸੀਂ ਕੀ ਰਿਕਮੈਂਡ ਕਰਦੇ ਹੋ?" ਨਿਹਾਲ ਨੇ

ਪੁੱਛਿਆ।

"ਜੀ ਮੈ ਚਾਹੁੰਦਾ ਹਾਂ ਤੁਹਾਡੀ ਮੌਮ ਨੂੰ ਤਕਲੀਫ ਤੋਂ ਬਚਾਇਆ ਜਾਵੇ।"

"ਕਿਤਨਾ ਕੁ ਵਕਤ ਹੈ ਮੌਮ ਕੋਲ?" ਮਨੀ ਨੇ ਪੁੱਛਿਆ।

"ਇਹੀ ਕੋਈ ਤਿੰਨ ਤੋਂ ਚਾਰ ਹਫਤੇ।"

"ਠੀਕ ਹੈ ਡਾਕਟਰ, ਇਜ਼ੀ ਹੀ ਰਹੋ। ਮੌਮ ਨੇ ਅੱਗੇ ਹੀ ਬਹੁਤ ਤਕਲੀਫ ਝੱਲੀ ਹੈ, ਹੁਣ ਹੋਰ ਨਹੀ।" ਮਨੀ ਨੇ ਕਿਹਾ।

"ਕਿਵੇਂ ਮਨਜੀਤ, ਕੀ ਤੁਸੀਂ ਆਪਣੀ ਡਾਟਰ ਦੇ ਫੈਸਲੇ ਨਾਲ ਸਹਿਮਤ ਹੋ?"

ਮਨਜੀਤ ਦੀਆਂ ਅੱਖਾਂ ਛਲਕ ਪਈਆਂ ਤੇ ਉਹ ਬੋਲਿਆ, "ਠੀਕ ਹੈ ਡਾਕਟਰ ਜਿਵੇਂ ਸਾਰੇ ਠੀਕ ਸਮਝਣ।"

ਨਿਹਾਲ ਤੇ ਸੇਵਾ ਅਜੇ ਵੀ ਚੁੱਪ ਸਨ। ਉਨ੍ਹਾਂ ਦੀ ਚੁੱਪ ਵੇਖਕੇ ਡਾਕਟਰ ਨੇ ਫਾਇਲ ਤੇ ਕੁਝ ਲਿਖਿਆ ਤੇ ਬੋਲਿਆ, " ਤੁਹਾਡਾ ਫੈਸਲਾ ਵਧੀਆ ਹੈ, ਜੇ ਮੈਂ ਹੁੰਦਾ ਤਾਂ ਮੈਂ ਵੀ ਇਹੋ ਫੈਸਲਾ ਲੈਂਦਾ, ਓਕੇ ਮਨਜੀਤ, ਮਨੀ, ਨਿਹਾਲ ਤੇ ਸੇਵਾ ਗੁਡ ਲੱਕ, ਹੁਣ ਮੈਂ ਚਲਦਾ ਹਾਂ।" ਇਤਨਾ ਕਹਿ ਕੇ ਡਾਕਟਰ ਚਲੇ ਗਿਆ।

ਮਨੀ ਨੂੰ ਛੱਡਕੇ ਸਾਰੇ ਘਰ ਆ ਗਏ। ਮਨਜੀਤ ਨੇ ਲੰਘਦੇ ਹੋਏ ਗੈਰਾਜ ਵਿੱਚ ਝਾਤੀ ਮਾਰੀ। ਬਾਕੀ ਸਮਾਨ ਉਂਜ ਹੀ ਸੀ ਜਿਵੇਂ ਸੁਖਜੀਤ ਛੱਡ ਕੇ ਗਈ ਸੀ। ਪੌੜੀ ਸਮਾਨ ਉੱਤੇ ਵਿੰਗੇ ਟੇਢੇ ਢੰਗ ਨਾਲ ਪਈ ਸੀ।

ਕਿਰਸਮਿਸ ਲੰਘ ਗਈ ਤੇ ਫੇਰ ਨਵਾਂ ਸਾਲ ਵੀ ਚੜ੍ਹ ਗਿਆ। ਸੁਖਜੀਤ ਨੂੰ ਬੈੱਡ ਤੇ ਛੱਡਕੇ ਸਾਰੇ ਚਲੇ ਗਏ। ਇਹ ਕਹਿਕੇ ਕਿ ਉਹ ਫੇਰ ਆਉਣਗੇ।

ਮਨੀ ਜਾਣਾ ਤੇ ਨਹੀ ਚਾਹੁੰਦੀ ਸੀ ਪਰ ਉਸਨੂੰ ਵੀ ਜਾਣਾ ਪਿਆ। ਸਿਰਫ ਮਨਜੀਤ ਹੀ ਸੀ ਜੋ ਕਦੇ ਘਰ ਤੇ ਕਦੇ ਹਸਪਤਾਲ ਹੁੰਦਾ, ਦਿਨ ਗਿਣਦਾ ਤੇ ਇੰਤਜ਼ਾਰ ਉਸਨੂੰ ਵੀ ਕਰਨੀ ਪੈ ਰਹੀ ਸੀ।

ਸੁਖਜੀਤ ਦੀ ਹਾਲਤ ਦਿਨੋ ਦਿਨ ਵਿਗੜ ਰਹੀ ਸੀ। ਮਨੀ ਦੇ ਫੋਨ ਤੇ ਉਹ ਸਿਰਫ ਇਹੋ ਕਹਿੰਦੀ, "ਹਾਏ ਮਨੀ ਆਈ ਲਵ ਯੂ ਐਂਡ ਆਈ ਮਿਸ ਯੂ, ਪਲੀਜ਼ ਕਮ ਐਂਡ ਸੀ ਮੀ।"

ਫਿਰ ਇੱਕ ਦਿਨ ਸੁਖਜੀਤ ਨੇ ਮਨੀ ਨੂੰ ਬਹੁਤ ਹੀ ਹੌਲੀ ਅਵਾਜ਼ ਵਿੱਚ ਕਿਹਾ, "ਬਾਏ ਮਨੀ ਆਈ ਲਵ ਯੂ ਐਂਡ ਆਈ ਮਿਸ ਯੂ।"

ਮਨੀ ਨੂੰ ਇੰਝ ਲਗਾ ਕਿ ਮੌਮ ਨੂੰ ਕੋਈ ਗਲਤੀ ਲਗ ਗਈ ਹੈ, ਉਸਨੇ ਕਦੇ ਵੀ ਬਾਏ ਨਹੀਂ ਕਿਹਾ ਸੀ ਪਹਿਲਾਂ।

ਮਨਜੀਤ ਨੂੰ ਵੀ ਬਾਏ ਅਜੀਬ ਲੱਗਾ। ਉਹ ਚਾਹੁੰਦਾ ਸੀ ਸੁਖਜੀਤ ਜਾਂਦੇ ਹੋਏ ਉਸਨੂੰ ਕੁਝ ਕਹੇ ਪਰ ਸੁਖਜੀਤ ਕੁਝ ਵੀ ਕਹਿਣ ਦੀ ਹਾਲਤ ਵਿੱਚ ਹੀ ਨਹੀ ਸੀ।

ਅਗਲੇ ਦਿਨ ਹੀ ਮਨੀ ਨੇ ਜਹਾਜ਼ ਫੜ ਲਿਆ ਤੇ ਦੁਪਿਹਰੋਂ ਬਾਦ ਉਹ ਹਸਪਤਾਲ ਪਹੁੰਚ ਗਈ। ਮੌਮ ਨੂੰ ਰੈਸਪੀਰੇਟਰ ਤੇ ਲਾਇਆ ਸੀ ਤੇ ਕਿਉਂਕਿ ਬਹੁਤ ਦਰਦ ਸੀ ਇਸ ਲਈ ਮੌਮ ਨੂੰ ਮਾਰਫੀਅਨ ਦਿੱਤੀ ਹੋਈ ਸੀ ਤੇ ਉਹ ਬੁਨਿਆਦੀ ਤੌਰ ਤੇ ਬੇਹੋਸ਼ ਹੀ ਸੀ। ਇੱਕ ਦਿਨ ਬਾਦ ਉਸਦੇ ਲਿਵਰ ਨੇ ਕੰਮ ਕਰਨਾ ਬੰਦ ਕਰ ਦਿੱਤਾ ਤੇ ਉਸਦੇ ਹੋਰ ਅੰਗ ਵੀ ਮੁਰਦੇਹਾਣੀ ਵਿਚ ਸਨ। ਡਾਕਟਰਾਂ ਨੇ ਕਿਸੇ ਕਾਰਣ, ਮੌਮ ਨੂੰ ਨਾਲੀ ਰਾਹੀਂ ਖੁਰਾਕ ਦੇਣੀ ਵੀ ਬੰਦ ਕਰ ਦਿੱਤੀ ਤੇ ਲਗਦਾ ਨਹੀਂ ਸੀ ਕਿ ਮੌਮ ਹੁਣ ਕਦੇ ਵੀ ਹੋਸ਼ ਵਿਚ ਆਉਣਗੇ। ਡਾਕਟਰ ਨੇ ਵੀ ਸੁਖਜੀਤ ਦੇ ਨੀਲੇ ਹੋ ਰਹੇ ਨੌਹਾਂ ਨੂੰ ਵੇਖਦਿਆਂ ਕਿਹਾ, ਮਿਸਟਰ ਮਨਜੀਤ, ਕਿਸੇ ਨੇ ਮਿਲਣਾ ਹੈ ਤੇ ਸੱਦ ਲਵੋ। ਤੁਸੀਂ ਹੁਣ ਕਿਤੇ ਨਾ ਜਾਇਉ। ਆਖਰੀ ਘੰਟੇ ਸ਼ੁਰੂ ਹੋ ਗਏ ਹਨ।।"

ਮੌਮ ਨੂੰ ਜ਼ਿੰਦਾ ਰਖਣ ਲਈ ਸਿਰਫ ਆਕਸੀਜਨ ਹੀ ਦਿੱਤੀ ਜਾ ਰਹੀ ਸੀ। ਡੈਡ ਤੇ ਮਨੀ ਦੇ ਦੋਵੇਂ ਭਰਾ ਵੀ ਆ ਗਏ ਸਨ। ਕੋਈ ਵੀ ਇਹ ਗੱਲ ਨਹੀ ਕਰ ਰਿਹਾ ਸੀ ਕਿ ਹੁਣ ਸਾਨੂੰ ਕੀ ਕਰਨਾ ਚਾਹੀਦਾ ਹੈ। ਮਨੀ ਨੇ ਮੌਮ ਦੇ ਕੰਨ ਕੋਲ ਉਸਨੂੰ ਅਵਾਜ਼ ਲਗਾਈ। ਸਭ ਕੁਝ ਹੱਥੋਂ ਕਿਰ ਰਿਹਾ ਸੀ। ਵੇਖਦਿਆਂ ਵੇਖਦਿਆਂ ਸੁਖਜੀਤ ਨੇ ਪ੍ਰਾਣ ਤਿਆਗ ਦਿੱਤੇ।

ਆਖਰੀ ਸਾਹ ਤੋਂ ਪੰਦਰਾਂ ਮਿੰਟ ਪਹਿਲਾਂ ਉਸਦਾ ਸਾਹ ਵੀ ਹੌਲੀ ਹੋ ਗਿਆ ਸੀ। ਫਿਰ ਸਾਹ ਰੁਕ ਗਿਆ ਤੇ ਫਿਰ ਦਿਲ ਦੀ ਧੜਕਣ ਵੀ ਰੁਕ ਗਈ। ਡਾਕਟਰ ਨੇ ਆ ਕੇ ਦੱਸ ਦਿੱਤਾ ਕਿ ਸੁਖਜੀਤ ਜਾ ਚੁਕੀ ਹੈ।

ਮਨਜੀਤ ਨੇ ਸਾਰਿਆਂ ਨੂੰ ਕਿਹਾ ਕਿ ਮੈਂ ਕੁਝ ਮਿੰਟ ਇੱਕਲਿਆਂ ਗੁਜ਼ਾਰਨਾ ਚਾਹੁੰਦਾ ਹਾਂ। ਸਾਰੇ ਕਮਰੇ ਤੋਂ ਬਾਹਰ ਚਲੇ ਗਏ। ਤਿੰਨ ਘੰਟੇ ਹੀ ਰਹਿ ਸਕਦੇ ਸਨ।

ਮਨਜੀਤ ਨੇ ਜਾਣ ਤੋਂ ਪਹਿਲਾਂ ਆਪਣਾ ਹੱਥ ਉਸਦੀ ਛਾਤੀ ਤੇ ਰਖਿਆ ਤੇ ਕਿਹਾ, "ਬਾਏ ਸੁਖਜੀਤ, ਆਈ ਲਵ ਯੂ ਐਂਡ ਆਈ ਮਿਸ ਯੂ।"


ਇਹ ਹੀ ਸੁਖਜੀਤ ਦੇ ਅਖੀਰਲੇ ਸ਼ਬਦ ਮਨੀ ਲਈ ਸਨ ਤੇ ਇਹੋ ਅਖੀਰਲੇ ਸ਼ਬਦ ਮਨਜੀਤ ਨੇ ਬੋਲ ਦਿੱਤੇ।

ਇਹ ਹੀ ਸੱਚ ਹੈ ਤੇ ਸਦਾ ਇਹ ਹੀ ਸੱਚ ਰਹੇਗਾ। ਮਨਜੀਤ ਬੁੜਬੜਾਇਆ।

ਮੈਂ ਤੈਨੂੰ ਪਿਆਰ ਕਰਦਾ ਹਾਂ ਅਤੇ ਤੈਨੂੰ ਹਮੇਸ਼ਾਂ ਮਿਸ ਕਰਾਂਗਾ, ਮੇਰੀ ਖਾਹਿਸ਼ ਹੈ ਕਿ ਇਹ ਗੱਲ ਮੈਂ ਤੇਰੀ ਰੂਹ ਨੂੰ ਦੱਸ ਸਕਾਂ ਤੇ ਦੱਸਦਿਆਂ ਹੋਰ ਵੀ ਬਹੁਤ ਕੁਝ ਦੱਸਾਂ, ਢੇਰ ਸਾਰੀਆਂ ਗੱਲਾਂ ਕਰਾਂ। ਤੂੰ ਤੇ ਨਾਤਾ ਹੀ ਤੋੜ ਗਈ। ਪੌੜੀ ਤੇ ਉਂਜ ਹੀ ਪਈ ਹੈ ਤੇਰੇ ਪਿੱਤਲ ਦੇ ਭਾਂਡਿਆਂ ਤੇ। ਇਹ ਪੌੜੀ ਤੇ ਸਿਰਫ਼ ਮਨੀ ਹੀ ਟੰਗ ਸਕਦੀ ਹੈ। ਜੇ ਪੌੜੀ ਨਾ ਟੰਗੀ ਗਈ ਤਾਂ ਰਹਿੰਦੀ ਉਮਰ ਮੈਂ ਵੀ ਇਸ ਪੌੜੀ ਤੇ ਕਦੇ ਚੜ੍ਹਦਾ ਰਹਾਂਗਾ ਤੇ ਕਦੇ ਉਤਰਦਾ ਰਹਾਂਗਾ।

**001-416-666-9568**

# ਕਵਿਤਾਵਾਂ / ਗੁਰਨਾਮ ਢਿੱਲੋਂ



## ਜੀਵਨ ਬਸਰ

ਡਾਢਾ ਅਚੰਭਿਤ, ਹੈਰਾਨ ਸੀ ਮੈਂ
ਕਿਸ ਜਗਾਹ ਬਿਰਾਜਮਾਨ ਸੀ ਮੈ
ਓਥੇ ਮੇਰਾ ਕਿਹੜਾ ਕਾਰੂੰ ਦਾ
ਖ਼ਜ਼ਾਨਾ ਦੱਬਿਆ ਪਿਆ ਸੀ
ਜਿਸ ਜਗਾਹ ਬਿਰਾਜਮਾਨ ਸੀ ਮੈਂ
ਉਫ਼! ਓਥੇ ਭਲਾ ਮੈਂ
ਕਿਹੜਾ ਸੂਰਜ ਭਾਲ ਰਿਹਾ ਸੀ
ਕਿਹੜੇ ਬੇਸ਼ਕੀਮਤੀ
ਕੰਮ ਦੀ ਕੁਠਾਲੀ ਵਿਚ
ਮੈਂ, ਆਪਣੀ ਕਾਇਆ ਢਾਲ ਰਿਹਾ ਸੀ
ਕੌਣ ਮੈਨੂੰ ਗੁਪਤ ਛੁਰੀ ਨਾਲ
ਕਿਸ਼ਤਾਂ ਵਿਚ ਜਿਬ੍ਹਾ ਕਰ ਰਿਹਾ ਸੀ
ਮੈਂ ਕਿਉਂ ਕਤਰਾ ਕਤਰਾ, ਰੀਂਘ ਰੀਂਘ,
ਤਿਲ ਤਿਲ ਮਰ ਰਿਹਾ ਸੀ
ਫਿਰ ਉਹ ਮੈਨੂੰ ਇੱਕੋ ਵਾਰੀ
ਇਕ ਡੂੰਘੇ ਤਲਾ ਵਿਚ ਡੋਬ-ਮਾਰਨ ਦਾ
ਯਤਨ ਕਰ ਰਹੇ ਸਨ
ਮੈਂ ਫਿਰ ਵੀ ਵਾਰ ਵਾਰ
ਉੱਭਰ ਰਿਹਾ ਸੀ, ਤਰ ਰਿਹਾ ਸੀ
ਉਹ ਸੂਖਮ ਤਸ਼ੱਦਦ ਦੇ
ਪਟੇ ਮਾਰ ਰਹੇ ਸਨ
ਹਾਇ! ਮੈਂ ਏਨਾ ਦਰਦ ਵੀ
ਰੂਹ 'ਤੇ ਜਰ ਰਿਹਾ ਸੀ
ਅਚਾਨਕ ਉੱਠ ਕੇ ਮੈਂ ਬਾਗੀ
ਡਗਰ 'ਤੇ ਤੁਰ ਪਿਆ ਸੀ
ਡਗਮਗਗਾਉਂਦੇ ਕਦਮਾਂ ਨੂੰ
ਕਰ ਤਾਲਬੱਧ ਰਿਹਾ ਸੀ
ਇਹ ਕੈਸਾ ਅਨੋਖਾ ਅਨੁਭਵ ਹੈ ਜਿਹੜਾ
ਮੇਰੇ ਮਨ ਦੀ ਕੂਲੀ ਦੇਹੀ ਨਾਲ ਗਲਵਕੜੀ ਪਾਈ
ਅੱਜ ਮੇਰੇ ਅੰਗ-ਸੰਗ ਵਿਚਰ ਰਿਹਾ ਹੈ
ਇਹ ਕੈਸੀ ਸੁਲੱਖਣੀ ਸੰਘਰਸ਼ਸ਼ੀਲ ਘੜੀ ਹੈ
ਜਿਸ ਵਿੱਚੋਂ ਮੈਂ ਗੁਜ਼ਰ ਰਿਹਾ ਹਾਂ
ਸਾਹਾਂ ਦੀ ਡੋਰੀ ਜੋੜ ਜੋੜ
ਜੀਵਨ ਬਸਰ ਕਰ ਰਿਹਾ ਹਾਂ।

## ਰਸੀਦ

ਅਸੀਂ ਕੋਈ ਅੰਬਰ ਤੋਂ
ਚਮਤਕਾਰੀ ਬਿਜਲੀ ਬਣ ਉਤਰੇ
ਵਿਸ਼ੇਸ਼, ਅਨੋਖੇ, ਕਲਪਿਤ,
ਕਰਾਮਾਤੀ ਦੇਵਤੇ ਨਹੀਂ
ਇਹ ਨਹੀਂ ਕਿ ਸਾਡੇ ਦਿਲ ਦੇ ਸਾਗਰ ਵਿਚ
ਲਹਿਰਾਂ ਨਹੀਂ ਉੱਠਦੀਆਂ
ਜਵਾਰਭਾਟੇ ਨਹੀਂ ਆਉਂਦੇ
ਜਜ਼ਬੇ ਨਹੀਂ ਪਿਘਲਦੇ,
ਭਿੜਦੇ, ਤਿਲਮਲਾਉਂਦੇ
ਜਗਦੀਆਂ-ਬੁੱਝਦੀਆਂ ਨਹੀਂ ਮੋਮਬੱਤੀਆਂ,
ਤੇ ਅਨਾਰ ਨਹੀਂ ਖਿੜਦੇ
ਨਜ਼ਰਾਂ ਦੇ ਇਰਦ-ਗਿਰਦ
ਝੂਮਦੇ ਜੋ ਸੁੰਦਰ,
ਸ਼ੋਖ ਨਕਸ਼ੇ, ਦਿਲਕਸ਼ ਨਜ਼ਾਰੇ
ਪੰਛੀਆਂ ਦੇ ਰਸਭਿੰਨੇ, ਮਿੱਠੜੇ ਗੀਤ
ਸਾਨੂੰ ਵੀ ਨੇ ਖਿੱਚ ਪਾਉਂਦੇ
ਸਾਨੂੰ ਵੀ ਨੇ ਲਗਦੇ ਪਿਆਰੇ
ਪਰੰਤੂ ਕੀ ਦੱਸੀਏ!
ਕੀ ਕਰੀਏ!! ਕਿਵੇਂ ਰੁਕੀਏ!!!
ਕਿ ਦੁੱਖ-ਦਰਦ ਸੁੱਕੇ ਰੁੱਖਾਂ ਦਾ
ਜ਼ਖਮੀ ਹੋਈਆਂ ਤਿਤਲੀਆਂ ਦਾ
ਬੇਜ਼ੁਬਾਨ, ਲਾਚਾਰ ਪੰਛੀਆਂ ਦਾ
ਆਸ਼ਿਆਨੇ ਉੱਜੜੇ ਬੋਟਾਂ ਦਾ
ਕਬਰਸਤਾਨ ਬਣੀਆਂ ਬਸਤੀਆਂ ਦਾ
ਬੇਕਫ਼ਨ ਪਈਆਂ ਲਾਸ਼ਾਂ ਦਾ
ਵਿਲਕ ਰਹੇ ਬੱਚਿਆਂ ਦਾ,
ਤੀਰ ਬਣਕੇ ਦਿਲ ਵਿਚ ਖੁੱਭ ਜਾਵੇ
ਇਸ ਹਦ ਤੀਕ ਗਹਿਰੀ ਚੋਟ ਲਾਵੇ
ਕਿ ਜ਼ਿੰਦਗੀ ਦਾ ਹਰ ਲਮਹਾ ਕਿਉਂ ਨਾ
ਉਨ੍ਹਾਂ ਦੇ ਨਾਮ ਰਸੀਦ ਕਰ ਦਿੱਤਾ ਜਾਵੇ
ਉਨ੍ਹਾਂ ਦੇ ਨਾਮ ਰਸੀਦ ਕਰ ਦਿੱਤਾ ਜਾਵੇ।

## ਹਾਇ ਧੀਆਂ ਦੇ ਦੁੱਖ / ਮਨਜੀਤ ਇੰਦਰਾ

ਪੋਠੋਹਾਰਨ ਕੁੜੀ ਵਾਂਗਰਾਂ
ਹਾਥਰਸ ਦੀ ਛੈਲ-ਛਬੀਲੀ
ਸਿਰ ਤੇ ਚੁੱਕੀ
ਪੰਡ ਘਾਹ ਦੀ
ਪੈਲਾਂ ਪਾਂਦੀ
ਝੋਲੇ ਖਾਂਦੀ
ਓਭੜ ਖਾਬੜ ਰਾਹੀਂ ਟੁਰਦੀ
ਮਾਂ ਆਪਣੀ ਤੋਂ
ਪਛੜ ਗਈ ਸੀ
ਵੀਰੇ ਤੋਂ ਰਹਿ ਗਈ ਸੀ ਪਿੱਛੇ

ਠਾਕੁਰਾਂ ਦੇ ਵਿਗੜੇ ਕਾਕੇ
ਨਸ਼ਿਆਂ ਡੰਗੇ
ਕਾਮੀ ਕੀੜੇ
ਓਸ ਲਗਰ ਦੀ
ਚਾਈ ਸਿਰ ਤੇ
ਗਠੜੀ ਘਾਹ ਦੀ
ਸੁੱਟ ਵਗਾਹ ਕੇ
ਉਸ ਨਾਜੋ ਨੂੰ
ਖਿੱਚ ਧਰੂਅ ਕੇ
ਸੰਘਣੇ ਖੇਤੀਂ
ਚਹੁੰ ਬੱਬਰਾਂ ਨੇ
ਮਸਲ਼ ਮਧੋਲ਼
ਅਧਮੋਈ ਕੀਤੀ...

ਕੁਝ ਨਾ ਬੋਲੇ
ਪੋਲ ਨਾ ਖੋਲ੍ਹੇ
ਜੀਭ ਵਿਹੂਣੀ ਕੀਤੀ ਸ਼ੋਹਦੀ..

ਨਸ਼ੇ ਦੇ ਭੰਨੇ
ਜਾਨ ਬਚਾਉਂਦੇ
ਲੁਕ ਗਏ ਕਿਸੇ ਹਵੇਲੀ ਜਾ ਕੇ

ਜਿਸ ਦੇਵੀ ਦੀ ਪੂਜਾ ਕਰਦੇ
ਜਾ ਜਾ ਮੰਦਰੀਂ
ਉਸੇ ਦੇਵੀ ਦਾ ਚੀਰ ਹਰਨ ਕਰ
ਬੜ੍ਹਕਾਂ ਮਾਰਨ...

ਕਿਹੜਾ ਸ਼ਾਸਨ
ਪ੍ਰਸ਼ਾਸ਼ਨ ਤੇ ਕਿਹੜੇ ਨੇਤਾ



ਦਾਗ਼ਦਾਰ ਨੇ
ਵਰਦੀਆਂ ਵਾਲ਼ੇ
ਵੱਡੇ ਅਹੁਦੇ
ਵੱਡਿਆਂ ਮੂਹਰੇ
ਪਾਣੀ ਭਰਦੇ...

ਛੰਨਾ ਢਾਰੇ
ਹੰਝੂ ਹੰਝੂ
ਚੀਖ਼ ਰੁਦਨ 'ਤੇ
ਪਹਿਰੇ ਲੱਗੇ...

ਚਿੱਟੇ ਭਗਵੇਂ
ਤੇ ਮਟਮੈਲ਼ੇ
ਗੱਡੀਆਂ ਕਿੰਝ
ਭਜਾਈ ਫਿਰਦੇ
ਆਪੋ-ਧਾਪ ਮਚਾਈ ਫਿਰਦੇ
ਵੋਟ ਬੈਂਕ ਲਈ
ਝੱਗਾਂ ਛੱਡਦੇ
ਬਾਹਾਂ ਉਲਾਰ
ਝੂਠੀ ਹਮਦਰਦੀ ਦੀ
ਰਾਸ ਰਚਾਉਂਦੇ...

ਟੀ ਵੀ ਮੀਡੀਆ
ਚੀਖ਼-ਚੀਖ਼ ਕੇ
ਟੀ.ਆਰ.ਪੀ ਲਈ
ਰੌਲ਼ਾ ਪਾਉਂਦੇ

ਜਿਨ੍ਹਾਂ ਆਪਣੀ ਧੀ ਗਵਾਈ
ਇਜ਼ਤ ਪੈਰਾਂ ਹੇਠ ਰੁਲਾਈ
ਖ਼ਾਕੀ ਨੇ ਡਰਾਏ ਦਬਕਾਏ
ਕੁੱਟ-ਮਾਰ ਵੀ ਰੱਜ-ਰੱਜ ਕੀਤੀ

ਅਸਲ ਨਸ਼ਰ ਮੂਲ਼ ਨਾ ਹੋਵੇ
ਸਖ਼ਤ ਸੁਰੱਖਿਆ ਪਹਿਰਾ ਦੇ ਕੇ
ਉਸ ਕੁੱਲੀ ਨੂੰ ਘੇਰਾ ਘੱਤਿਆ
ਟੀਵੀ, ਰੇਡੀਓ,
ਫ਼ੋਨ ਮੋਬਾਇਲ
ਸਭ ਖੋਹ ਖੱਸ ਕੇ
ਡਰਾ ਧਮਕਾ ਗਰੀਬੜੇ
ਅੰਦਰ ਵਾੜੇ
ਡਰ ਕਿਉਂ ? ਕਿਸ ਲਈ ?
ਏਸ ਲਈ ਕਿ
ਉੱਚੀ ਜਾਤ ਹਵੇਲੀ ਵੱਡੀ
"ਵੱਡੇ ਲੋਕ ਇਜ਼ਤਾਂ ਵਾਲ਼ੇ"
ਓਸ ਹਵੇਲੀ ਦੇ ਇਹ ਕਾਕੇ
ਨਸ਼ਰ ਨਾ ਹੋਵਣ...

ਕੁਝ ਦਮੜੇ ਇਵਜ਼ਾਨਾ ਦੇ ਕੇ
ਮੂੰਹ ਬੰਦ ਕਰਦੇ
ਹਉਕਿਆਂ ਦੇ
ਇੰਜ ਮੁੱਲ ਨੇ ਤਰਦੇ...
ਵਾਹ ਸਰਕਾਰੇ
ਤੇਰੇ ਕਾਰੇ !!

ਨਿੱਤ ਦਿਹਾੜੇ
ਨਿਰਭੈਆ, ਮਨੀਸ਼ਾ,
ਚੰਪਾ, ਬੇਲਾ
ਕਦੇ ਦਾਮਨੀ
ਕਦੇ ਰੁਕਮਣੀ
ਲੁੱਟੀਆਂ ਜਾਵਣ
ਦਿਨ ਦਿਹਾੜੇ
ਸਿਤਮ-ਜ਼ਰੀਫੀ
ਵੇਖ ਵੇ ਲੋਕਾ
ਜਿਸ ਕੁੱਖੋਂ ਇਹ ਜੰਮੇ-ਜਾਏ
ਓਸੇ ਕਵਾਰੀ ਕੁੱਖ ਨੂੰ
ਜਾਨਵਰਾਂ ਵਾਂਗ
ਚੀਣਾ-ਚੀਣਾ ਕਰਦੇ...
ਇਹ ਕੈਸੀ
ਮਰਦਾਨਗੀ ਲੋਕਾ !
ਹਾਇ! ਧੀਆਂ ਦਾ
ਦੁੱਖ ਵੇ ਲੋਕਾ !!

## ਕਵਿਤਾਵਾਂ / ਕੁਲਜੀਤ ਸਿੰਘ ਜੰਜੂਆ

### ਮਾਂ ਬੋਲੀ

ਪਹਿਲਾਂ
ਉਨ੍ਹਾਂ ਕਿਹਾ
ਧੀਮਾਂ ਬੋਲਿਆ ਕਰ
ਫਿਰ ਉਨ੍ਹਾਂ ਕਿਹਾ
ਸਾਡੀ ਭਾਸ਼ਾ 'ਚ ਹੀ
ਬੋਲਿਆ ਕਰ
ਫਿਰ ਉਨ੍ਹਾਂ ਥੋਪੇ
ਆਪਣੀ ਭਾਸ਼ਾ ਦੇ ਵਿਸ਼ੇਸ਼ਣ
ਕਰਨੀ ਚਾਹੀ
ਮੇਰੀ ਜ਼ੁਬਾਨ
ਮੰਡੀ ਦੇ ਮੇਚ ਦੀ
ਰਾਤੀ ਸੁਫਨੇ 'ਚ
ਮਾਂ ਫਿਰ ਆਈ
ਉਸ ਵਿਹੜਾ ਸਵਾਰਦੀ ਨੇ
ਚੁੱਕਿਆ ਅਖ਼ਬਾਰ ਦਾ ਵਰਕਾ
ਛੁਹਾਇਆ ਮੱਥੇ ਨੂੰ

ਮੈਂ ਅੱਜ
ਇਸ ਨੌਕਰੀ ਤੋਂ ਵੀ
ਕਰ ਆਇਆ ਹਾਂ
ਰਿਜ਼ਾਇਨ।

### ਮੁਹੱਬਤ

ਮੁਹੱਬਤ ਕਦੋਂ ਪੈਂਦੀ ਏ
ਵਣਜਾਂ-ਵਪਾਰਾਂ 'ਚ

ਦੁਨਿਆਵੀ
ਨਫ਼ਰਤਾਂ ਦੇ ਪਾਣੀਆਂ 'ਚ
ਇੱਕ ਦੂਸਰੇ ਦੇ ਆਸਰੇ
ਡੁੱਬਦਿਆਂ ਤਰਨ
ਤੇ ਡੁੱਬ ਕੇ ਵੀ
ਤਰ ਜਾਣ ਦਾ ਹੈ ਜਜ਼ਬਾ
ਮੁਹੱਬਤ ਹੈ
ਸਰਬਕਾਲ ਜਿਊਣ ਦਾ
ਅਹਿਦ।



### ਭਰਮ

ਇੱਕੋ ਖਿੱਤਾ
ਸਾਂਝੇ ਸੁਫਨੇ, ਦੁੱਖ-ਸੁੱਖ
ਸਾਂਝੇ ਪਾਣੀ
ਸਾਂਝੀ ਚੁੱਲ੍ਹਿਆਂ ਦੀ ਅੱਗ
ਸਭ ਵੰਡੇ ਗਏ
ਸਾਡੇ ਲਈ ਘੱਲੂਘਾਰੇ
ਪਰ ਹਾਕਮ ਜਦੋਂ
ਆਜ਼ਾਦੀ ਕਹਿ
ਮਾਣਦੈ ਜਸ਼ਨ
ਤਾਂ ਮੇਰੇ ਅੰਤਹਕਰਣ 'ਚ
ਹੋ ਜਾਂਦੀ ਹੈ
ਇੱਕ ਹੋਰ
ਕਤਲੋਗਾਰਤ
ਤੇ ਮੈਂ ਅੰਦਰਲੇ ਯੁੱਧਾਂ 'ਚ
ਰੁੱਝ ਜਾਂਦਾ ਹਾਂ।

### ਮੌਤੋਂ ਭੈੜਾ ਜਿਉਣ

ਬਿਨ ਸਾਹਾਂ ਬਿਨ ਸਧਰਾਂ
ਤੁਰਦੀਆਂ ਫਿਰਦੀਆਂ ਲੋਥਾਂ
ਮੀਲਾਂ-ਮੀਲ
ਧੂਹੀ ਫਿਰਦੀਆਂ
ਆਪਣੇ ਵਜੂਦ
ਇਨ੍ਹਾਂ ਅੰਦਰ ਰੁਕ ਗਿਐ
ਕਾਲ਼ਾ ਸਮਾਂ
ਮੌਤੋਂ ਭੈੜੀ ਜੂਨ ਭੋਗਦੇ
ਇਹ ਲੋਕ
ਕਿਹੜੀ ਧਰਤ ਭਾਲ ਰਹੇ ਨੇ
ਜਿਉਣ ਲਈ।

### ਕਹਿਰ

ਚੁੱਲ੍ਹੇ 'ਚ ਅੱਗ
ਲੋਹ ਤੇ ਰੋਟੀ
ਹਾਰੇ 'ਚ ਸਾਗ
ਸਾਗ 'ਚ ਮੱਖਣ
ਸਵਾਦ ਸਵਾਦ
ਖਾਂਦਾ ਇਕੱਠਾ ਪਰਿਵਾਰ
ਹੋ ਜਾਂਦਾ ਇਕਸਾਰ

ਬੇਸ਼ਕ
ਵਰ੍ਹਨੀ ਅੱਗ
ਖੇਤੀਂ ਜੁਤੇ ਰਹਿਣਾ
ਭੁੱਖੇ ਰੱਜੇ

ਮੁਰੱਬਿਆਂ ਦੇ ਮੁਰੱਬੇ
ਸਭ ਆਏ ਸਾਂ ਛੱਡ
ਤੀਲਾ ਤੀਲਾ ਸੀ ਕਰ ਜੋੜਿਆ
ਤੋੜ ਤੋੜ ਹੱਡ

ਵਾਪਰਿਆ ਐਸਾ ਕਹਿਰ
ਲੱਖੋਂ ਕੱਖ ਹੋਏ
ਜਾਨ ਹੀ ਜਾਪੀ
ਵੱਡੀ ਜਾਇਦਾਦ
ਸ਼ੁਕਰ ਹੈ ਵਾਹਿਗੁਰੂ
ਕਿ ਮੁੜ ਲੱਗੀ ਜੜ੍ਹ

ਫਿਰ ਆਪ
ਸਹੇੜਿਆ ਉਜਾੜਾ
ਆ ਬੈਠੇ ਹਾਂ ਵਿਦੇਸ਼
ਬੇਸ਼ੱਕ
ਨਹੀਂ ਹੈ ਕੋਈ
ਆਰਥਿਕ ਥੁੜ
ਪਰ ਸ਼ੁਕਰ ਹੈ
ਅਜੇ ਵੀ
ਅੰਦਰ ਵੱਸਿਆ ਪੰਜਾਬ
ਨਹੀਂ ਉਜੜਿਆ.......

## ਕਹਾਣੀ / ਕੀੜੀਆਂ ਦਾ ਭੌਣ / ਬਲਵੰਤ ਫ਼ਰਵਾਲ਼ੀ



ਭਰਪੂਰ ਲ਼ਾਲ ਚੌਂਕ ਵਿੱਚ ਪਰਨੇ ਨਾਲ਼ ਮੂੰਹ ਲਪੇਟੀ ਇੱਕ ਟੁੱਟੀ ਜਿਹੀ ਬੈਂਚ 'ਤੇ ਬੈਠਾ ਸੀ। ਉਹ ਸਵੇਰੇ ਸੱਤ ਵਜੇ ਤੋਂ ਪਹਿਲਾਂ ਹੀ ਆ ਕੇ ਬੈਠ ਗਿਆ ਸੀ। ਉਂਝ ਸਾਰੇ ਹੀ ਮਿਸਤਰੀ ਤੇ ਦਿਹਾੜੀਏ ਸੱਤ ਵਜੇ ਤੋਂ ਬਾਅਦ ਹੀ ਇਸ ਚੌਂਕ ਵਿੱਚ ਆ ਕੇ ਖੜ੍ਹਦੇ ਹੁੰਦੇ ਸਨ। ਪਰ ਅੱਜ ਉਹ ਪਹਿਲਾਂ ਹੀ ਪਹੁੰਚ ਚੁੱਕਿਆ ਸੀ। ਉਸਦੇ ਦੇਖਦੇ ਹੀ ਦੇਖਦੇ ਲਾਲ ਚੌਂਕ ਵਿੱਚ ਭੀੜ ਜਿਹੀ ਲੱਗ ਗਈ। ਸਾਇਕਲਾਂ ਦੀ ਲੰਮੀ ਲਾਇਨ ਵਿੱਚ ਕਿਤੇ-ਕਿਤੇ ਮੋਟਰ ਸਾਇਕਲ ਵੀ ਖੜ੍ਹਾ ਦਿਖਾਈ ਦੇ ਰਿਹਾ ਸੀ। ਚਾਹ ਵਾਲ਼ੇ ਖੋਖੇ ਵਿੱਚੋਂ ਸਟੋਵ ਦੀ ਅਵਾਜ਼ ਤੇਜ ਹੋ ਗਈ ਸੀ। ਜਦੋਂ ਚਾਹ ਦਾ ਉਬਾਲ਼ਾ ਜਿਹਾ ਆਉਂਦਾ ਤਾਂ ਭੋਲਾ ਚਾਹ ਵਿੱਚ ਪਲ਼ਾ ਘੁਮਾਉਂਦਾ ਹੋਇਆ ਚਾਹ ਨੂੰ ਫੈਂਟ ਦਿੰਦਾ। ਚਾਹ ਉਬਾਲ਼ਾ ਮਾਰਨਾ ਛੱਡ ਕੇ ਬਿੰਦ ਵਿੱਚ ਹੀ ਤਾਂਬੇ ਰੰਗੀ ਪਤੀਲੀ ਵਿੱਚ ਘੁੰਮਣ ਲੱਗਦੀ।

ਭੋਲਾ ਚਾਹ ਦੇ ਉਬਾਲ਼ੇ ਨੂੰ ਫੈਂਟਦਾ ਚਾਹ ਨੂੰ ਪਕਾਈ ਜਾ ਰਿਹਾ ਸੀ। ਭੂਰੇ ਦੀਆਂ ਭੂਰੀਆਂ ਅੱਖਾਂ ਚਾਹ ਵਾਲ਼ੇ ਪਤੀਲੇ 'ਤੇ ਟਿਕੀਆਂ ਹੋਈਆਂ ਸਨ। ਉਸਨੂੰ ਲੱਗ ਰਿਹਾ ਸੀ ਜਿਵੇਂ ਉਹ ਚਾਹ ਹੋਵੇ ਤੇ ਉਸਦੇ ਅੰਦਰਲਾ ਉਬਾਲ਼ ਕੰਢਿਆਂ ਤੱਕ ਆਉਂਦਾ ਝੱਟ ਕੁ ਦੇਣੇ ਬੈਠ ਜਾਂਦਾ ਹੋਵੇ। ਉਹ ਲਪੇਟੇ ਮੂੰਹ ਵਿੱਚੋਂ ਹੀ ਬੁੜਬੁੜਾਇਆ, "ਬੰਦਾ ਜਿੰਨੇ ਮਰਜ਼ੀ ਉਬਾਲ਼ੇ ਮਾਰ ਲਵੇ ਪਰ ਸਮੱਸਿਆਵਾਂ ਦਾ ਪਲ਼ਾ ਬੰਦੇ ਨੂੰ ਅੱਗ 'ਤੇ ਘੁੰਮਣ ਲਾ ਦਿੰਦਾ, ਘੁੰਮਦਾ-ਘੁੰਮਦਾ ਫਿਰ ਐਨਾ ਪੱਕ ਜਾਂਦਾ ਕਿ ਜ਼ਿੰਦਗੀ ਬੇ ਸੁਆਦੀ ਜਿਹੀ ਹੋ ਜਾਂਦੀ ਆ...।"

ਉਸਨੇ ਨਾਲ਼ ਹੀ ਚਾਹ ਦਾ ਸੂਟਾ ਮਾਰਦੇ ਨੇ ਸੋਚਿਆ, "ਪਰ ਭੋਲੇ ਦੀ ਚਾਹ ਦੇ ਸਵਾਦ ਨੇ ਤਾਂ ਧਰਮ ਨਾਲ਼ ਕੰਡੇ 'ਤੇ ਕਰ ਦਿੱਤਾ...।" ਪਰ ਫਿਰ ਉਸਨੂੰ ਦਿਹਾੜੀ ਜਾਂਦੀ ਦੇਖ ਕੇ ਇੱਕਦਮ ਚਾਹ ਦਾ ਸਵਾਦ ਵੀ ਬੇਸੁਆਦਾ ਜਿਹਾ ਹੋ ਗਿਆ ਲੱਗਿਆ।

ਉਸਦੇ ਚਾਹ ਪੀਂਦਿਆਂ ਹੀ ਇੱਕ ਬੰਦੇ ਨੇ ਮਰੂਤੀ ਗੱਡੀ ਖੋਖੇ ਕੋਲ਼ ਲਿਆ ਖੜ੍ਹੀ ਕਰ ਦਿੱਤੀ। ਬੰਦਾ ਗੱਡੀ ਵਿੱਚੋਂ ਉੱਤਰਿਆ। ਉਸਨੂੰ ਕਿੰਨੇ ਹੀ ਬੰਦਿਆਂ ਨੇ ਆ ਘੇਰਿਆ। ਹਰੇਕ ਹੀ ਆਪਣੇ ਆਪ ਨੂੰ ਉਸਦੇ ਅੱਗੇ ਕਰਨ ਦਾ ਯਤਨ ਕਰ ਰਿਹਾ ਸੀ ਪਰ ਉਸਦੀ ਨਜ਼ਰ ਐਨੇ ਬੰਦਿਆਂ ਵਿੱਚੋਂ ਕਿਸੇ 'ਤੇ ਨਹੀਂ ਸੀ ਟਿਕ ਰਹੀ। ਕੁਛ ਸਮਾਂ ਤਾਂ ਉਹ ਦੁਚਿੱਤੀ ਜਿਹੀ ਵਿੱਚ ਪਿਆ ਸੋਚਦਾ ਰਿਹਾ ਤੇ ਫਿਰ ਜਿਹੜਾ-ਜਿਹੜਾ ਵੀ ਉਸਦੇ ਮੂਹਰੇ ਹੋਇਆ। ਉਨ੍ਹਾਂ ਨਾਲ਼ ਗੱਲ ਕਰਦਾ, ਉਹ ਉਨ੍ਹਾਂ ਨੂੰ ਆਪਣੇ ਨਾਲ਼ ਲੈ ਕੇ ਤੁਰ ਗਿਆ। ਬੰਦਿਆਂ ਨੇ ਵੀ ਹੱਥਾਂ ਵਿੱਚ ਫੜੇ ਚਾਹ ਦੇ ਗਲਾਸਾਂ ਨੂੰ ਉੱਥੇ ਹੀ ਛੱਡ ਦਿੱਤਾ ਤੇ ਉਹ ਆਪੋ ਆਪਣੇ ਸਾਇਕਲ ਭਜਾਉਂਦੇ ਉਸਦੇ ਮਗਰ ਚਲੇ ਗਏ। ਹੁਣ ਉਨ੍ਹਾਂ ਦੇ ਉਦਾਸ ਚਿਹਰਿਆਂ 'ਤੇ ਰੌਣਕ ਆ ਗਈ ਸੀ।

ਭੂਰੇ ਦੀ ਉਦਾਸੀ ਹੋਰ ਸੰਘਣੀ ਹੋ ਗਈ ਸੀ। ਉਸਨੇ ਚਾਹ ਖਤਮ ਕਰਕੇ ਆਪਣਾ ਮੂੰਹ ਫਿਰ ਢਕ ਲਿਆ। ਉਸਦੀਆਂ ਅੱਖਾਂ ਹੀ ਨੰਗੀਆਂ ਸਨ। ਹਰ ਕੋਈ ਉਸਦੇ ਕੋਲ਼ ਆ ਕੇ ਉਸਦੀਆਂ ਅੱਖਾਂ ਵਿੱਚੋਂ ਕੁਛ ਤਲਾਸ਼ਦਾ ਅੱਗੇ ਲੰਘ ਜਾਂਦਾ। ਉਹ ਉਨ੍ਹਾਂ ਵੱਲ ਦੇਖਦਾ ਕਦੇ-ਕਦੇ ਖੋਖੇ ਦੀ ਪਿਛਲੀ ਕੰਧ ਨਾਲ਼ ਖੜ੍ਹੇ ਆਪਣੇ ਸਾਇਕਲ ਵੱਲ ਵੀ ਝਾਤੀ ਮਾਰ ਲੈਂਦਾ।

ਕੁਛ ਬੰਦੇ ਦਿਹਾੜੀਆਂ ਦੀ ਭਾਲ਼ ਵਿੱਚ ਖੋਖੇ ਕੋਲ਼ ਆਏ ਤਾਂ ਉਸਨੇ ਇੱਕਦਮ ਆਪਣੇ ਮੂੰਹ ਤੋਂ ਪਰਨਾ ਖੋਲ੍ਹਣ ਲਈ ਆਪਣਾ ਹੱਥ ਉਤਾਂਹ ਚੁੱਕਿਆ ਪਰ ਦੇਖਦੇ ਹੀ ਦੇਖਦੇ ਉਹ ਹੋਰਾਂ ਬੰਦਿਆਂ ਨੂੰ ਆਪਣੇ ਨਾਲ਼ ਲੈ ਕੇ ਤੁਰਦੇ ਬਣੇ।

ਭੂਰੇ ਦੀ ਉਦਾਸੀ ਉਸਦੀਆਂ ਅੱਖਾਂ ਦੇ ਆਲ੍ਹਣਿਆਂ ਵਿੱਚ ਹੁਣ ਬੋਟਾਂ ਵਾਂਗ ਝਾਕ ਰਹੀ ਸੀ। ਉਸਨੂੰ ਲੱਗ ਰਿਹਾ ਸੀ ਜਿਵੇਂ ਬੰਦਾ ਤੇ ਬੰਦੇ ਦੀ ਜਾਤ ਵੀ ਬੱਸ ਹੁਣ ਗਰਜ਼ਾਂ ਮਾਰੀ ਹੋ ਗਈ ਹੈ। ਹੁਣ ਉਸਦੀਆਂ ਅੱਖਾਂ ਦੇ ਆਲ੍ਹਣਿਆਂ ਵਿੱਚੋਂ ਸਿੱਲ੍ਹ ਜਿਹੀ ਝਾਕਣ ਲੱਗ ਗਈ ਸੀ। ਉਹ ਸੋਚਦਾ ਜਿਹਾ ਬੁੜਬੁੜਾਇਆ, "ਜਦੋਂ ਮਾੜਾ ਸਮਾਂ ਆਉਂਦਾ ਤਾਂ ਤਗੜਾ ਬੰਦਾ ਵੀ ਮਾੜੇ ਦੇ ਢਿੱਡ ਵਿੱਚ ਵੜ ਜਾਂਦਾ ਤੇ ਜਦੋਂ ਸਮਾਂ ਗੁਜ਼ਰ ਜਾਂਦਾ ਤਾਂ ਉਹੀ ਉਸਦਾ ਢਿਡ ਪਾੜਨ ਥਾਈਂ ਜਾਂਦਾ...ਐਹੋ ਜੇਹੀ ਹੋਣੀ ਆ ਹੁਣ ਤਾਂ ਮਾੜੇ ਬੰਦੇ ਦੀ...ਕੀੜੇ ਮਕੌੜਿਆਂ ਅਰਗੀ ...।" ਉਸਦੀ ਸੋਚ ਹੁਣ ਸੰਘਣੀ ਹੁੰਦੀ ਜਾਂਦੀ ਸੀ। ਸੰਘਣੀ ਹੁੰਦੀ ਸੋਚ ਵਿੱਚ ਉਹ ਆਪ ਵੀ ਗਵਾਚ ਗਿਆ ਸੀ।

ਭੂਰੇ ਨੇ ਸੱਥਾਂ ਵਿੱਚ ਉੱਡਦੀਆਂ ਖਬਰਾਂ ਨੂੰ ਸੁਣ ਕੇ ਖਬਰਾਂ ਦੀ ਦਿਸ਼ਾ ਵੱਲ ਉਡਾਰੀਆਂ ਭਰਨ ਲਈ ਖੰਭ ਕੱਢ ਲਏ ਸਨ। ਪਰ ਉਸਦੀ ਮਾਂ ਨੇ ਉਸਦੇ ਖੰਭਾਂ ਨੂੰ ਨੋਚ ਕੇ ਉਸਦੀ ਉਡਾਣ ਨੂੰ ਪਟਕਾ ਕੇ ਧਰਤੀ 'ਤੇ ਮਾਰਿਆ ਸੀ। ਦਲੀਪੋ ਉਸਨੂੰ ਵਰਜਦੀ ਹੋਈ ਬੋਲੀ, "ਵੇ ਤੇਰੇ ਕਿਹੜੇ ਸਿਆੜ ਦੱਬੇ ਜਾਂਦੇ ਨੇ...ਤੂੰ ਤਾਂ ਗੂੰਹ ਮਧਾ ਹੀ ਕਰਨਾ....ਰੋਟੀ ਦੇ ਲਾਲੇ ਪੈ ਜਾਂਦੇ ਨੇ...ਜੇ ਦੋ ਦਿਹਾੜੀਆਂ ਨਾ ਲੱਗਣ....ਆਪਦੇ ਪਿਓ ਵੱਲ ਦੇਖ ਲੈ...ਭੰਨਿਆਂ ਪਿਆ ਕਾਲ਼ੇ ਪੀਲ਼ੀਏ ਦਾ...ਵੱਡਾ ਬਣਿਆ ਫਿਰਦਾ ਦੀਪ ਸਿੱਧੂ ਦਾ ਚੇਲਾ...।"

"ਬੇਬੇ! ਹੀਰੋ ਆ ਹੁਣ ਦੀਪ ਸਿੱਧੂ ਮੇਰਾ...ਉਹਦੀਆਂ ਗੱਲਾਂ ਵੀ ਤਾਂ ਸੋਲ਼ਾਂ ਆਨੇ ਸੱਚ ਨੇ...ਮੇਰੇ ਤਾਂ ਸੱਚ ਪੁੱਛੇਂ ਅੰਦਰ ਭਾਂਬੜ ਠਾਲ਼ ਦਿੰਦਾ...ਉਹ।" ਭੂਰਾ ਬੇਬੇ ਨੂੰ ਸਮਝਾਉਂਦਾ ਹੋਇਆ ਬੋਲਿਆ।

"ਭੁੱਖੇ ਢਿੱਡਾਂ ਨੂੰ ਹੋਈਆਂ ਕਬਜ਼ੀਆਂ ਵੀ ਬਵਾਸੀਰ

ਕਰ ਦਿੰਦੀਆਂ ਪੁੱਤ...ਆਪਾਂ ਦੱਸ ਕੀ ਲੈਣਾ ਇਨ੍ਹਾਂ ਕਾਲ਼ੇ ਕਾਨੂੰਨਾਂ ਤੋਂ...ਤੇਰਾ ਚਾਚਾ ਵੀ ਬਲਾਈ ਹਰਖਦਾ ਸੀ ਬੀ ਭੂਰਾ ਐਵੀਂ ਤੁਰਿਆ ਫਿਰਦਾ...ਕੰਮ ਤੋਂ ਨਾ ਨਾਗਾ ਪਾਇਆ ਕਰ ਪੁੱਤ ਸਰਨਾ ਨੀ ਆਪਣਾ।" ਦਲੀਪੋ ਨੇ ਆਪਣੇ ਪੁੱਤ ਭੂਰੇ ਨੂੰ ਤਰਲਾ ਜਿਹਾ ਕਰਦੀ ਨੇ ਕਿਹਾ ਤਾਂ ਭੂਰਾ ਉਸਦੇ ਮੰਜੇ 'ਤੇ ਉਸਦੇ ਕੋਲ਼ ਬੈਠਦਾ ਬੋਲਿਆ, "ਗੱਲ ਸਿਆੜਾਂ ਦੀ ਨੀ ਬੇਬੇ!...ਗੱਲ ਗੁਲਾਮੀ ਦੀ ਆ...ਗੱਲ ਪੱਗ ਦੀ ਆ...ਗੱਲ ਪੰਜਾਬ ਦੀ ਆ...ਗੱਲ ਆਬ ਦੀ ਆ।"

"ਆਪਾਂ ਅਜ਼ਾਦ ਕਦੋਂ ਸੀ ਪੁੱਤ...ਭਾਵੇਂ ਜੀਹਦਾ ਮਰਜ਼ੀ ਰਾਜ ਆਜੇ ਆਪਾਂ ਤਾਂ ਕੀੜੀਆਂ ਹੀ ਬਣ ਕੇ ਰਹਿਣਾ...ਪਾ ਕੇ ਦੋ ਮੁੱਠੀਆਂ ਚੌਲ਼ਾਂ ਦੀਆਂ ਆਂਦਰਾਂ ਸੇਕ ਛੱਡਦੇ ਨੇ ਅਗਲੇ। ਪੰਜਾਬ ਵੀ ਤਾਂ ਹੁਣ ਇਨ੍ਹਾਂ ਲਈ ਕੀੜੀਆਂ ਦਾ ਭੌਣ ਹੀ ਬਣਿਆ ਵਿਆ...।" ਦਲੀਪੋ ਨੂੰ ਕਹਿੰਦੀ ਨੂੰ ਹੁਣ ਵੋਟਾਂ ਵੇਲ਼ਾ ਯਾਦ ਆ ਗਿਆ ਸੀ। ਉਸਨੂੰ ਯਾਦ ਆ ਗਿਆ ਸੀ ਬਈ ਕਿਵੇਂ ਆਟਾ ਦਾਲ਼ ਨੇ ਕਿਰਤੀਆਂ ਨੂੰ ਹੱਥਲ਼ ਕਰ ਛੱਡਿਆ ਹੋਇਆ। ਭੌਣ 'ਤੇ ਪਈ ਤਿਲ਼ ਚੌਲ਼ੀ ਵਾਂਗ।

ਦਸ ਵੱਜ ਗਏ ਸਨ। ਚੌਂਕ ਵਿੱਚ ਬੈਠੇ ਮਜ਼ਦੂਰ ਉਦਾਸੀਆਂ ਜਿਹੀਆਂ ਅੱਖਾਂ ਨਾਲ਼ ਝਾਕ ਰਹੇ ਸਨ। ਸਾਝਰੇ ਘਰੋਂ ਤੁਰਿਆਂ ਦੇ ਕਈਆਂ ਦੇ ਤਾਂ ਹਾਜ਼ਰੀ ਦੀ ਭੁੱਖ ਨੇ ਵੱਟ ਪਾ ਛੱਡਿਆ ਸੀ। ਇਸ ਲਈ ਉਨ੍ਹਾਂ ਨੇ ਖੋਖੇ ਦੇ ਥੜ੍ਹੇ 'ਤੇ ਬੈਠ ਕੇ ਆਪਣਾ-ਆਪਣਾ ਟਿਫਨ ਖੋਲ੍ਹ ਲਿਆ ਸੀ। ਭੂਰਾ ਹਿਸਾਬ ਕਿਤਾਬ ਜਿਹਾ ਲਾ ਰਿਹਾ ਸੀ। ਬਈ ਵੱਟਿਆ ਕੁਛ ਨੀ ਸਗੋਂ ਵੀਹਾਂ ਦੀ ਉਹ ਚਾਹ ਪੀ ਗਿਆ ਸੀ।

ਉਸਦੇ ਯਾਦ ਆ ਗਿਆ ਸੀ ਕਿ ਅੱਜ ਤਾਂ ਘਰ ਸੌਦੇ ਵੀ ਮੁੱਕੇ ਪਏ ਨੇ। ਜਵਾਕਾਂ ਦੀ ਫੀਸ। ਬੇਬੇ ਦੀ ਟੁੱਟੀ ਹੋਈ ਐਨਕ। ਮੱਝ ਦੀ ਖ਼ਲ਼ ਫੀਡ। ਉਹ ਕਿੰਨਾ ਹੀ ਕੁਛ ਯਾਦ ਕਰਕੇ ਹੁਣ ਸਾਇਕਲ ਨੂੰ ਚੁੱਕ ਕੇ ਘਰ ਨੂੰ ਤੁਰ ਪਿਆ ਸੀ। ਭੁੱਖ ਦੇ ਬਾਵਜੂਦ ਵੀ ਉਹ ਆਪਣਾ ਟਿਫਨ ਹੈਂਡਲ਼ ਨਾਲ਼ੋਂ ਨਹੀਂ ਸੀ ਖੋਲ੍ਹ ਸਕਿਆ। ਮਨ ਦੀ ਬੁੱਕਲ਼ ਵਿੱਚ ਪਈ ਖੋਹ ਨੇ ਉਸਦੀ ਵੱਖੀ ਦੀ ਖੋਹ ਨੂੰ ਮਧੋਲ਼ ਕੇ ਸੁੱਟ ਦਿੱਤਾ ਸੀ। ਉਹ ਜਿਉਂ ਹੀ ਲੱਤ ਘੁਮਾ ਕੇ ਸਾਇਕਲ 'ਤੇ ਚੜ੍ਹਿਆ ਤਾਂ ਨਾਲ਼ ਹੀ ਉਹ ਮਨ ਵਿੱਚ ਗਿੜਦੇ ਅਤੀਤ ਦੇ ਗੇੜ ਵਿੱਚ ਫਿਰ ਤੋਂ ਗਿੜ ਗਿਆ।

ਉਸਨੂੰ ਹੁਣ ਟੋਲ ਪਲਾਜ਼ੇ ਕੋਲ ਦੀ ਲੰਘਦੇ ਨੂੰ ਯਾਦ ਆ ਰਿਹਾ ਸੀ ਕਿ ਕਿਵੇਂ 'ਕਿਸਾਨ ਮਜ਼ਦੂਰ ਏਕਤਾ...ਜ਼ਿੰਦਾਬਾਦ' ਦੇ ਨਾਹਰਿਆਂ ਨਾਲ਼ ਟੋਲ ਪਲਾਜ਼ੇ ਉੱਤੇ ਲੋਕਾਂ ਦਾ ਹਜ਼ੂਮ ਉਮੜ-ਉਮੜ ਕੇ ਆ ਰਿਹਾ ਸੀ। ਬੱਚੇ, ਬੁੱਢੇ, ਮਰਦ ਜ਼ਨਾਨੀਆਂ ਤੇ ਜਵਾਕਾਂ ਨੇ ਵੀ ਵਹੀਰਾਂ ਘੱਤ ਲਈਆਂ ਸਨ। ਦਿਨਾਂ ਵਿੱਚ ਹੀ ਟੋਲ ਪਲਾਜ਼ੇ ਦੇ ਕੈਬਨਾਂ ਵਿੱਚ ਸੁੰਨ ਪਸਰ ਗਈ ਸੀ। ਜੂਝਦੇ ਲੋਕਾਂ ਦਾ ਇੱਥੇ ਮੇਲਾ ਲੱਗ ਗਿਆ ਸੀ। ਟੋਲ ਪਲਾਜ਼ੇ ਦੀ ਗੁੱਠ ਵਿੱਚ ਪਾਠ ਕਰਨ ਲਈ ਇੱਕ ਨਿੱਕਾ ਜਿਹਾ ਟੈਂਟ ਲਗਾ ਦਿੱਤਾ ਸੀ। ਜਿੱਥੇ ਆਥਣ-ਸਵੇਰ ਗੁਰਬਾਣੀ ਨੇ ਇਸ ਜਗ੍ਹਾ ਨੂੰ ਹੋਰ ਵੀ ਪਵਿੱਤਰ ਕਰ ਦਿੱਤਾ ਸੀ।

ਦਿਨੋ ਦਿਨ ਲੱਗਦੇ ਸ਼ਾਮਿਆਨਿਆਂ ਨੇ ਇੰਝ ਲੱਗਣ ਲਾ ਦਿੱਤਾ ਸੀ ਜਿਵੇਂ ਕੋਈ ਨਵਾਂ ਗਰਾਂ ਵਸ ਗਿਆ ਹੋਵੇ। ਲੰਗਰ ਦਾ ਤਾਂ ਕੋਈ ਤੋੜਾ ਹੀ ਨਹੀਂ ਸੀ ਰਿਹਾ। ਧਰਨੇ ਵਾਲ਼ੇ ਜਿੱਥੇ ਲੰਗਰ ਛਕਦੇ ਸੀ। ਧਰਨੇ ਨੂੰ ਪੁੱਟਣ ਵਾਲ਼ੇ ਵੀ ਉੱਥੇ ਹੀ ਲੰਗਰ ਛਕਦੇ ਸੀ। ਕਿਉਂ ਕਿ ਪੰਜਾਬ ਪੁਲਿਸ ਵੀ ਧਰਨਾਕਾਰੀਆਂ ਨਾਲ਼ ਦਿਲੋਂ ਹਮਦਰਦੀ ਰੱਖਦੀ ਸੀ। ਰੱਖਦੀ ਵੀ ਕਿਉਂ ਨਾ,ਧਰਤੀ ਸਭ ਦੀ ਸਾਂਝੀ ਸੀ। ਸਿਆੜ ਸਭ ਦੇ ਖਤਰੇ ਵਿੱਚ ਸਨ। ਭਵਿੱਖ ਸਭ ਨੂੰ ਹੀ ਗੁਲਾਮੀ ਦਾ ਸੰਕੇਤ ਦੇ ਰਿਹਾ ਸੀ।

ਭੂਰਾ ਆਪਣੇ ਘਰ ਵਿੱਚ ਬੈਠਾ ਆਪਣੇ ਪਰਿਵਾਰ ਨੂੰ ਸਮਝਾ ਰਿਹਾ ਸੀ ਕਿ 'ਪੰਜਾਬੀਆਂ ਦੀ ਕੌਮ ਕਦੇ ਕਿਸੇ ਤੋਂ ਹਾਰੀ ਨੀ । ਇਨ੍ਹਾਂ ਨੇ ਤਾਂ ਅਹਿਮਦ ਸ਼ਾਹ ਅਬਦਾਲੀ ਹੁਣੀ ਵੀ ਮਾਰ ਭਜਾਏ ਸੀ । ਇਹ ਮਹਾਰਾਜਾ ਰਣਜੀਤ ਸਿਓਂ ਦਾ ਵੰਸ਼ ਆ। ਫਿਰ ਦੱਸੋ ਕਿਵੇਂ ਮੰਨ ਸਕਦਾ ਕਾਲ਼ੇ ਕਨੂੰਨਾਂ ਨੂੰ। ਸਾਰਿਆਂ ਨੂੰ ਹੀ ਮੋਦੀ ਦੇ ਕਾਲ਼ੇ ਕਾਨੂੰਨਾਂ ਦਾ ਵਿਰੋਧ ਕਰਨਾ ਚਾਹੀਦਾ। ਬਾਬੇ ਨਾਨਕ ਨੇ ਤਾਂ ਬਾਬਰ ਨੂੰ ਵੀ ਜ਼ਾਬਰ ਆਖ ਦਿੱਤਾ ਸੀ...'

"ਭੂਰਿਆ! ਇਹ ਬਾਬਰ ਨੂੰ ਜ਼ਾਬਰ ਕਹਿਣ ਵਾਲ਼ੇ ਲੋਕ ਬਾਬੇ ਨਾਨਕ ਦੇ ਆਖੇ ਤਾਂ ਲੱਗੇ ਨੀ ਕਦੇ...ਦੋਗਲ਼ੇ ਨੇ ਇਹ ਲੋਕ...ਬਾਬੇ ਨੇ ਤਾਂ ਜਾਤ-ਪਾਤ ਨੀ ਮੰਨੀ,ਇਨ੍ਹਾਂ ਦੀਆਂ ਧੌਣਾਂ ਵਿੱਚ ਕਿੱਲ ਗੱਡੇ ਵਏ ਨੇ ...।" ਉਸਨੂੰ ਬੇਬੇ ਦਾ ਕਿਹਾ ਕੁਛ ਨਹੀਂ ਸੀ ਸੁਣਿਆ। ਸਗੋਂ ਭੂਰੇ ਦਿਆਂ ਕੰਨਾਂ ਨੂੰ ਤਾਂ ਬੱਸ 'ਕਿਸਾਨ ਮਜ਼ਦੂਰ ਏਕਤਾ' ਚੰਗਾ-ਚੰਗਾ ਲੱਗਣ ਲੱਗ ਗਿਆ ਸੀ। ਉਸਨੂੰ ਤਾਂ ਇੰਝ ਲੱਗਦਾ ਸੀ ਕਿ ਅਸੀਂ ਏਕੇ ਵਿੱਚ ਪ੍ਰੋਏ ਜਾ ਰਹੇ ਹਾਂ। ਭਾਵੇਂ ਕਾਲ਼ੇ ਕਾਨੂੰਨਾਂ ਕਰਕੇ ਹੀ ਸਹੀ। ਉਸਨੂੰ ਹੁਣ ਮਹਿਸੂਸ ਹੋ ਰਿਹਾ ਸੀ ਕਿ ਅਸੀਂ ਜੜ੍ਹ ਫੜਦੇ ਜਾ ਰਹੇ ਹਾਂ।

ਉਹ ਹੁਣ ਪਿੰਡ ਪੱਧਰ ਦੇ ਮਸਲਿਆਂ ਵਿੱਚ ਬਹੁਤ ਸ਼ਿੱਦਤ ਨਾਲ ਹਿੱਸਾ ਲੈਣ ਲੱਗ ਗਿਆ ਸੀ। ਸ਼ੁਰੂ-ਸ਼ੁਰੂ ਵਿੱਚ ਉਸਦੀ ਜਾਤ ਦੇ ਲੋਕ ਉਸਨੂੰ ਸ਼ੁਦਾਈ ਕਹਿਣ ਲੱਗ ਗਏ ਸੀ ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ ਕਿ ਜਾਤਾਂ ਦੇ ਹੰਕਾਰੇ ਲੋਕ ਮਸਾਂ ਮੋਦੀ ਦੀ ਜੜ੍ਹ ਹੇਠ ਆਏ ਨੇ। ਪਰ ਭੂਰੇ ਨੇ ਕੋਈ ਪ੍ਰਵਾਹ ਨਾ ਕੀਤੀ। ਜਦੋਂ ਵੀ ਵਕਤ ਲੱਗਦਾ ਉਹ ਇਨ੍ਹਾਂ ਜੂਝਦੇ ਲੋਕਾਂ ਨਾਲ਼ ਜਾ ਰਲ਼ਦਾ। ਉਹ ਪਿੰਡ ਦੇ ਕਹਿੰਦੇ ਕਹਾਉਂਦੇ ਲੋਕਾਂ ਦੀਆਂ ਅੱਖਾਂ ਦਾ ਤਾਰਾ ਬਣ ਗਿਆ ਸੀ। ਜਿਨ੍ਹਾਂ ਦੀਆਂ ਅੱਖਾਂ ਵਿੱਚ ਰੜਕਦਾ ਸੀ। ਅੱਜ ਉਹ ਉਨ੍ਹਾਂ ਦੀਆਂ ਹੀ ਅੱਖਾਂ ਦਾ ਸੁਰਮਾ ਬਣ ਕੇ ਉੱਭਰ ਰਿਹਾ ਸੀ।

ਮੋਰਚੇ ਲਈ ਉਗਰਾਹੀ ਕਰਨ ਆਇਆਂ ਨੂੰ ਉਸਨੇ ਆਪਣੀ ਬੇਬੇ ਨੂੰ ਕਹਿ ਕੇ ਇੱਕ ਹਜ਼ਾਰ ਦੀ ਪਰਚੀ ਕਟਵਾਈ ਸੀ। ਉਸਦੀ ਇਸ ਹੱਲਾਸ਼ੇਰੀ ਨੇ ਪਿੰਡ ਦੀ ਜੂਹ ਤੋਂ ਪਿੰਡ ਦੀ ਰੂਹ ਤੱਕ 'ਕਿਸਾਨ ਮਜ਼ਦੂਰ ਏਕਤਾ' ਦਾ ਝੰਡਾ ਬੁਲੰਦ ਕਰ ਦਿੱਤਾ ਸੀ। ਵਿਹੜੇ ਵਾਲ਼ੀਆਂ ਬੁੜੀਆਂ ਵੀ ਹੁਣ ਧਰਮਸ਼ਾਲਾ ਵਿੱਚ

ਰੋਟੀਆਂ ਪਕਾਉਣ ਜਾਂਦੀਆਂ ਤਾਂ ਜ਼ਿਮੀਦਾਰਾਂ ਦੀਆਂ ਤੀਵੀਆਂ ਕੋਲ਼ ਹੁੱਬ ਕੇ ਬੈਠਦੀਆਂ ਸਨ। ਉਨ੍ਹਾਂ ਨੂੰ ਰਿਸ਼ਤਿਆਂ ਦੀ ਮਹਿਕ ਆਉਣ ਲੱਗ ਗਈ ਸੀ। ਬਾਬੇ ਨਾਨਕ ਦੀ ਸੰਗਤ ਤੇ ਪੰਗਤ ਦੀ ਰੀਤ ਲੋਕਾਂ ਦੀ ਰੂਹ ਨੂੰ ਸਕੂਨ ਦੇ ਰਹੀ ਸੀ। ਨਹੀਂ ਤਾਂ ਵਿਚਾਰੇ ਵਿਹੜੇ ਵਾਲਿਆਂ ਨੂੰ ਕਦੇ ਲੰਗਰ ਦੇ ਨੇੜੇ ਵੀ ਨਹੀਂ ਸਨ ਢੁੱਕਣ ਦਿੰਦੇ। ਭੂਰੇ ਦੀ ਬੀਬੀ ਨੂੰ ਰੋਟੀ ਪਕਾਉਂਦੀ ਨੂੰ ਹੁਣ ਉਹ ਦਿਨ ਯਾਦ ਆ ਗਿਆ ਸੀ ਜਦੋਂ ਬਾਬੇ ਨੇ ਦਿਵਾਨਾ ਵੇਲ਼ੇ ਵਿਹੜੇ ਵਾਲ਼ੇ ਮੰਗੀ ਦੇ ਲੰਗਰ ਵਿੱਚ ਜਾਣ ਕਰਕੇ ਸਾਰਾ ਲੰਗਰ ਹੀ ਮੂਧਾ ਮਰਵਾ ਦਿੱਤਾ ਸੀ। ਪਰ ਅੱਜ ਉਹ ਆਪਣੇ ਗਾਤਰੇ ਨੂੰ ਠੀਕ ਕਰਦੀ ਹੋਈ, ਆਪਣੇ ਆਪ 'ਤੇ ਮਾਣ ਮਹਿਸੂਸ ਕਰ ਰਹੀ ਸੀ।

ਪਿੰਡ ਦੇ ਲੋਕ ਹੁਣ ਟ੍ਰਾਲੀਆਂ ਨੂੰ ਛੱਤ ਕੇ ਦਿੱਲੀ ਦੇ ਬਾਡਰਾਂ ਵੱਲ ਨੂੰ ਵਹੀਰਾਂ ਘੱਤ ਰਹੇ ਸਨ। ਪਿੰਡ ਵਿੱਚੋਂ ਵੀ ਕਈ ਟ੍ਰਾਲੀਆਂ ਟਿੱਕਰੀ ਬਾਡਰ 'ਤੇ ਚਲੀਆਂ ਗਈਆਂ ਸਨ। ਪਿੰਡ ਦੇ ਲੋਕ ਵਾਰੀ ਵਾਰੀ ਉੱਥੇ ਪਹੁੰਚ ਰਹੇ ਸਨ। ਨਿਹੰਗ ਸਿੰਘਾਂ ਨੇ ਆਪਣੀਆਂ ਫੌਜਾਂ ਦਿੱਲੀ ਨੂੰ ਰਵਾਨਾ ਕਰ ਦਿੱਤੀਆਂ ਸਨ। ਲੋਕ ਆਪਣੇ-ਆਪਣੇ ਸਾਧਨਾਂ ਤੇ ਹੀ ਦਿੱਲੀ ਨੂੰ ਕੂਚ ਰਹੇ ਸਨ। ਇੰਝ ਲੱਗਣ ਲੱਗਿਆ ਸੀ ਜਿਵੇਂ ਲੋਕਾਂ ਨੇ ਸ਼ਾਹ ਮੁਹੰਮਦ ਦੇ ਜੰਗਨਾਮੇ ਵਾਂਗ ਗੁਰਮਤਾ ਪਕਾ ਲਿਆ ਸੀ ਕਿ ਉਹ ਦਿੱਲੀ ਨੂੰ ਜਿੱਤ ਕੇ ਹੀ ਵਾਪਸ ਪਰਤਣਗੇ।

ਮਜ਼ਦੂਰ ਵੀ ਆਪਣੇ ਹਿੱਸੇ ਦਾ ਘੋਲ਼ ਲੜ ਰਹੇ ਸਨ। ਮੋਬਾਇਲਾਂ ਤੇ ਤਰ੍ਹਾਂ ਤਰ੍ਹਾਂ ਦੀਆਂ ਵੀਡੀਓ ਆ ਰਹੀਆਂ ਸਨ। ਲੋਕ ਸਾਇਕਲਾਂ ਨੂੰ ਸ਼ਿੰਗਾਰ ਕੇ ਹੀ ਦਿੱਲੀ ਵੱਲ ਨੂੰ ਕੂਚ ਕਰ ਰਹੇ ਸਨ। ਭੂਰੇ ਨੂੰ ਲੱਗਦਾ ਸੀ ਬਈ ਹੁਣ ਤਾਂ ਮੋਦੀ ਨੂੰ ਇਨ੍ਹਾਂ ਲੋਕਾਂ ਅੱਗੇ ਗੋਡੇ ਟੇਕਣੇ ਹੀ ਪੈਣੇ ਨੇ। ਉਹ ਵੀ ਦਿਨੋ-ਦਿਨ ਦਲੇਰੀ ਫੜਦਾ ਜਾ ਰਿਹਾ ਸੀ। ਸਾਰਾ ਟੱਬਰ ਹੁਣ ਭੂਰੇ ਨੂੰ ਹੱਲਾਸ਼ੇਰੀ ਦੇ ਰਿਹਾ ਸੀ। ਉਨ੍ਹਾਂ ਦੀ ਹੱਲਾਸ਼ੇਰੀ ਨੇ ਭੂਰੇ ਨੂੰ ਸਾਇਕਲ ਉੱਪਰ ਹੀ, ਦਿੱਲੀ ਵੱਲ ਨੂੰ ਕੂਚ ਕਰਨ ਦਾ ਹੌਸਲਾ ਦੇ ਦਿੱਤਾ ਸੀ।

"ਆਪਣਾ ਖਿਆਲ ਰੱਖਿਓ! ਧਿਆਨ ਨਾਲ਼ ਜਾਇਓ।" ਭੂਰੇ ਦੀ ਘਰਵਾਲ਼ੀ ਭੁਪਿੰਦਰ ਨੇ ਕਹਿੰਦੀ ਨੇ ਅੱਖਾਂ ਭਰ ਲਈਆਂ। ਉਸਨੂੰ ਲੱਗ ਰਿਹਾ ਸੀ ਜਿਵੇਂ ਉਹ ਬਾਡਰ 'ਤੇ ਸੱਚੀਂ ਜੰਗ ਲੜਨ ਜਾ ਰਿਹਾ ਹੋਵੇ। ਭੂਰਾ ਸਾਇਕਲ ਨਾਲ਼ 'ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ' ਦਾ ਝੰਡਾ ਬੰਨ੍ਹਦਾ ਫੁੱਲਿਆ ਨਹੀਂ ਸੀ ਸਮਾ ਰਿਹਾ। ਉਸਨੇ ਕੈਰੀਅਰ ਤੇ ਆਪਣਾ ਬੈਗ ਰੱਖ ਕੇ ਸਾਇਕਲ ਦੀ ਪੁਰਾਣੀ ਟਿਊਬ ਨਾਲ਼ ਕੱਸ ਕੇ ਬੰਨ੍ਹ ਲਿਆ ਸੀ। ਫਿਰ ਉਸਨੇ ਆਪਣੀ ਜੇਬ ਵਿੱਚੋਂ ਨਿੱਕੀਆਂ-ਨਿੱਕੀਆਂ ਦੋ ਝੰਡੀਆਂ ਕੱਢ ਕੇ ਆਪਣੇ ਜਵਾਕਾਂ ਨੂੰ ਫੜਾ ਦਿੱਤੀਆਂ। ਉਹ ਵੀ ਝੰਡੀਆਂ ਫੜ ਕੇ ਨਾਹਰੇ ਮਾਰਨ ਲੱਗ ਗਏ ਸਨ। ਉਸਨੇ ਆਪਣੀ ਜੇਬ ਦੇ ਉੱਤੇ 'ਕਿਸਾਨ ਮਜ਼ਦੂਰ ਏਕਤਾ' ਵਾਲ਼ਾ ਬਿੱਲਾ ਲਾ ਲਿਆ। ਬੇਬੇ ਬਾਪੂ ਨੂੰ ਮੱਥਾ ਟੇਕਿਆ ਤੇ ਭੁਪਿੰਦਰ ਨੂੰ ਪਿਆਰ ਨਾਲ਼ ਘੁੱਟਦਾ ਹੋਇਆ ਲੱਤ ਘੁਮਾ ਕੇ ਸਾਇਕਲ 'ਤੇ ਚੜ੍ਹ ਗਿਆ।

ਉਹ ਜਦੋਂ ਲੱਤ ਘੁਮਾ ਕੇ ਸਾਇਕਲ ਤੋਂ ਘਰ ਮੂਹਰੇ ਉੱਤਰਿਆ ਤਾਂ ਉਸਦੇ ਮੋਰਚੇ 'ਤੇ ਜਾਣ ਦੀ ਯਾਦ ਵੀ ਉਸਦੇ ਨਾਲ਼ ਹੀ ਉੱਤਰ ਗਈ। ਭੁਪਿੰਦਰ ਉਸਨੂੰ ਦਿਹਾੜੀਓਂ ਬੇਰੰਗ ਮੁੜੇ ਨੂੰ ਦੇਖ ਕੇ ਉਦਾਸ ਜਿਹੀ ਹੋ ਗਈ। ਉਹ ਵੀ ਉਸ ਤੋਂ ਅੱਖਾਂ ਚੁਰਾਉਂਦਾ ਹੋਇਆ ਅੰਦਰ ਜਾ ਪਿਆ। ਭੁਪਿੰਦਰ ਨੇ ਰੋਟੀ ਵਾਲ਼ਾ ਟਿਫਨ ਖੋਲ੍ਹ ਕੇ ਉਸਨੂੰ ਰੋਟੀ ਫੜਾਈ ਪਰ ਉਸਦੀ ਤਾਂ ਰੋਟੀ ਨੂੰ ਵੱਢੀ ਰੂਹ ਨਹੀਂ ਸੀ ਕਰ ਰਹੀ। ਉਹ ਓਸਨੂੰ ਰੋਟੀ ਖਾਣ ਲਈ ਕਹਿ ਕੇ ਆਪ ਨਰੇਗਾ ਵਾਲਿਆਂ ਦੀ ਟੋਲੀ ਨਾਲ਼ ਜਾ ਰਲ਼ੀ।

ਸੋਚਾਂ ਵਿੱਚ ਡੁੱਬਿਆ ਉਹ ਸਾਇਕਲ ਦਿੱਲੀ ਵੱਲ ਨੂੰ ਭਜਾਈ ਜਾ ਰਿਹਾ ਸੀ। ਉਸਨੇ ਕਦੇ ਦਿੱਲੀ ਨਹੀਂ ਸੀ ਦੇਖੀ ਪਰ ਅੱਜ ਉਸਦੀਆਂ ਅੱਖਾਂ ਵਿੱਚ ਦਿੱਲੀ ਹੀ ਦਿੱਲੀ ਦਿਸ ਰਹੀ ਸੀ। ਉਹ ਰਸਤੇ ਵਿੱਚ ਜਿੱਥੇ ਵੀ ਰੁਕਦਾ ਲੋਕ ਉਸਦਾ ਢਿੱਡ ਤੇ ਉਸਦਾ ਝੋਲ਼ਾ ਲੰਗਰ ਨਾਲ਼ ਭਰ ਦਿੰਦੇ। ਉਹ ਡ੍ਰਾਈ ਫਰੂਟਾਂ ਨੂੰ ਫੱਕੇ ਮਾਰਦਾ ਦਿੱਲੀ ਦੇ ਤਾਜ ਨੂੰ ਲਲਕਾਰਦਾ ਜਾ ਰਿਹਾ ਸੀ। ਜਿੱਥੇ ਵੀ ਉਸਨੂੰ ਰਾਤ ਪੈਂਦੀ ਉਹ ਉੱਥੇ ਹੀ ਟਿਕਾਣਾ ਲਾ ਲੈਂਦਾ। ਰਸਤੇ ਦੇ ਨਿੱਕੇ ਨਿੱਕੇ ਟਿਕਾਣਿਆਂ 'ਤੇ ਵੀ ਲੋਕਾਂ ਦੇ ਵੱਡੇ-ਵੱਡੇ ਦਿਲਾਂ ਨੂੰ ਮਹਿਸੂਸ ਕਰ ਰਿਹਾ ਸੀ।

ਕੋਈ ਉਸਤੋਂ ਜਾਤ ਨਹੀਂ ਸੀ ਪੁੱਛਦਾ। ਕੋਈ ਧਰਮ ਨਹੀਂ ਸੀ ਪੁੱਛਦਾ ਸਗੋਂ ਨੌਜਵਾਨ ਉਸਦੀਆਂ ਲੱਤਾਂ ਦੀਆਂ ਪਿੰਜਣੀਆਂ ਤੱਕ ਨੂੰ ਤੇਲ ਦੀ ਮਾਲਸ਼ ਕਰ ਜਾਂਦੇ ਸੀ। ਇਸ ਤਰ੍ਹਾਂ ਦਾ ਉਸਨੇ ਉਦੋਂ ਵੇਖਿਆ ਸੀ, ਜਦੋਂ ਲੋਕ ਤੀਰਥ ਯਾਤਰਾ ਤੋਂ ਆਉਂਦੇ ਹੁੰਦੇ ਸੀ ਤਾਂ ਪਿੰਡ ਦੇ ਲੋਕ ਉਨ੍ਹਾਂ ਦੇ ਪੈਰਾਂ 'ਤੇ ਨਮਸ਼ਕਾਰ ਕਰਦੇ ਹੁੰਦੇ ਸਨ। ਪਰ ਪਿੰਡ ਦੇ ਜ਼ਿਮੀਦਾਰਾਂ ਨੇ ਤਾਂ ਕਦੇ ਤੀਰਥ ਤੋਂ ਆਏ ਵਿਹੜੇ ਵਾਲਿਆਂ ਦੇ ਪੈਰੀਂ ਨਮਸ਼ਕਾਰ ਨਹੀਂ ਸੀ ਕੀਤਾ। ਪਰ ਅੱਜ ਉਸਨੂੰ ਲੱਤਾਂ 'ਤੇ ਮਾਲਸ਼ ਕਰਵਾਉਂਦੇ ਨੂੰ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਦਿੱਲੀ ਹੁਣ ਉਸ ਲਈ ਸਭ ਤੋਂ ਵੱਡਾ ਤੀਰਥ ਬਣ ਗਈ ਹੋਵੇ। ਉਹ ਲੋਕਾਂ ਦੇ ਬਦਲਾਅ ਨੂੰ ਦੇਖ ਕੇ ਹੈਰਾਨ ਹੋ ਰਿਹਾ ਸੀ।

ਜਦੋਂ ਉਹ ਲੱਭਦਾ ਲੁਭਾਉਂਦਾ ਮੋਰਚੇ ਵਿੱਚ ਟਿੱਕਰੀ ਬਾਡਰ 'ਤੇ ਪਿੰਡ ਦੀਆਂ ਟ੍ਰਾਲ਼ੀਆਂ ਕੋਲ਼ ਪਹੁੰਚਿਆ ਤਾਂ ਸੂਬੇਦਾਰਾਂ ਦੇ ਪਾਲੀ ਨੇ ਉਸਨੂੰ ਮੋਢਿਆਂ 'ਤੇ ਚੁੱਕ ਲਿਆ। ਜਦੋਂ ਉਸਨੇ ਉਸਨੂੰ ਘੁੱਟ ਕੇ ਜੱਫੀ ਪਾਈ ਤਾਂ ਭੂਰੇ ਦੀਆਂ ਅੱਖਾਂ ਨੇ ਮੀਂਹ ਵਰ੍ਹਾ ਦਿੱਤਾ। ਉਸਦੀ ਜੱਫੀ ਵਿੱਚੋਂ ਉਸਨੂੰ ਪਿੰਡ ਦੀ ਮੁਹੱਬਤ ਦਾ ਪੈਗਾਮ ਮਿਲ਼ ਰਿਹਾ ਸੀ। ਬਿੰਦ 'ਚ ਹੀ ਪਿੰਡ ਦੇ ਸਾਰੇ ਮੁੰਡੇ-ਖੁੰਡੇ, ਬਜ਼ੁਰਗ ਜੋ ਉੱਥੇ ਹਾਜ਼ਰ ਸਨ, ਉਸਨੂੰ ਘੁੱਟ ਕੇ ਮਿਲ਼ ਰਹੇ ਸਨ। ਸਾਰਿਆਂ ਨੇ ਉਸਦਾ ਭਰਵਾਂ ਸਵਾਗਤ ਕੀਤਾ ਸੀ।

ਦੁਪਹਿਰ ਦੀ ਰੋਟੀ ਤੋਂ ਬਾਅਦ ਸਟੇਜਾਂ ਵੱਲ ਘੁੰਮਦੇ

ਤੇ ਤਕਰੀਰਾਂ ਸੁਣਦੇ ਨੌਜ਼ਵਾਨ ਆਪਣੀਆਂ-ਆਪਣੀਆਂ ਟ੍ਰਾਲੀਆਂ ਵੱਲ ਨੂੰ ਪਰਤ ਰਹੇ ਸਨ। ਭੂਰੇ ਨੂੰ ਦਿਨ ਦੇ ਛਿਪਾਅ ਨਾਲ਼ ਟ੍ਰਾਲ਼ੀਆਂ ਪਿੰਡ ਵਿੱਚ ਤਬਦੀਲ ਹੋ ਗਈਆਂ ਲੱਗੀਆਂ ਸਨ। ਪਰ ਉਸਨੂੰ ਭੁਪਿੰਦਰ ਤੇ ਬੱਚੇ ਕਿਧਰੇ ਵੀ ਨਜ਼ਰੀਂ ਨਹੀਂ ਪੈ ਰਹੇ ਸਨ। ਨਾ ਹੀ ਉਸਨੂੰ ਬੇਬੇ ਦੇ ਪਾਠ ਕਰਨ ਦੀ ਅਵਾਜ਼ ਸੁਣਾਈ ਦੇ ਰਹੀ ਸੀ। ਅੱਜ ਨਾ ਹੀ ਉਹ ਆਪਣੇ ਬਾਪੂ ਕੋਲ਼ ਬੈਠਿਆ ਸੀ। ਉਹ ਉਦਾਸ ਜਿਹਾ ਹੋ ਗਿਆ ਪਰ ਫਿਰ ਵੀ ਉਹ ਜਲਦੀ ਹੀ ਉਹ ਇਸ ਮੋਰਚੇ ਦਾ ਹਿੱਸਾ ਬਣ ਗਿਆ ਸੀ।

ਉਸਨੇ ਆਲੂਆਂ ਨੂੰ ਧੋ ਕੇ ਚੀਰਨਾ ਸ਼ੁਰੂ ਕਰ ਦਿੱਤਾ ਸੀ। ਉਸਦੇ ਮੰਜੇ ਕੋਲ਼ ਖੜ੍ਹ ਕੇ ਕਈ ਮੁੰਡਿਆਂ ਨੇ ਆਲੂਆਂ ਨੂੰ ਬਿੰਦ ਵਿੱਚ ਹੀ ਚੀਰ ਧਰਿਆ ਸੀ। ਉਹ ਉੱਠ ਕੇ ਫਿਰ ਭਾਂਡੇ ਧੋਣ ਜਾ ਲੱਗਿਆ। ਰੋਟੀ ਪਕਾਉਣ ਨਾ ਲੱਗਿਆ ਤਾਂ ਬੀਰੇ ਨੇ ਉਸਨੂੰ ਹਾਕ ਮਾਰ ਕੇ ਕੋਲ਼ ਬਿਠਾ ਕੇ ਰੋਟੀਆਂ ਸੇਕਣ ਲਾ ਲਿਆ। ਉਸਦੀ ਰੂਹ ਖਿੜ ਗਈ ਤੇ ਮਾਣ ਨਾਲ਼ ਉਸਦੀ ਧੌਣ ਉੱਚੀ ਹੋ ਗਈ। ਉਹ ਹੁਣ ਸਾਰਿਆਂ ਵਿੱਚ ਬੈਠਾ ਉਨ੍ਹਾਂ ਦੀਆਂ ਗੱਲਾਂ ਦਾ ਧੁਰਾ ਬਣਿਆ ਹੋਇਆ ਸੀ।

ਨੇੜੇ ਹੀ ਟ੍ਰਾਲੀ ਵਿੱਚ ਚਾਰ ਕੁ ਬੰਦੇ ਪੈੱਗ ਲਾਉਣ ਬੈਠੇ ਹੋਏ ਸਨ। ਉਸਨੂੰ ਮੋਰਚੇ ਦਾ ਇਹ ਹਿੱਸਾ ਪਿੰਡ ਦੇ ਵਿਆਹ ਵਰਗਾ ਲੱਗਿਆ। ਜਦੋਂ ਉਹ ਮੋਰਚੇ ਦਾ ਗੇੜਾ ਲਾਉਣ ਨਿੱਕਲਿਆ ਤਾਂ ਮੋਰਚੇ ਦੇ ਇਕੱਠ ਨੂੰ ਦੇਖ ਕੇ ਉਸਨੂੰ ਇੰਝ ਲੱਗਦਾ ਸੀ ਜਿਵੇਂ ਪੂਰੀ ਦੁਨੀਆ ਸਿਮਟ ਕੇ ਮੋਰਚਾ ਬਣ ਗਈ ਹੋਵੇ। ਰਾਤ ਦੇ ਹਨ੍ਹੇਰੇ ਵਿੱਚ ਐਨੇ ਇਕੱਠ ਵਿੱਚ ਵੀ ਕੁੜੀਆਂ, ਬੁੜ੍ਹੀਆਂ, ਤੀਵੀਆਂ ਬੇਝਿਜਕ ਫਿਰ ਰਹੀਆਂ ਸਨ ਤੇ ਆਪੋ ਆਪਣੇ ਕੰਮਾਂ ਵਿੱਚ ਰੁਝੀਆਂ ਹੋਈਆਂ ਪ੍ਰਤੀਤ ਹੋ ਰਹੀਆਂ ਸਨ। ਇਹ ਸਭ ਦੇਖ ਕੇ ਭੂਰੇ ਦੇ ਦਿਲ ਨੂੰ ਅਗੰਮੀ ਜਿਹੀ ਖੁਸ਼ੀ ਮਹਿਸੂਸ ਹੋ ਰਹੀ ਸੀ। ਉਸਨੂੰ ਹੁਣ ਬਾਬੇ ਦਾ ਫ਼ਲਸਫ਼ਾ ਮੋਰਚੇ ਵਿੱਚੋਂ ਪ੍ਰਤੱਖ ਦਿਖਣ ਲੱਗ ਗਿਆ ਸੀ।

ਉਹ ਆਪਣੀ ਠਹਿਰ ਵਿੱਚ ਵਾਪਸ ਆ ਕੇ ਰੋਟੀ ਵਰਤਾਉਣ ਲੱਗ ਗਿਆ। ਜਦੋਂ ਉਹ ਪ੍ਰਸ਼ਾਦੇ ਵਰਤਾ ਕੇ ਟ੍ਰਾਲੀ ਵਿੱਚੋਂ ਹੇਠਾਂ ਉੱਤਰਿਆ ਤਾਂ ਫੁਕਰਿਆਂ ਦੇ ਮੋਹਣੀ ਦੀ ਅਵਾਜ਼ ਉਸਦੇ ਕੰਨੀਂ ਪਈ, "ਇਹ ਮਝਵੈੜ ਮੋਰਚੇ 'ਚ ਕੀ ਕਰਦਾ ਫਿਰਦਾ...ਲੰਗਰ ਦੀ ਚਾਬੀ ਵੀ ਉਸਨੂੰ ਥਮਾ ਤੀ...ਇਹ ਤਾਂ ਸਾਲ਼ਾ ਪਿੰਡ ਵਿੱਚ ਵੀ ਆਪਣੇ ਆਪ ਨੂੰ ਮਾਰਕਸ਼ ਦਾ ਪੋਤਾ ਸਮਝਦਾ...।" ਤਾਂ ਉਸਨੂੰ ਇਹ ਸੁਣ ਕੇ ਹੁਣ ਮੋਰਚਾ ਬਾਬੇ ਦੇ ਫ਼ਲਸਫ਼ੇ ਤੋਂ ਕਿਤੇ ਦੂਰ ਦੀ ਸ਼ੈਅ ਲੱਗਿਆ।

ਉਹ ਨਿੰਮੋਝੂਣਾ ਜਿਹਾ ਹੋ ਕੇ ਟੈਂਟ ਦੀ ਪੱਲੀ 'ਤੇ ਅੰਦਰ ਜਾ ਪਿਆ। ਹੁਣ ਉਸਨੂੰ ਪੱਲੀ ਵੀ ਓਪਰੀ-ਓਪਰੀ ਜਿਹੀ ਲੱਗੀ। ਉਸਦੀ ਬੇਬੇ ਦੀਆਂ ਆਖੀਆਂ ਗੱਲਾਂ ਹੁਣ ਉਸਦੇ ਅੰਦਰ ਲਹਿੰਦੀਆਂ ਜਾ ਰਹੀਆਂ ਸਨ। ਉਹ ਸੋਚ ਹੀ ਰਿਹਾ ਸੀ ਕਿ 'ਅਸੀਂ ਭਾਵੇਂ ਕਿੰਨੇ ਹੀ ਵੱਡੇ ਮੋਰਚੇ ਫਤਹਿ ਕਰ ਲਈਏ ਪਰ ਜਾਤਾਂ-ਪਾਤਾਂ ਦੇ ਮੋਰਚੇ 'ਤੇ ਅਸੀਂ ਮੂਧੇ ਮੂੰਹ ਆ ਡਿੱਗਦੇ ਹਾਂ...।" ਪਰ ਫਿਰ ਸਾਰਿਆਂ ਨੇ ਹੀ ਮੋਹਣੀ ਦੀ ਗਲਤੀ ਦੱਸਦੇ ਹੋਏ ਉਸਨੂੰ ਅਪਣੱਤ ਦਾ ਅਹਿਸਾਸ ਕਰਵਾ ਦਿੱਤਾ ਸੀ।

ਇਹ ਅਪਣੱਤ ਮੋਰਚੇ ਨੇ ਦਿੱਲੀ ਤੋਂ ਪਿੰਡਾਂ ਦੇ ਘਰਾਂ ਤੱਕ ਪਹੁੰਚਾ ਦਿੱਤੀ ਸੀ। ਲੋਕਾਂ ਦੇ ਖੇਤ ਹੁਣ ਪਿੰਡ ਦੇ ਖੇਤ ਹੋ ਗਏ ਸੀ। ਕੰਮਾਂ ਕਾਰਾਂ ਦੀਆਂ ਸਾਂਝਾਂ ਪੈ ਗਈਆਂ ਸਨ। ਗਰੀਬਾਂ ਦੇ ਕੀਲਿਆਂ 'ਤੇ ਖੜ੍ਹੇ ਪਸ਼ੂ ਹੁਣ ਜਿਮੀਦਾਰਾਂ ਨੂੰ ਉਨ੍ਹਾਂ ਦੇ ਡੰਗਰਾਂ ਵਰਗੇ ਹੀ ਲੱਗਣ ਲੱਗ ਗਏ ਸਨ। ਹੁਣ ਚੌਂਕੇ ਵਿੱਚ ਬੈਠੀਆਂ ਬੁੜੀਆਂ ਘਰੇ ਕੰਮ ਕਰਨ ਆਉਂਦੇ ਬੰਦਿਆਂ ਨੂੰ ਸੌਖੇ ਹੀ ਕਹਿ ਦਿੰਦੀਆਂ ਸਨ ਕਿ 'ਭਾਈ ਸਾਡੇ ਪਸ਼ੂਆਂ ਨੂੰ ਸਾਂਭ ਕੇ, ਤੁਸੀਂ ਵੀ ਖੇਤੋਂ ਆਪਣੇ ਪਸ਼ੂਆਂ ਲਈ ਵੇਲ਼ੇ ਕੁਵੇਲ਼ੇ ਪੱਠੇ ਤੱਥੇ ਵੱਢ ਕੇ ਲੈ ਜਾਇਆ ਕਰੋ।' ਨਹੀਂ ਤਾਂ ਕਈਆਂ ਦੀ ਵੱਟ 'ਤੇ ਚੜ੍ਹਨਾ ਵੀ ਗਰੀਬ ਬੰਦਿਆਂ ਲਈ ਬਾਡਰ ਟੱਪਣ ਵਰਗਾ ਹੁੰਦਾ ਸੀ।

ਪਿੰਡ ਦੇ ਬਹੁਤੇ ਲੋਕ ਹੁਣ ਮੋਰਚੇ ਵਿੱਚ ਸ਼ਾਮਲ ਹੋ ਚੁੱਕੇ ਸਨ। ਪਿਡਾਂ ਵਿੱਚ ਤਾਂ ਹੁਣ ਬੰਦੇ ਟਾਵੇਂ-ਟਾਵੇਂ ਜਿਹੇ ਹੀ ਨਜ਼ਰੀਂ ਪੈਂਦੇ ਸਨ। ਘਰਾਂ ਦੀਆਂ ਸੁਆਣੀਆਂ ਨੇ ਘਰਾਂ ਦੇ ਨਾਲ਼-ਨਾਲ਼ ਖੇਤਾਂ ਦਾ ਕੰਮ ਵੀ ਸੰਭਾਲ਼ ਲਿਆ ਸੀ। ਸ਼ਹਿਰੀਂ ਪੜ੍ਹਦੀਆਂ ਕੁੜੀਆਂ ਨੇ ਵੀ ਹੁਣ ਘਰਾਂ ਦੇ ਬਾਡਰਾਂ 'ਤੇ ਆਪਣੇ ਮੋਰਚੇ ਸੰਭਾਲ਼ੇ ਹੋਏ ਸਨ। ਪਰ ਝੋਨਾ ਪੱਕਣ 'ਤੇ ਆਇਆ ਪਿਆ ਸੀ। ਸਭ ਨੂੰ ਪਿੱਛੇ ਖੇਤਾਂ ਵਿੱਚ ਜਵਾਨ ਹੋਏ ਝੋਨੇ ਦਾ ਫਿਕਰ ਵੱਢ-ਵੱਢ ਖਾ ਰਿਹਾ ਸੀ। ਸਰਕਾਰ ਨੂੰ ਵੀ ਲੱਗਦਾ ਸੀ ਕਿ ਹੁਣ ਮੋਰਚਾ ਝੋਨੇ ਦੇ ਸੀਜ਼ਨ ਕਾਰਨ ਜ਼ਰੂਰ ਹੌਲ਼ਾ ਪੈ ਜਾਵੇਗਾ। ਲੋਕ ਵੀ ਵਾਪਸ ਜਾਣ ਲਈ ਤਰਲੋ ਮੱਛੀ ਹੋ ਰਹੇ ਸਨ ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਛਮਾਹੀਂ ਆਈ ਫ਼ਸਲ ਹੀ ਉਨ੍ਹਾਂ ਦਾ ਅਗਲਾ ਸਫਰ ਤੈਅ ਕਰਦੀ ਹੈ। ਪਰ ਹੁਣ ਤਾਂ ਉਨ੍ਹਾਂ ਨੂੰ ਸਭ ਕੁਛ ਮੁੱਠੀ ਵਿੱਚੋਂ ਕਿਰਦਾ ਜਾਪ ਰਿਹਾ ਸੀ।

ਜਦੋਂ ਸਾਰੇ ਹੀ ਟ੍ਰਾਲੀ ਕੋਲ਼ ਬੈਠੇ ਇਸ ਗੱਲ ਦਾ ਫ਼ਿਕਰ ਕਰ ਰਹੇ ਸਨ ਤਾਂ ਭੂਰੇ ਨੇ ਬਾਂਹ ਕੱਢ ਕੇ ਕਿਹਾ, "ਬਾਈਓ! ਕਿਸਾਨਾਂ ਤੇ ਮਜ਼ਦੂਰਾਂ ਦੀ ਏਕਤਾ ਹੈ ਤਾਂ ਫ਼ਿਕਰ ਕਿਸ ਗੱਲ ਦਾ...ਅਸੀਂ ਨਿਭਾਵਾਂਗੇ ਇਸ ਏਕੇ ਨੂੰ...ਪਿੰਡ ਦੀਆਂ ਫ਼ਸਲਾਂ ਨੂੰ ਅਸੀਂ ਸੰਭਾਲ਼ਾਂਗੇ ਪਰ ਮੋਰਚਾ ਫਤਿਹ ਹੋ ਕੇ ਹੀ ਘਰ ਵਾਪਸ ਜਾਵੇਗਾ...।"

ਭੂਰੇ ਦੀ ਗੱਲ ਸੁਣ ਕੇ ਫੁਕਰਿਆਂ ਦੇ ਮੋਹਣੀ ਦੀਆਂ ਵੀ ਅੱਖਾਂ ਭਰ ਆਈਆਂ। ਉਸਨੇ ਉੱਠ ਕੇ ਭੂਰੇ ਨੂੰ ਕਲ਼ਾਵੇ ਵਿੱਚ ਲੈ ਲਿਆ। ਭੂਰੇ ਨੂੰ ਲੱਗਦਾ ਸੀ ਹੁਣ ਜਿਵੇਂ ਮਜ਼ਦੂਰਾਂ ਨੇ ਦਿਲ ਜਿੱਤ ਕੇ ਅੱਧਾ ਮੋਰਚਾ ਤਾਂ ਸਰ ਕਰ ਲਿਆ ਸੀ। ਸਾਰੇ ਹੀ ਭੂਰੇ ਅਤੇ ਉਸਦੇ ਪਹੁੰਚੇ ਹੋਏ ਮਜ਼ਦੂਰ ਸਾਥੀਆਂ 'ਤੇ ਮਣਾਂ ਮੂੰਹੀਂ ਮਾਣ ਕਰ ਰਹੇ ਸਨ। ਹੁਣ ਪਿੰਡ ਜਾ ਕੇ ਸੀਜ਼ਨ ਲਾਉਣ ਦੀਆਂ ਵਿਓਂਤਾਂ ਘੜੀਆਂ ਜਾਣ ਲੱਗੀਆਂ ਸਨ।

ਵਿਉਂਤਵੰਦੀ ਕਰਕੇ ਜਦੋਂ ਭੂਰੇ ਹੁਣੀਂ ਪੱਲੀਆਂ 'ਤੇ ਜਾ ਪਏ ਤਾਂ ਸਾਰਿਆਂ ਦੇ ਬੈਠਿਆਂ ਵਿੱਚ ਗੁਰਮੇਲ ਨੇ ਗੱਲ ਕੀਤੀ ਬਈ, "ਸਾਨੂੰ ਇਹ ਗੱਲਾਂ ਯਾਦ ਰੱਖਣੀਆਂ ਪੈਣਗੀਆਂ...ਸਾਡੀ

ਕੌਮ ਅਹਿਸਾਨ ਫਰਾਮੋਸ਼ ਨਹੀਂ...ਇਹ ਨਾ ਹੋਵੇ ਮੋਰਚਾ ਫਤਹਿ ਤੇ ਯਾਰੀਆਂ ਖਤਮ...ਅੜ ਕੇ ਖੜ੍ਹੇ ਨੇ ਇਹ ਸਾਡੇ ਨਾਲ਼ ਤੇ ਸਾਨੂੰ ਵੀ ਇੰਝ ਹੀ ਖੜ੍ਹਨਾ ਪੈਣਾ ਇਨ੍ਹਾਂ ਨਾਲ਼...ਅੱਜ ਭਈਏ ਨੀ...ਸਾਡੇ ਨਾਲ਼ ਭਾਈ ਖੜ੍ਹੇ ਨੇ...ਮੁੱਹਬਤ ਦਾ ਕੋਈ ਮੋੜ ਨੀ ਹੁੰਦਾ।" ਗੁਰਮੇਲ ਦੀਆਂ ਗੱਲਾਂ ਸੁਣ ਕੇ ਸਭ ਉਸ ਦੀਆਂ ਗੱਲਾਂ ਦੀ ਤਸਦੀਕ ਕਰ ਰਹੇ ਸਨ।

ਜਿਸ ਤਰ੍ਹਾਂ ਮਾਣੋ ਪਿੰਡ ਦੇ ਲੋਕਾਂ ਨੇ ਕਿਸਾਨ ਮਜ਼ਦੂਰ ਏਕਤਾ ਦਾ ਸਬੂਤ ਦਿੱਤਾ ਸੀ। ਉਸ ਤਰ੍ਹਾਂ ਦੀਆਂ ਵਿਉਂਤਾਂ ਹੁਣ ਮੋਰਚੇ ਦੀਆਂ ਸਾਰੀਆਂ ਟ੍ਰਾਲੀਆਂ ਵਿੱਚ ਹੋਣ ਲੱਗ ਗਈਆਂ ਸਨ। ਮੋਰਚਾ ਆਪਣੇ ਜਾਹੋ ਜਲਾਲ ਨਾਲ਼ ਚੱਲ ਰਿਹਾ ਸੀ। ਇੱਧਰ ਪਿੰਡਾਂ ਵਿਚਲੇ ਏਕੇ ਨੇ ਦਿੱਲੀ ਦੀਆਂ ਕੁਰਸੀਆਂ ਨੂੰ ਵਖਤ ਪਾ ਦਿੱਤਾ ਸੀ। ਕਿਉਂਕਿ ਹਰ ਵਾਰ ਮੋਰਚੇ ਵਿੱਚ ਆਈਆਂ ਅੜ੍ਹਚਣਾ ਮੋਰਚੇ ਨੂੰ ਦੂਣ ਸਵਾਇਆ ਕਰ ਦਿੰਦੀਆਂ ਸਨ।

ਪਿੰਡ ਵਿੱਚ ਝੋਨੇ ਦੀ ਵਾਢੀ ਚੱਲ ਪਈ ਸੀ। ਕੰਬਾਇਨਾਂ ਖੇਤਾਂ ਵਿੱਚ ਸ਼ੂਕਦੀਆਂ ਫਿਰ ਰਹੀਆਂ ਸਨ। ਘਰ ਵਿੱਚਲੇ ਜੋ ਇੱਕਾ ਦੁੱਕਾ ਜੀਅ ਸਨ, ਉਹ ਵੀ ਮੰਡੀ ਵਿੱਚ ਝੋਨੇ ਦੀ ਰਾਖੀ ਲਈ ਚਲੇ ਗਏ ਸਨ। ਇੰਝ ਲੱਗਦਾ ਸੀ ਜਿਵੇਂ ਲੋਕ ਹੁਣ ਕਈ ਬਾਡਰਾਂ ਤੇ ਲੜ ਰਹੇ ਸਨ। ਜਿਵੇਂ ਦਿੱਲੀ, ਘਰ, ਮੰਡੀ ਤੇ ਖੇਤ।

ਭੂਰੇ ਨੇ ਮੁੰਡਿਆਂ ਦੀਆਂ ਟੋਲੀਆਂ ਬਣਾ ਕੇ ਰਾਤ ਨੂੰ ਠੀਕਰੇ ਪਹਿਰੇ ਲਾਉਣੇ ਸ਼ੁਰੂ ਕਰ ਦਿੱਤੇ ਸਨ। ਘਰ-ਘਰ ਵਿੱਚ ਕਿਰਤੀਆਂ ਦੇ ਮੁੰਡਿਆਂ ਦੀ ਦਰਿਆਦਿਲੀ ਦੀਆਂ ਗੱਲਾਂ ਚੱਲ ਰਹੀਆਂ ਸਨ। ਕਿਰਤੀਆਂ ਨੂੰ ਆਪਣੇ ਹੱਕ ਵਿਸਰ ਗਏ ਸਨ ਬੱਸ ਫਰਜ਼ਾਂ ਲਈ ਇੱਕ ਦੂਜੇ ਤੋਂ ਅੱਗੇ ਵਧ ਰਹੇ ਸਨ।

ਠੀਕਰੀ ਪੈਰ੍ਹਾ ਲੱਗਿਆ ਹੋਇਆ ਸੀ। ਰਾਤ ਕਾਫੀ ਬੀਤ ਚੁੱਕੀ ਸੀ। ਭੂਰਾ ਲੋਹਾਰਾਂ ਦੇ ਘੁਲਾੜ ਕੋਲ਼ ਆਪਣੀ ਪੈਰ੍ਹੇ ਵਾਲ਼ੀ ਪਾਰਟੀ ਨਾਲ਼ ਬੈਠਾ ਸੀ। ਬਲਦੇਵ ਕੋਲ਼ੇ ਪਰਨਾ ਵਿਛਾ ਕੇ ਅੱਧ ਸੁੱਤਾ ਜਿਹਾ ਪਿਆ ਸੀ। ਅੱਧੀ ਕੁ ਰਾਤ ਦਾ ਵੇਲ਼ਾ ਹੋਣਾ ਜਦੋਂ ਰੋਣ ਅਤੇ ਚੀਕਾਂ ਦੀਆਂ ਅਵਾਜ਼ਾਂ, ਉਨ੍ਹਾਂ ਦੇ ਕੰਨੀਂ ਪਈਆਂ ਤਾਂ ਬਲਦੇਵ ਵੀ ਇੱਕਦਮ ਉੱਠ ਕੇ ਬੈਠ ਗਿਆ। ਅਵਾਜ਼ਾਂ ਇੱਕਦਮ ਮਾਤਮ ਵਿੱਚ ਬਦਲ ਗਈਆਂ ਸਨ। ਸਾਰੇ ਹੀ ਆਪਣੇ ਪੈਰਾਂ ਵਿੱਚ ਜੁੱਤੀਆਂ ਫਸਾਉਂਦੇ ਅਵਾਜ਼ਾਂ ਵੱਲ ਨੂੰ ਭੱਜੇ ਜਾ ਰਹੇ ਸਨ।

ਜਦੋਂ ਉਹ ਫੁਕਰਿਆਂ ਦੇ ਘਰ ਕੋਲ਼ ਪਹੁੰਚੇ ਤਾਂ ਮੋਹਣੀ ਦਾ ਪਿਓ ਮੰਜੀ ਉੱਤੇ ਪਿਆ ਸੀ। ਸਤਨਾਮ ਡਾਕਟਰ ਉਸਦੀ ਨਬਜ਼ ਨੂੰ ਦੇਖਦਾ ਨਾਂਹ ਵਿੱਚ ਸਿਰ ਫੇਰ ਗਿਆ ਸੀ। ਲੋਕ ਇਕੱਠੇ ਹੋ ਗਏ ਸਨ। ਪਰ ਲੋਕਾਂ ਵਿੱਚ ਸਿਵਾਇ ਬੁੜ੍ਹੀਆਂ ਤੋਂ ਬੰਦਾ ਤਾਂ ਕੋਈ ਟਾਵਾਂ-ਟਾਵਾਂ ਹੀ ਖੜ੍ਹਾ ਦਿਖਾਈ ਦੇ ਰਿਹਾ ਸੀ। ਕਿਉਂਕਿ ਮੋਰਚੇ ਅਤੇ ਸੀਜ਼ਨ ਨੇ ਬੰਦਿਆਂ ਨੂੰ ਤਾਂ ਜਿਵੇਂ ਆਪਣੇ ਅੰਦਰ ਹੀ ਸਮਾ ਲਿਆ ਸੀ। ਪਰ ਭੂਰਾ ਤੇ ਉਸਦੇ ਸਾਥੀ ਆਪਣੇ ਮੋਰਚੇ 'ਤੇ ਡਟੇ ਖੜ੍ਹੇ ਸਨ।

ਮੋਹਣੀ ਦਿੱਲੀ ਤੋਂ ਘਰ ਨੂੰ ਚੱਲ ਪਿਆ ਸੀ। ਉਸਦੇ ਪਹੁੰਚਣ ਤੱਕ ਸਭ ਇੰਤਜ਼ਾਮ ਹੋ ਚੁੱਕਿਆ ਸੀ। ਸਾਰੇ ਮੁੰਡੇ ਭੈਣੇ ਬੀਬੀ ਕਰਦੇ ਸਮੇਂ ਨੂੰ ਸੰਭਾਲ਼ ਰਹੇ ਸਨ। ਉਨ੍ਹਾਂ ਦੇ ਇਸ ਪਿਆਰ ਤੇ ਅਪਣੱਤ ਨੇ ਐਨੇ ਵੱਡੇ ਦੁੱਖ ਵਿੱਚ ਵੀ,ਪਿੰਡ ਮਾਣੋ ਦਾ ਮੋਰਚਾ ਫਤਹਿ ਕਰ ਲਿਆ ਸੀ।

ਲੋਕ ਹੁਣ ਮਹਿਸੂਸ ਕਰ ਰਹੇ ਸਨ ਕਿ ਕਾਨੂੰਨਾਂ ਨੇ ਖੇਤਾਂ ਦਾ ਤਾਂ ਪਤਾ ਨੀ ਕਰਨਾ। ਪਰ ਖੇਤਾਂ ਦੀਆਂ ਚਿੰਤਾਵਾਂ ਨੇ ਬੰਦੇ ਵਿੱਚੋਂ ਬੰਦਾ ਖੋਰ ਕੇ ਰੱਖ ਦਿੱਤਾ ਸੀ।

ਮੋਹਣੀ ਤੇ ਉਸਦੇ ਸਾਥੀ ਮਰਨਾ ਕਿਉਂਟ ਕੇ ਫਿਰ ਦਿੱਲੀ ਵਾਲ਼ੇ ਮੋਰਚੇ ਨੂੰ ਚੱਲ ਪਏ ਸਨ। ਭੂਰਾ ਵੀ ਨਾਲ਼ ਹੀ ਜਾਣਾ ਚਾਹੁੰਦਾ ਸੀ। ਪਰ ਬਿਜਾਈ ਦੀ ਸ਼ੁਰੂਆਤ ਹੋਣ ਕਰਨ,ਸਾਰੇ ਉਨ੍ਹਾਂ ਨੂੰ ਫਿਰ ਪਿੰਡ ਹੀ ਛੱਡ ਗਏ ਸਨ।

ਪਿੰਡ ਵਿੱਚ ਰਹਿ ਗਏ ਮੁੰਡਿਆਂ ਨਾਲ਼ ਮਿਲ਼ ਕੇ ਵਾਰੀ ਸੁਧੇ ਕਣਕ ਦੀ ਬਿਜਾਈ ਕੀਤੀ ਜਾ ਰਹੀ ਸੀ। ਰਾਤ ਨੂੰ ਬਚਨਾ ਮੌੜ ਭੂਰੇ ਨੂੰ ਸਦੇਹਾਂ ਬਿਜਾਈ ਕਰਨ ਲਈ ਸੁਨੇਹਾ ਲਾ ਗਿਆ ਸੀ।

ਭੂਰਾ ਵੀ ਪਾਠੀ ਬੋਲਦੇ ਨਾਲ਼ ਹੀ ਉੱਠ ਖੜ੍ਹਿਆ ਸੀ। ਨਹਾ ਕੇ ਤੇ ਭੁਪਿੰਦਰ ਦੀ ਬਣਾਈ ਚਾਹ ਪੀ ਕੇ ਉਹ ਮੌੜਾਂ ਦੇ ਘਰ ਨੂੰ ਚੱਲ ਪਿਆ। ਉਹ ਅੰਦਰਲੀ ਬੀਹੀਂ ਮੁੜ ਗਿਆ। ਅੱਗੇ ਗੁਰੂ ਘਰ ਨੂੰ ਜਾਂਦੀ ਪਤਲੀ ਗਲ਼ੀ ਵਿੱਚ ਵੜਿਆ ਤਾਂ ਦੋ ਪਰਛਾਵੇਂ ਉਸਦੇ ਨਜ਼ਰੀਂ ਪਏ। ਉਹ ਕਾਹਲ ਨਾਲ਼ ਪਰਛਾਵਿਆਂ ਵੱਲ ਨੂੰ ਹੋ ਗਿਆ। ਪੈੜਚਾਲ ਸੁਣ ਕੇ ਇੱਕ ਦੂਜੇ ਨਾਲ਼ ਗੁੱਥ-ਮਗੁੱਥਾ ਹੋਏ ਪਰਛਾਵੇਂ ਫ਼ਾਸਲੇ 'ਤੇ ਜਾ ਖੜ੍ਹੇ। ਕਿਉਂਕਿ ਨਿੱਕਲਣ ਦਾ ਰਸਤਾ ਉਹੀ ਸੀ, ਜਿੱਧਰੋਂ ਭੂਰਾ ਆ ਰਿਹਾ ਸੀ।

ਉਸਨੇ ਕੋਲ਼ ਜਾ ਕੇ ਦੇਖਿਆ ਤਾਂ ਸੇਵਕ ਦੀ ਭਰਜਾਈ ਵੀਰੋ ਤੇ ਮਧਰਿਆਂ ਦਾ ਬਿੱਲੂ ਮੂੰਹ ਲਮਕਾਈ ਖੜ੍ਹੇ ਸਨ। ਭੂਰੇ ਨੇ ਉਨ੍ਹਾਂ ਨੂੰ ਦੋ ਚਾਰ ਸੁਣਾਈਆਂ ਤਾਂ ਵੀਰੋ ਉਸਨੂੰ ਸਿੱਧੀ ਹੋ ਗਈ, "ਕਿੱਥੇ ਮਜ਼੍ਹਬੀ ਚਮਲਾਏ ਨੇ ਇਨ੍ਹਾਂ ਨੇ...ਵੇ ਐਂ ਤਾਂ ਮੇਰੇ ਖਸਮ ਨੇ ਨੀ ਘੂਰਿਆਂ ਮੈਨੂੰ...ਜਿਵੇਂ ਤੂੰ ਭੌਂਕਣ ਲੱਗਿਆਂ...ਇਹ ਤਾਂ ਮੇਰੇ ਕੋਲ਼ ਉਦੋਂ ਦਾ ਹੀ ਆਉਂਦਾ, ਜਦੋਂ ਦੀ ਮੈਂ ਵਿਆਹੀ ਆਈ ਆਂ...ਜੇ ਉਹਦੇ 'ਚ ਤੰਤ ਹੁੰਦਾ ਤਾਂ ਮੈਂ ਕਿਉਂ ਟੱਪਦੀ ਬਾਡਰ...ਕੰਜਰ ਤੋਂ ਘਰ ਤਾਂ ਸੰਭਾਲਿਆ ਨੀ ਗਿਆ ਭੈਣ ਦੇ ਖਸਮ ਤੋਂ...ਮੇਰਾ ਮੋਰਚਾ ਤਾਂ ਮੇਰੇ ਵਿਆਹ ਤੋਂ ਹੀ ਚੱਲਦਾ...ਮੇਰੇ ਭਾਣੇ ਤਾਂ ਮਾਣੋ ਹੀ ਦਿੱਲੀ ਆ...।"

ਬਿੱਲੂ ਤਾਂ ਹੁਣ ਪੱਤਰੇ ਵਾਚ ਗਿਆ ਸੀ ਤੇ ਭੂਰਾ ਗੁਰੂ ਘਰ ਵਿੱਚ ਦੀ ਹੁੰਦਾ ਹੋਇਆ ਘੁੰਮ ਕੇ ਅਗਲੀ ਬੀਹੀਂ ਵੜ ਗਿਆ। ਪਰ ਵੀਰੋ ਦੀਆਂ ਗਾਲ਼ਾਂ ਅਜੇ ਵੀ ਉਸਦੇ ਕੰਨਾਂ ਵਿੱਚ ਵਿਓ ਘੋਲ਼ ਰਹੀਆਂ ਸਨ। ਉਹ ਸੋਚਦਾ ਜਾ ਰਿਹਾ ਸੀ ਬਈ ਇਸ ਮੋਰਚੇ ਨੇ ਪਤਾ ਨੀ ਹੋਰ ਕਿੰਨੇ ਮੋਰਚਿਆਂ 'ਤੇ ਹਰਾਉਣਾ।

ਭੂਰੇ ਦੇ ਕੰਨਾਂ ਵਿੱਚ ਅਜੇ ਵੀ ਵੀਰੋ ਦੀਆਂ ਅਵਾਜ਼ਾਂ

ਗੂੰਜ ਰਹੀਆਂ ਸਨ। ਉਹ ਉੱਠਿਆ ਤੇ ਉੱਠ ਕੇ ਪਿਸ਼ਾਬ ਕਰਨ ਚਲਿਆ ਗਿਆ। ਉਸਨੂੰ ਮੁੜਦੇ ਨੂੰ ਚੱਕਰ ਜਿਹਾ ਆਇਆ ਤਾਂ ਉਸਦੇ ਢਿੱਡ ਵਿੱਚ ਗੜੂੰ-ਗੜੂੰ ਦੀ ਅਵਾਜ਼ ਬੋਲਣ ਲੱਗੀ। ਉਸਨੂੰ ਹੁਣ ਪੂਰੀ ਤਰ੍ਹਾਂ ਭੁੱਖ ਲੱਗੀ ਹੋਈ ਸੀ। ਭੁਪਿੰਦਰ ਦੀਆਂ ਉਸਦੇ ਸਿਰਹਾਣੇ ਰੱਖੀਆਂ ਰੋਟੀਆਂ ਉਸਨੂੰ ਹੁਣ ਹੋਰ ਵੀ ਸਵਾਦ ਲੱਗ ਰਹੀਆਂ ਸਨ। ਉਹ ਰੋਟੀ ਦੀ ਜੁਗਾਲ਼ੀ ਜਿਹੀ ਕਰਦਾ ਸੋਚ ਰਿਹਾ ਸੀ ਬਈ ਸਵਾਦ ਤਾਂ ਉਸ ਦਿਨ ਬਹੁਤ ਆਇਆ ਸੀ ਜਦੋਂ ਮੋਰਚਾ ਫਤਿਹ ਕਰਕੇ ਉਹ ਪਿੰਡ ਵਿੱਚ ਪਹੁੰਚੇ ਸੀ।

ਜਿੱਥੇ ਗੁਰਮੇਲ ਤੇ ਮੋਹਣੀ ਹੁਰੀਆਂ ਦੇ ਗਲ਼ਾਂ ਨੂੰ ਹਾਰਾਂ ਨਾਲ਼ ਲੱਦਿਆ ਹੋਇਆ ਸੀ। ਉੱਥੇ ਭੂਰੇ ਨੂੰ ਵੀ ਲੋਕਾਂ ਨੇ ਹਾਰਾਂ ਨਾਲ਼ ਲੱਦ ਦਿੱਤਾ ਸੀ। ਪਿੰਡ ਦੀ ਸੱਥ ਵਿੱਚ ਕਿਸਾਨ ਯੂਨੀਅਨ ਨੇ ਉਸਦੇ ਗਲ਼ ਸਿਰੋਪਾ ਪਾ ਕੇ ਜਦੋਂ 'ਬੋਲੇ ਸੋ ਨਿਹਾਲ' ਦੇ ਜੈਕਾਰੇ ਛੱਡੇ ਤਾਂ ਉਸਨੂੰ ਲੱਗਿਆ ਜਿਵੇਂ ਬਾਬੇ ਨਾਨਕ ਦਾ ਮਿਹਰ ਭਰਿਆ ਹੱਥ ਉਸਦੇ ਸਿਰ ਉੱਪਰ ਟਿਕ ਗਿਆ ਹੋਵੇ।

ਲੋਕ ਕਿਸਾਨ ਮਜ਼ਦੂਰ ਏਕਤਾ ਦੀਆਂ ਗੱਲਾਂ ਕਰਦੇ ਨਹੀਂ ਸੀ ਥੱਕਦੇ। ਕੋਈ ਕਹਿੰਦਾ 'ਚੰਗਾ ਹੋਇਆ ਮੋਰਚਾ ਲੱਗ ਗਿਆ ਕਿਉਂਕਿ ਇਸ ਮੋਰਚੇ ਨੇ ਤਾਂ ਜਾਤਾਂ ਪਾਤਾਂ ਦੇ ਫ਼ਾਸਲੇ ਹੀ ਮਿਟਾ ਦਿੱਤੇ'। ਕੋਈ ਬੋਲਦਾ 'ਇਸ ਮੋਰਚੇ ਨੇ ਤਾਂ ਵਿਦੇਸ਼ਾਂ ਵਿੱਚ ਬੈਠੇ ਲੋਕਾਂ ਨੂੰ ਵੀ ਆਪਣੇ ਸਿਆੜਾਂ ਨਾਲ਼ ਜੋੜਤਾ'।

'ਭਾਈ ਕਾਨੂੰਨ ਭਾਵੇਂ ਕਾਲ਼ੇ ਸੀ ਪਰ ਲੋਕਾਂ ਦੇ ਦਿਲਾਂ ਵਿੱਚ ਸੂਰਜ ਚਾੜ੍ਹਤਾ ਇਨ੍ਹਾਂ ਨੇ' ਜਦੋਂ ਪ੍ਰਸਿੰਨ ਕੌਰ ਨੇ ਕਿਹਾ ਤਾਂ ਕੋਲ਼ ਬੈਠਾ ਦਲਬਾਰਾ ਹੱਸ-ਹੱਸ ਦੂਹਰਾ ਹੁੰਦਾ ਬੋਲਿਆ, "ਲੈ ਮੋਰਚੇ ਨੇ ਤਾਂ ਪ੍ਰਸਿੰਨ ਕੌਰ ਵਰਗੀ ਨੂੰ ਸੁਰਤ ਲਿਆਤੀ।" ਉਹ ਦਲਬਾਰੇ ਵੱਲ ਕੁਨੱਖਾ ਜਿਹਾ ਝਾਕਦੀ ਉਸਨੂੰ ਗਾਲ਼ਾਂ ਕੱਢਣ ਲੱਗ ਗਈ।

ਉਨ੍ਹਾਂ ਦੀ ਨੋਕ ਝੋਕ ਦੀ ਯਾਦ ਨੇ ਰੋਟੀ ਖਾਂਦੇ ਭੂਰੇ ਦੇ ਹੱਥੂ ਲਿਆ ਦਿੱਤਾ। ਉਹ ਮੁਸਕੜੀਆਂ ਜਿਹੀਆਂ ਹੱਸਣ ਲੱਗਿਆ। ਆਖਰੀ ਬੁਰਕੀ ਉਸਦੇ ਹੱਥ ਵਿੱਚ ਹੀ ਸੀ ਕਿ ਉਸਦਾ ਮੁਸਕ੍ਰਾਉਣਾ ਜ਼ਹਿਰ ਵਰਗਾ ਹੋ ਗਿਆ। ਉਸਨੇ ਬਚਦੀ ਰੋਟੀ ਛਾਬੇ ਵਿੱਚ ਵਗਾਹ ਮਾਰੀ ਤੇ ਆਪ ਉੱਠ ਕੇ ਨਲਕੇ 'ਤੇ ਹੱਥ ਧੋਣ ਜਾ ਲੱਗਿਆ।

ਉਸਨੂੰ ਹੁਣ ਯਾਦ ਆ ਗਿਆ ਸੀ। ਜਦੋਂ ਪਰਸੋਂ ਸੱਥ ਵਿੱਚ ਉਸਨੂੰ ਬੁਲਾ ਕੇ ਕਿਹਾ ਸੀ ਕਿ "ਉਹ ਝੋਨਾ ਲਾਉਣ ਦਾ ਰੇਟ ਠੀਕ ਕਰ ਲੈਣ...ਨਹੀਂ ਤਾਂ ਭਈਆਂ ਨੂੰ ਬੁਲਾ ਕੇ ਝੋਨਾ ਲਵਾ ਲੈਣਗੇ ਲੋਕ।" ਸੱਥ ਵਿੱਚ ਹੋਈਆਂ ਗੱਲਾਂ ਉਸਦੇ ਦਿਮਾਗ ਨੂੰ ਚੜ੍ਹਦੀਆਂ ਜਾ ਰਹੀਆਂ ਸਨ। ਉਹ ਆਪ ਹੀ ਬੁੜਬੁੜਾਇਆ, "ਐਨੀ ਛੇਤੀ ਭੁੱਲ ਗਏ ਸਾਨੂੰ...ਧਮਕੀਆਂ ਵੀ ਦੇਣ ਲੱਗ ਪਏ।" ਉਹ ਉਦਾਸ ਜਿਹਾ ਹੋ ਗਿਆ।

ਪਿਛਲੇ ਮਹੀਨੇ ਭਟੋਏ ਪਿੰਡ ਵਿੱਚ ਵਾਪਰੀ ਘਟਨਾ ਉਸਦੀਆਂ ਅੱਖਾਂ ਅੱਗੇ ਨੱਚਣ ਲੱਗ ਗਈ। 'ਮਾਲਕ ਦਾ ਮੁੰਡਾ ਤੇ ਮਜ਼ਦੂਰ ਖੇਤ ਵਿੱਚ ਝੋਨੇ ਨੂੰ ਸਪਰੇਅ ਕਰ ਰਹੇ ਸੀ। ਘਰੋਂ ਚਾਹ ਆਈ ਤਾਂ ਮਾਲਕ ਦੇ ਮੁੰਡੇ ਨੇ ਮਜ਼ਦੂਰ ਨੂੰ, ਕੱਪ ਵਿੱਚ ਚਾਹ ਪਾ ਕੇ ਪੀਣ ਲਈ ਫੜਾ ਦਿੱਤੀ। ਉੱਧਰੋਂ ਮਾਲਕ ਆ ਗਿਆ ਤੇ ਉਸਨੇ ਮਜ਼ਦੂਰ ਦੇ ਹੱਥ ਵਿੱਚ ਫੜੇ ਕੱਪ ਨੂੰ ਦੇਖ ਕੇ ਮੋਟਰਸਾਇਕਲ ਪਹੀ ਵਿੱਚ ਹੀ ਸੁੱਟ ਦਿੱਤਾ ਤੇ ਭੱਜ ਕੇ ਮਜ਼ਦੂਰ ਨੂੰ ਢਾਹ ਲਿਆ...ਅਖੇ ਤੇਰੀ ਹਿੰਮਤ ਕਿਵੇਂ ਹੋਈ ਮੇਰੇ ਕੱਪ ਵਿੱਚ ਚਾਹ ਪੀਣ ਦੀ। ਟਰੈਕਟਰ ਵਿੱਚੋਂ ਰਾਡ ਕੱਢ ਕੇ ਜਿਉਂ ਉਸਦੀਆਂ ਲੱਤਾਂ 'ਤੇ ਮਾਰਨ ਲੱਗਿਆ। ਮਾਲਕ ਦਾ ਮੁੰਡਾ ਉਸਨੂੰ ਹਟਾਉਂਦਾ ਰਿਹਾ ਤੇ ਕਹਿੰਦਾ ਰਿਹਾ ਕਿ ਇਸਦਾ ਕੋਈ ਕਸੂਰ ਨੀ। ਚਾਹ ਤਾਂ ਮੈਂ ਪਾ ਕੇ ਫੜਾਈ ਆ। ਪਰ ਉਸਨੇ ਉਸਦੀ ਇੱਕ ਨਾ ਸੁਣੀ ਸਗੋਂ ਲੱਤ ਨੂੰ ਕਈ ਥਾਵਾਂ ਤੋਂ ਤੋੜ ਕੇ ਸਾਹ ਲਿਆ...।'

ਇਸ ਘਟਨਾ ਬਾਰੇ ਸੋਚਦਾ ਹੋਇਆ ਭੂਰਾ ਆਪਣੇ ਆਪ ਨੂੰ ਹੀ ਬੋਲਿਆ, " ਇਹ ਬਾਬੇ ਨਾਨਕ ਦੇ ਵਾਰਸ ਤਾਂ ਨੀ ਹੋ ਸਕਦੇ?" 'ਮਣੀਪੁਰ ਵਿੱਚ ਦਲਿਤ ਔਰਤਾਂ ਨੂੰ ਨੰਗਾ ਕਰ ਕੇ ਘੁਮਾਇਆ ਗਿਆ ਤੇ ਉਨ੍ਹਾਂ ਨਾਲ਼ ਸਮੂਹਿਕ ਬਲਾਤਕਾਰ ਕੀਤਾ ਗਿਆ...ਰੌਲ਼ਾ ਪਾਉਣ 'ਤੇ ਕਈ ਦਿਨ ਗੁਜ਼ਰਨ ਤੋਂ ਬਾਅਦ ਹੀ ਐੱਫ.ਆਈ.ਆਰ ਦਰਜ ਕੀਤੀ ਗਈ...ਸਜ਼ਾ ਤਾਂ ਕੀ ਮਿਲਣੀ ਆਂ ਪਤਾ ਹੀ ਆ'...ਇਹ ਸੋਚ ਕੇ ਉਹ ਵੱਡਾ ਸਾਰਾ ਹੌਂਕਾ ਲੈਂਦਾ ਬੋਲਿਆ, "ਇਹ ਤੇਤੀ ਕਰੋੜ ਦੇਵਤਿਆਂ ਦੀ ਧਰਤੀ ਤਾਂ ਨੀ ਹੋ ਸਕਦੀ?"

ਬਾਬੇ ਰਵਿਦਾਸ ਦੀ ਕਥਾ ਕਰਕੇ ਲੋਕਾਂ ਦੇ ਅੰਦਰ ਵੈਰਾਗ ਪੈਦਾ ਕਰਨ ਵਾਲ਼ੇ ਬਾਬੇ ਨੂੰ, ਜਦੋਂ ਉਸਨੇ ਉਨ੍ਹਾਂ ਦੇ ਖੇਤ ਵਿੱਚ ਪੱਠਿਆਂ ਵਾਲ਼ੀਆਂ ਜ਼ਨਾਨੀਆਂ ਨੂੰ ਗੰਦੀਆਂ ਗਾਲ਼ਾਂ ਕੱਢਦੇ ਸੁਣਿਆ ਸੀ ਤਾਂ ਉਸਨੂੰ ਖੱਲਾਂ ਵਿੱਚ ਲੁਕੇ ਹੋਏ ਭੇੜੀਏ ਪ੍ਰਤੱਖ ਨਜ਼ਰ ਆਉਣ ਲੱਗ ਗਏ ਸਨ। ਉਹ ਯਾਦ ਕਰਦਾ ਸੋਚ ਰਿਹਾ ਸੀ ਕਿ "ਇਹ ਰੱਬ ਦੇ ਡਾਕੀਏ ਤਾਂ ਨੀ ਹੋ ਸਕਦੇ।"

ਬਾਹਰਲਾ ਗੇਟ ਖੁੱਲ੍ਹਿਆ ਤਾਂ ਉਹ ਉੱਠ ਕੇ ਬਾਹਰ ਆ ਗਿਆ। ਭੁਪਿੰਦਰ ਨਰੇਗੇ ਦੇ ਕੰਮ ਤੋਂ ਘਰ ਆ ਗਈ ਸੀ। ਉਸਨੇ ਉਸਨੂੰ ਸੁਨੇਹਾ ਦਿੱਤਾ ਕਿ ਸ਼ਾਮ ਨੂੰ ਧਰਮਸ਼ਾਲਾ ਵਿੱਚ 'ਕੱਠ ਰੱਖਿਆ ਝੋਨੇ ਦੀ ਲਵਾਈ ਨੂੰ ਲੈ ਕੇ। ਸਾਰਿਆਂ ਨੇ ਉਸਨੂੰ ਜਲਦੀ ਪਹੁੰਚਣ ਨੂੰ ਕਿਹਾ ਸੀ। ਉਹ ਘਰਵਾਲ਼ੀ ਦੀਆਂ ਗੱਲਾਂ ਸੁਣਦਾ ਸੋਚਾਂ ਵਿੱਚ ਡੁੱਬ ਗਿਆ। ਉਹ ਦਾਹੜੀ ਖੁਰਕਦਾ ਸੋਚ ਰਿਹਾ ਸੀ ਕਿ ਗੱਲ ਪਤਾ ਨੀ ਕਿਸ ਪੱਤਣ ਬੈਠਣੀ ਆਂ। ਉਸਨੂੰ ਪਤਾ ਸੀ ਕਿ ਉਸਦੀ ਬਰਾਦਰੀ ਵਾਲ਼ੇ ਅੱਜ ਉਸਨੂੰ ਬਹੁਤ ਲਾਹਣਤਾਂ ਪਾਉਣਗੇ। ਭੁਪਿੰਦਰ ਦੀ ਗੱਲ ਸੁਣਕੇ ਭੂਰੇ ਦੀ ਮਾਂ ਦਲੀਪੋ ਤੇ ਉਸਦੇ ਬਾਪੂ ਨੂੰ, ਸਬਾਤ੍ਹ ਵਿੱਚ ਪਿਆਂ ਨੂੰ ਹੋਰ ਸੰਸਾ ਜਿਹਾ ਲੱਗ ਗਿਆ ਸੀ। ਕਿਉਂਕਿ ਹੁਣ ਉਨ੍ਹਾਂ ਨੂੰ ਪੁੱਤ ਦੀ ਪੱਤ ਦਾ ਫਿਕਰ ਹੋ ਰਿਹਾ ਸੀ।

ਦਿਨ ਦੇ ਛਿਪਾਅ ਨਾਲ਼ ਧਰਮਸ਼ਾਲਾ ਵਿੱਚ ਸਾਰੇ ਕਿਰਤੀ ਲੋਕਾਂ ਦਾ ਇਕੱਠ ਹੋ ਗਿਆ ਸੀ। ਸਾਰੇ ਹੀ ਭੂਰੇ ਨੂੰ ਕਹਿ ਰਹੇ ਸਨ ਕਿ ਹੁਣ ਉਨ੍ਹਾਂ ਦੀ ਮਿਹਨਤ ਦਾ ਮੁੱਲ ਪਵਾਉਣ ਦਾ,

ਉਹ ਹੀ ਹੱਲ ਕਰ ਸਕਦਾ।

ਉਹ ਸੋਚਦੇ ਸੀ ਕਿ ਉਹ ਦਿੱਲੀ ਮੋਰਚੇ ਲਾਉਣ ਜੋਗੇ ਤਾਂ ਨਹੀਂ। ਪਰ ਅੱਜ ਉਨ੍ਹਾਂ ਦੇ ਪਿੰਡ ਵਾਲ਼ਾ ਮੋਰਚਾ ਵੀ,ਦਿੱਲੀ ਤੋਂ ਘੱਟ ਨਹੀਂ ਸੀ। ਕਿਉਂਕਿ ਇੱਥੇ ਵੀ ਬੱਸ ਕੇਂਦਰੀ ਸਰਕਾਰਾਂ ਵਾਂਗ। ਅਜਿਹੇ ਫਤਵੇ ਹੀ ਜਾਰੀ ਕੀਤੇ ਜਾਂਦੇ ਹਨ, ਜੋ ਮਜਦੂਰਾਂ ਨੂੰ ਲਤਾੜ ਕੇ ਰੱਖ ਦਿੰਦੇ ਨੇ।

ਸਾਰਿਆਂ ਦੀਆਂ ਦਲੀਲਾਂ ਸੁਣਦਾ ਭੂਰਾ ਬੋਲਿਆ, "ਮੈਂ ਤੁਹਾਡੀਆਂ ਸਾਰੀਆਂ ਗੱਲਾਂ ਨਾਲ਼ ਸਹਿਮਤ ਹਾਂ...ਸਾਨੂੰ ਵੀ ਸਾਰਿਆਂ ਨੂੰ ਵੱਧ ਮਜਦੂਰੀ ਚਾਹੀਦੀ ਆ...ਲੋੜ ਵੀ ਆ...ਪਰ ਅਸੀਂ ਟੁੱਟਣਾ ਨਹੀਂ...ਜੁੜੇ ਰਹਿਣਾ...ਹਲੀਮੀ ਤੇ ਨਿਮਰਤਾ ਨਾਲ਼ ਗੱਲ ਕਰਨੀ ਆ...ਮੋਰਚੇ ਇੰਝ ਹੀ ਫਤਹਿ ਹੁੰਦੇ ਨੇ...।"

"ਸਾਨੂੰ ਸਾਰਾ ਪਤਾ ਕਿਵੇਂ ਹੁੰਦੇ ਨੇ ਮੋਰਚੇ ਫਤਹਿ...ਤੂੰ ਬੱਸ ਰੇਟ ਨੀ ਤੋੜਨਾ...ਅਸੀਂ ਉਨ੍ਹਾਂ ਨਾਲ਼ ਤੇ ਤੇਰੇ ਨਾਲ਼ ਡਟ ਕੇ ਖੜ੍ਹੇ ਆਂ...ਅੱਜ ਅਸੀਂ ਆਪਣੇ ਲਈ ਵੀ ਖੜ੍ਹੇ ਆਂ...ਤੂੰ ਨਾ ਦੋਗਲ਼ਾ ਬਣਜੀਂ।"

ਜੈਬੇ ਨੇ ਜਦੋਂ ਧਰਮਸ਼ਾਲਾ ਵਿੱਚ ਸਾਰੀ ਬਰਾਦਰੀ ਵਿੱਚ ਭੂਰੇ ਨੂੰ ਇਹ ਗੱਲ ਟਿਕਾ ਕੇ ਆਖੀ ਤਾਂ ਉਸਦੇ ਮਨ ਦਾ ਟਿਕਾਅ ਭਟਕਣਾ ਵਿੱਚ ਬਦਲ ਗਿਆ। ਉਸਨੂੰ 'ਦੋਗਲ਼ਾ' ਸ਼ਬਦ ਆਪਣੇ ਅੰਦਰ ਕੰਡੇ ਵਾਂਗੂੰ ਚੁਭਿਆ। ਉਹ ਕੁਛ ਨਾ ਬੋਲ ਸਕਿਆ। ਅੱਖਾਂ ਨੂੰ ਝੁਕਾਅ ਕੇ ਬੈਠ ਗਿਆ। ਹੋਰ ਵੀ ਕਈ ਤਰ੍ਹਾਂ ਦੀਆਂ ਅਵਾਜ਼ਾਂ ਉਸਦੇ ਕੰਨੀਂ ਪੈ ਰਹੀਆਂ ਸਨ। ਜੋ ਉਸਨੂੰ ਜੜ੍ਹ ਨਾਲ਼ੋਂ ਟੁੱਟਿਆ ਮਹਿਸੂਸ ਕਰਵਾ ਰਹੀਆਂ ਸਨ।

ਹੁਣ ਸਾਰੇ ਹੀ ਕੱਲ੍ਹ ਨੂੰ ਪਿੰਡ ਵਾਲਿਆਂ ਨਾਲ਼ ਗੱਲ ਕਰਨ ਦੀ ਗੱਲ ਕਰਕੇ, ਘਰਾਂ ਨੂੰ ਪਰਤ ਗਏ ਸਨ। ਪਰ ਭੂਰਾ ਸੋਚਾਂ ਵਿੱਚ ਡੁੱਬਿਆ ਸਭ ਤੋਂ ਪਿੱਛੇ ਆਪਣੇ ਘਰ ਨੂੰ ਤੁਰਿਆ ਜਾ ਰਿਹਾ ਸੀ।

ਉੱਧਰ ਅੱਜ ਸਵੇਰ ਦਾ ਹੀ ਸੱਥ ਵਿੱਚ ਘਮਸਾਣ ਮੱਚਿਆ ਪਿਆ ਸੀ। ਸਾਰੇ ਜ਼ਿਮੀਂਦਾਰਾਂ ਨੇ ਇਕੱਠ ਕੀਤਾ ਸੀ। ਬਈ ਪਿੰਡ ਦੇ ਮਜ਼ਦੂਰ ਝੋਨਾ ਲਗਵਾਉਣ ਦੀ ਲਵਾਈ ਪੰਤਾਲ਼ੀ ਸੌ ਰੁਪਏ ਕਿੱਲਾ ਮੰਗਦੇ ਹਨ। ਇਸ ਰੇਟ 'ਤੇ ਝੋਨੇ ਦੀ ਲਵਾਈ ਕਿਸੇ ਨੂੰ ਮਨਜ਼ੂਰ ਨਹੀਂ ਸੀ। ਸਗੋਂ ਝੋਨਾ ਲਵਾਈ ਦਾ ਰੇਟ ਸੁਣ ਕੇ ਤਾਂ ਸਾਰਿਆਂ ਦੇ ਹੀ ਸਿਰ ਉੱਲਾਂ ਉੱਠ ਖੜ੍ਹੀਆਂ ਸਨ। ਕਿਉਂਕਿ ਪਿਛਲੇ ਸਾਲ ਨਾਲ਼ੋਂ ਸਿੱਧਾ ਹੀ ਹਜ਼ਾਰ ਰੁਪਈਏ ਕਿੱਲੇ ਦਾ ਵਾਧਾ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਵਾਰਾ ਨਹੀਂ ਸੀ ਖਾਂਦਾ।

ਹੋਰ ਤਾਂ ਹੋਰ ਬਜ਼ੁਰਗ ਔਰਤਾਂ ਵੀ ਸੱਥ ਵਿੱਚ ਝੁਰਮਟ ਪਾਈ ਖੜ੍ਹੀਆਂ ਸਨ। ਅੱਡੋ-ਅੱਡੋ ਝੁੰਡ ਬਣਾ ਕੇ ਗੱਲਾਂ ਹੋ ਰਹੀਆਂ ਸਨ। ਕੋਈ ਕਹਿ ਰਿਹਾ ਸੀ ਬਈ "ਇਨ੍ਹਾਂ ਲੋਕਾਂ ਨਾਲ਼ ਤਾਂ ਸਖਤੀ ਨਾਲ਼ ਹੀ ਨਜਿੱਠ ਕੇ ਲੋਟ ਆਊ।" ਤੇ ਕੋਈ ਕਹਿ ਰਿਹਾ ਸੀ "ਇਨ੍ਹਾਂ ਦਾ ਵੱਟਾਂ 'ਤੇ ਚੜ੍ਹਨਾ ਹੀ ਬੰਦ ਕੀਤਾ ਜਾਵੇ...ਫੇਰ ਪਤਾ ਲੱਗੂ ਇਨ੍ਹਾਂ ਨੂੰ।" ਵਿੱਚੋਂ ਕਿਸੇ ਬਜ਼ੁਰਗ ਔਰਤ ਦੀ ਅਵਾਜ਼ ਆਈ, "ਉਦੋਂ ਤਾਂ ਉਨ੍ਹਾਂ ਦੀਆਂ ਜ਼ਨਾਨੀਆਂ ਮਗਰ ਤੁਰੇ ਫਿਰਦੇ ਰਹਿਨੇ ਓ...ਹੁਣ ਕਰਾ ਲੋ ਕੰਮ ਉਨ੍ਹਾਂ ਤੋਂ।"

ਸਵੰਤੇ ਨੇ ਗਰਦਣ ਚੁੱਕ ਕੇ ਦੇਖਿਆ ਤਾਂ ਉਸਦੀ ਘਰਵਾਲ਼ੀ ਸਵੰਤੇ ਵੱਲ ਅੱਖਾਂ ਕੱਢਦੀ ਬੋਲ ਰਹੀ ਸੀ। ਕਿਉਂਕਿ ਜਾਗਰ ਦੀ ਘਰਵਾਲ਼ੀ ਨਾਲ਼ ਸਵੰਤੇ ਦੀ ਯਾਰੀ ਸੀ। ਇਹ ਯਾਰੀ ਹੁਣ ਜੱਗ ਜਾਹਰ ਵੀ ਹੋ ਚੁੱਕੀ ਸੀ। ਸਵੰਤਾ ਉਹਦੇ ਵੱਲ ਅੱਖਾਂ ਕੱਢਦਾ ਹੋਇਆ ਭੀੜ ਵਿੱਚ ਹੀ ਲੁਕ ਗਿਆ। ਸਾਰਿਆਂ ਨੇ ਭਾਵੇਂ ਹਾਸੜ ਚੁੱਕ ਦਿੱਤੀ ਸੀ ਪਰ ਸਵੰਤੇ ਦੀ ਘਰਵਾਲ਼ੀ ਅਜੇ ਵੀ ਨਾਸਾਂ ਫੁਲਾਈ ਉੱਥੇ ਹੀ ਖੜ੍ਹੀ ਸੀ।

ਹੁਣ ਸੱਥ ਦੇ ਥੜ੍ਹੇ ਉੱਪਰ ਮੋਹਤਬਾਰ ਬੰਦੇ ਬਿਰਾਜਮਾਨ ਸੀ। ਸਰਦੂਲ ਸਿਓਂ ਉੱਠ ਕੇ ਬੋਲਿਆ, "ਇਹ ਮਸਲਾ ਹੁਣ ਬਹੁਤ ਉਲਝ ਗਿਆ ਹੈ। ਅਸੀਂ ਕਈ ਜਣੇ ਇਕੱਠੇ ਹੋ ਕੇ ਗਏ ਸੀ, ਮਜ਼ਦੂਰ ਭਾਈਚਾਰੇ ਕੋਲ਼। ਪਰ ਗੱਲ ਕਿਸੇ ਤਣ ਪੱਤਣ ਨੀ ਲਗਦੀ ਦਿਸਦੀ....ਉਹ ਤਾਂ ਆਪਣੀ ਗੱਲ 'ਤੇ ਅੜੇ ਹੋਏ ਆ...ਦੱਸੋ ਕੀ ਕੀਤਾ ਜਾਵੇ।"

"ਕਰਨਾ ਕੀ ਆ ਬੱਸ ਹੁੱਕ ਪਾਣੀ ਤਿਆਗੋ ਇਨ੍ਹਾਂ ਦਾ...ਕੋਈ ਸਾਂਝ ਭਿਆਲੀ ਨਾ ਰੱਖੋ...ਅੜਦੇ ਨੇ ਤਾਂ ਅੜਜੋ ਫੇਰ।" ਸ਼ਮਸ਼ੇਰ ਸਿਰ ਦਾ ਪਰਨਾ ਉਤਾਰ ਕੇ ਮੁੜ ਸਿਰ 'ਤੇ ਲਪੇਟਦਾ ਹੋਇਆ ਬੋਲਿਆ। ਉਸਦੇ ਸਖਤ ਲਹਿਜੇ ਵੱਲ ਕਈ ਕੁਣੱਖੇ ਜਿਹੇ ਝਾਕੇ ਤੇ ਕਈ ਉਸਦੀ ਸਹਿਮਤੀ ਵਿੱਚ ਹੁੰਗਾਰਾ ਭਰ ਗਏ।

"ਬਥੇਰੇ ਭਈਏ ਆ ਜਾਣਗੇ ਚਹੁੰ ਦਿਨਾਂ ਨੂੰ...ਕੀ ਲੈਣਾ ਚਾਂਬਲ਼ੀ ਜਾਤ ਤੋਂ।" ਭੀੜ ਵਿੱਚੋਂ ਕਿਸੇ ਦੀ ਅਵਾਜ਼ ਆਈ। ਸਾਰਿਆਂ ਦੀਆਂ ਗੱਲਾਂ ਹੁਣ ਤਲਖੀ ਫੜਦੀ ਜਾ ਰਹੀਆਂ ਸਨ।


ਭੂਰਾ ਤੇ ਉਸਦੇ ਨਾਲ਼ ਉਨ੍ਹਾਂ ਦੀ ਬਰਾਦਰੀ ਦੇ ਕਈ ਬੰਦੇ, ਹੁਣ ਸੱਥ ਵਿੱਚ ਪਹੁੰਚ ਚੁੱਕੇ ਸਨ। ਸਾਰੇ ਹੀ ਉਨ੍ਹਾਂ ਵੱਲ ਕੁਣੱਖਾ ਜਿਹਾ ਝਾਕ ਰਹੇ ਸਨ। ਉਹ ਇੱਕ ਪਾਸੇ ਆ ਕੇ ਖੜ੍ਹ ਗਏ। ਹੁਣ ਸੱਥ ਵਿੱਚ ਚੱਲਦੀਆਂ ਗੱਲਾਂ ਨੂੰ ਵਿਰਾਮ ਮਿਲ਼ ਗਿਆ ਸੀ। ਪਰ ਫਿਰ ਵੀ ਚੁੱਪ ਵਿੱਚੋਂ ਇਹੋ ਜਿਹੀਆਂ ਅਵਾਜ਼ਾਂ ਆ ਰਹੀਆਂ ਸਨ। ਜਿਹੜੀਆਂ ਬਰਾਦਰੀ ਵਿੱਚ ਪੁਲ਼ ਬਣਨ ਦੀ ਥਾਂ ਬਾਡਰ ਬਣਨ ਲਈ ਭੜਕਾ ਰਹੀਆਂ ਸਨ। ਭੂਰੇ ਨੇ ਸਾਰਿਆਂ ਸਾਹਮਣੇ ਗੱਲ ਕੀਤੀ ਕਿ, "ਅਸੀਂ ਹਮੇਸ਼ਾ ਤੁਹਾਡੇ ਨਾਲ਼ ਖੜ੍ਹੇ ਹਾਂ,ਪਰ ਸਾਡੇ ਵੀ ਤਾਂ ਹੱਕ ਨੇ..ਅਸੀਂ ਕਿੱਥੋਂ ਲਈਏ ਆਪਣੇ ਹੱਕ...ਤੁਸੀਂ ਤਾਂ ਦਿੱਲੀ ਨੂੰ ਤੁਰਗੇ ਸੀ...ਅਸੀਂ ਕਿਹੜੀ ਦਿੱਲੀ ਨੂੰ ਜਾਈਏ?"

"ਅਸੀਂ ਥੋਨੂੰ ਸੱਦਣ ਗਏ ਸੀ ਬਈ ਸਾਡਾ ਸਰਦਾ ਨੀ...ਤੁਸੀਂ ਸਾਡੇ ਮਗਰ ਆਏ ਸੀ...ਕਿੱਥੇ ਚਾਂਬਲ਼ੀ ਆ ਸਾਲ਼ੀ ਅੰਨ ਖਾਣੀ ਜਾਤ...।" ਜਦੋਂ ਕਿਸਾਨ ਯੁਨੀਅਨ ਦਾ ਬਲਾਕ ਪ੍ਰਧਾਨ ਤਲਖੀ ਨਾਲ਼ ਬੋਲਿਆ ਤਾਂ ਮੋਹਣੀ ਉੱਠ ਕੇ ਖੜ੍ਹਾ ਹੋ

## ਅਲਵਿਦਾ : ਅਹਿਮਦ ਸਲੀਮ

ਆ ਪਿਆਰ ਕਰੀਏ
ਫੁੱਲਾਂ ਨੂੰ
ਮਾਂ ਦੀਆਂ ਦੁੱਧਲ ਛਾਤੀਆਂ ਨੂੰ
ਕਿ ਬੰਦੇ ਦੀ ਹਯਾਤੀ,
ਇਨ੍ਹਾਂ ਚਸ਼ਮਿਆਂ ਦੇ ਰਸ ਨਾਲ਼
ਜੁੜੀ ਹੋਈ
ਕੂਲੀਆ ਜਵਾਨ ਬਾਹਾਂ ਨੂੰ
ਬਾਲ ਦੇ ਕੂਲੇ ਰੇਸ਼ਮੀ ਹੱਥਾਂ ਨੂੰ
ਕਣਕ ਦੇ ਜਵਾਨ ਸਿੱਟਿਆਂ ਨੂੰ

ਆ ਪਿਆਰ ਕਰੀਏ
ਥਾਂ ਥਾਂ ਪਾਟੀ ਹੋਈ,
ਲੂਸੀ ਹੋਈ, ਵੰਡੀ ਹੋਈ ਧਰਤੀ ਨੂੰ



ਅਮਨ ਦੀ ਕਿਤਾਬ ਨੂੰ
ਜਿਹੜੀ ਵਰਕਾ ਵਰਕਾ ਉੱਧੜਦੀ ਪਈ
ਨਾਰੀ ਦੇ ਸਾਗਰ ਪਿੰਡੇ ਨੂੰ
ਵੈਰਾਗ ਨੂੰ, ਰਾਗ ਨੂੰ
ਸਮੁੰਦਰ ਦੇ ਝੱਲ ਪੁਣੇ ਨੂੰ
ਸੱਚ ਦੇ ਕਾਲੇ ਚਿਹਰੇ ਨੂੰ
ਹੋਠਾਂ ਦੇ ਪਾਟੇ ਕਾਗਤ ਨੂੰ
ਕਲਮ ਦੀ ਤਿੱਖੀ ਮੁਸਕਾਨ ਨੂੰ

ਉਹਨੂੰ ਮੌਤ ਦੀ ਸਜ਼ਾ ਸੁਣਾਈ ਗਈ ਏ
ਤੇ ਉਹ ਆਪਣੀ ਸੱਜਰੀ
ਕਵਿਤਾ ਗੁਣਗੁਣਾ ਰਿਹਾ
ਗਾ ਰਿਹਾ, ਗਾਈ ਜਾ ਰਿਹਾ।

ਗਿਆ, "ਪ੍ਰਧਾਨ ਸਾਹਿਬ ਇਹ ਸਾਡੇ ਪਿੰਡ ਦੀ ਗੱਲ ਆ...ਸਾਡੇ ਆਪਣਿਆਂ ਦੀ ਗੱਲ ਆ...ਐਵੇਂ ਬਿਗਾਨੇ ਨਾ ਕਰੋ ਇਨ੍ਹਾਂ ਨੂੰ...ਸਾਨੂੰ ਪਤਾ ਇਹ ਕੌਣ ਲੋਕ ਨੇ...।" ਮੋਹਣੀ ਦੀ ਗੱਲ ਸੁਣਕੇ ਪ੍ਰਧਾਨ ਗੁੱਸੇ ਵਿੱਚ ਆ ਕੇ ਪੱਤਰੇ ਵਾਚ ਗਿਆ।

ਇਕੱਠ ਵਿੱਚ ਭੂਚਾਲ਼ ਜਿਹਾ ਮੱਚ ਗਿਆ। ਲੋਕ ਮੋਹਣੀ ਦੇ ਗਲ਼ ਪੈ ਰਹੇ ਸਨ। ਉਸਨੂੰ ਗਾਲ਼ੀ ਗਲ਼ੋਚ ਵੀ ਕਰਨ ਲੱਗ ਗਏ। ਭੂਰਾ ਤੇ ਉਸਦੇ ਸਾਥੀ ਇੱਕ ਪਾਸੇ ਸੁੰਗੜੇ ਜਿਹੇ ਖੜ੍ਹੇ ਸਨ। ਭੂਰੇ ਨੂੰ ਲੱਗ ਰਿਹਾ ਸੀ ਕਿ ਬਾਬੇ ਨਾਨਕ ਦੇ ਆਉਣ ਨਾਲ਼ ਜਿਹੜੀ ਪਸਰੀ ਹੋਈ ਧੁੰਦ ਦੂਰ ਹੋ ਗਈ ਸੀ, ਅੱਜ ਉਹ ਫਿਰ ਇਕੱਠੀ ਹੋ ਕੇ ਇੱਕ ਸੰਘਣਾ ਜਿਹਾ ਬੱਦਲ਼ ਬਣੀ ਖੜ੍ਹੀ ਸੀ। ਉਸਨੂੰ ਲੱਗ ਰਿਹਾ ਸੀ ਕਿ ਇਸ ਬੱਦਲ਼ ਦਾ ਵਰ੍ਹਨਾ ਅੱਜ ਤੈਅ ਆ। ਲੋਕਾਂ ਦੀਆਂ ਜਾਤ ਪਰਖਦੀਆਂ ਗੱਲਾਂ ਸੁਣ ਕੇ, ਹੁਣ ਉਨ੍ਹਾਂ ਦੇ ਅੰਦਰ ਲੂਰ੍ਹੀਆਂ ਉੱਠ ਰਹੀਆਂ ਸਨ। ਜਦੋਂ ਉਹ ਅੱਕ ਕੇ ਉੱਥੋਂ ਤੁਰਨ ਲੱਗੇ, ਤਾਂ ਪਿੱਛੋਂ ਗੁਰਮੇਲ ਦੀ ਅਵਾਜ਼ ਨੇ ਉਨ੍ਹਾਂ ਦੇ ਪੈਰ ਰੋਕ ਦਿੱਤੇ।

"ਜਿਹੜੇ ਮੋਰਚੇ ਵਿੱਚ ਦਿੱਲੀ ਸ਼ਾਮਲ ਸੀ। ਉਨ੍ਹਾਂ ਨੂੰ ਮੈਂ ਉਸ ਦਿਨ ਹੀ ਕਿਹਾ ਸੀ ਕਿ ਭਾਈ! ਇਹ ਭਾਈਆਂ ਵਾਂਗ ਸਾਡੇ ਲਈ ਅੜ ਕੇ ਖੜ੍ਹੇ ਨੇ...ਇਸ ਲਈ ਅਸੀਂ ਵੀ ਇਨ੍ਹਾਂ ਨਾਲ਼ ਅੜਕੇ ਖੜ੍ਹਾਂਗੇ ਪਰ ਮੇਰੇ ਯਾਰ ਤੁਸੀਂ ਤਾਂ ਅੜਨ ਹੀ ਲੱਗ ਗਏ ਇਨ੍ਹਾਂ ਨਾਲ਼। ਅਸੀਂ ਅਹਿਸਾਨ ਫਰਾਮੋਸ਼ ਨੀ ਹੋ ਸਕਦੇ। ਇਨ੍ਹਾਂ ਦੀਆਂ ਮੰਗਾਂ 'ਤੇ ਮੁੜ ਵਿਚਾਰ ਕਰੋ ਤਾਂ ਕਿ ਇਨ੍ਹਾਂ ਨਾਲ਼ ਆਪਾਂ ਜੁੜੇ ਰਹਿ ਸਕੀਏ...।"

ਅੱਜ ਵੀ ਗੁਰਮੇਲ ਨੇ ਲੋਕਾਂ ਨੂੰ ਚੁੱਪ ਕਰਵਾ ਦਿੱਤਾ ਸੀ। ਭੂਰੇ ਨੇ ਉਸਨੂੰ ਸੁਣਦੇ ਨੇ ਅੱਖਾਂ ਭਰ ਲਈਆਂ। ਉਸਦੇ ਅੰਦਰ ਅਪਣੱਤ ਦਾ ਚਸਮਾ ਫੁੱਟ ਪਿਆ। ਉਸਨੂੰ ਸੰਘਣੇ ਬੱਦਲ਼ ਹੁਣ ਸੱਤਰੰਗੀ ਪੀਂਘ ਵਿੱਚ ਬਦਲ ਗਏ ਮਹਿਸੂਸ ਹੋ ਰਹੇ ਸਨ। ਸਾਰੇ ਲੋਕ ਹੁਣ ਚੁੱਪ ਚਾਪ ਬੈਠੇ ਸਨ। ਭੂਰੇ ਤੇ ਉਸਦੇ ਸਾਥੀਆਂ ਨਾਲ਼ ਗੱਲਬਾਤ ਸ਼ੁਰੂ ਹੋ ਗਈ ਸੀ। ਇਹ ਗੱਲਬਾਤ ਪ੍ਰਤੀ ਕਿੱਲਾ ਝੋਨਾ ਲਵਾਈ ਤਰਤਾਲ਼ੀ ਸੌ ਰੁਪਏ 'ਤੇ ਆ ਕੇ ਮੁੱਕ ਗਈ ਸੀ। ਗੁਰਮੇਲ ਨੇ ਹੱਥ ਖੜ੍ਹੇ ਕਰਕੇ ਲੋਕਾਂ ਦੀ ਪ੍ਰਵਾਨਗੀ ਲੈ ਲਈ ਸੀ।

ਭੂਰੇ ਨੂੰ ਆਪਣੇ ਸਾਥੀਆਂ ਨਾਲ਼ ਰਾਇ ਕਰਕੇ ਸਹਿਮਤੀ ਪ੍ਰਗਟਾਉਂਦੇ ਨੂੰ ਹੁਣ ਲੱਗਦਾ ਸੀ ਬਈ, ਅਸੀਂ ਮੋਰਚਾ ਫਤਹਿ ਕਰ ਲਿਆ ਹੈ।

ਉਹ ਉੱਠ ਕੇ ਤੁਰ ਪਏ। ਉਹ ਹੁਣ ਖੁਸ਼ੀ ਵਿੱਚ ਜਾ ਰਹੇ ਸਨ। ਅਜੇ ਕੁਛ ਕਦਮ ਪਿਛਾਂਹ ਹੀ ਮੁੜੇ ਸਨ ਕਿ ਮਧਰਿਆਂ ਦੇ ਬਿੱਲੂ ਦੇ ਲਫ਼ਜ਼ਾਂ ਨੇ ਉਨ੍ਹਾਂ ਦੀ ਖੁਸ਼ੀ ਨੂੰ ਕੁੜੱਤਣ ਵਰਗਾ ਕਰ ਦਿੱਤਾ। ਉਹ ਹੌਲ਼ੀ ਜਿਹੀ ਬੋਲਿਆ, "ਗੁਰਮੇਲ ਸਿਆਂ! ਭਲਾ ਐਨਾ ਰੇਟ ਦੇਣ ਦੀ ਕੀ ਲੋੜ ਸੀ, ਇਹ ਜਾਤ ਕੁਜਾਤ ਤਾਂ ਕੀੜੀਆਂ ਦਾ ਭੌਣ ਹੁੰਦੀ ਆ। ਇੱਕ ਮੁੱਠੀ ਤਿਲ ਚੌਲ਼ੀ ਇਨ੍ਹਾਂ ਨੂੰ ਖੱਡਾਂ ਵਿੱਚ ਵਾੜ ਦਿੰਦੀ ਆ...ਤੁਸੀਂ ਤਾਂ ਪੂਰੀ ਬੋਰੀ ਹੀ ਢੇਰੀ ਕਰਤੀ ।"

ਬਿੱਲੂ ਦੀਆਂ ਗੱਲਾਂ ਸੁਣ ਕੇ ਸੱਥ ਵਿੱਚ ਫਿਰ ਤੋਂ ਘੁਸਰ ਮੁਸਰ ਹੋਣ ਲੱਗ ਗਈ ਸੀ। ਭੂਰਾ ਤੇ ਉਸਦੇ ਸਾਥੀ ਇੱਕ ਦੂਜੇ ਵੱਲ ਦੇਖਦੇ ਹੋਏ ਸੱਥ ਵਿੱਚੋਂ ਬਾਹਰ ਆ ਗਏ। ਭੂਰਾ ਹੁਣ ਉਦਾਸ ਜਿਹਾ ਹੋਇਆ ਸੋਚ ਰਿਹਾ ਸੀ। ਅਸੀਂ ਸੱਥ ਦਾ ਮੋਰਚਾ ਤਾਂ ਭਾਵੇਂ ਫਤਿਹ ਕਰ ਲਿਆ। ਪਰ ਸੱਚ ਤੇ ਸਾਂਝ ਦੇ ਮੋਰਚੇ ਤੋਂ ਅਜੇ ਵੀ ਕੋਹਾਂ ਦੂਰ ਖੜ੍ਹੇ ਹਾਂ।

**98881-17389**

## ਨਿਰਵਾਣ ਦੀ ਤਲਾਸ਼ ਤੋਂ ਜਿਓਣ ਦੇ ਜਸ਼ਨ ਦਾ ਸ਼ਾਇਰ : ਅਮਰਜੀਤ ਕੌਂਕੇ / ਅਵਤਾਰਜੀਤ



ਉਹ ਜਦੋਂ ਵੀ ਕਦੀ ਮਿਲਦਾ
ਤਾਂ ਕਵਿਤਾ ਜਾਂ ਕਿਸੇ ਤਸਵੀਰ ਦੀ
ਬੋਲੀ 'ਚੋਂ ਝਾਕਦਾ
ਉਸਦੇ ਬੁੱਲ੍ਹਾਂ ਦੇ ਬੂਹੇ ਤੇ
ਇੱਕ ਉਦਾਸ ਮੁਸਕਾਨ ਮੁਸਕਰਾਉਂਦੀ
ਜਿਵੇਂ ਫੁੱਲਾਂ ਦੇ ਬਦਨ ਉੱਤੇ
ਧੁੱਪ ਆਪਣੀ ਚੁੱਪ ਸੁੱਕਣੀ ਪਾਉਂਦੀ
ਉਸਦੀ ਝਾਕਣੀ ਵਿੱਚ
ਕੋਈ ਉਦਾਸ ਕਥਾ ਦਾ ਪਾਤਰ ਛਟਪਟਾਵੇ
ਤੇ ਸਿਖਰ ਦੁਪਹਿਰ ਉਸਦਾ ਆਭਾ ਮੰਡਲ
ਉਸਦੀਆਂ ਬਾਹਵਾਂ ਵਿੱਚ ਬੁੱਕਲ ਜਿਉਂਦੀ
ਉਹ ਜਦੋਂ ਜੁੜਦਾ ਹੈ ਤਾਂ
ਸਾਰੇ ਦਾ ਸਾਰਾ ਤੁਹਾਡਾ ਹੁੰਦਾ
ਜਦੋਂ ਖੁੱਲ੍ਹਦਾ ਹੈ ਤਾਂ ਕਾਇਨਾਤ
ਜਿਵੇਂ ਕੋਈ ਅਲੌਕਿਕ ਨਾਚ ਨਚਾਉਂਦੀ

ਉਸਦੇ ਮਸਤਕ ਵਿੱਚ ਦੁਪਹਿਰ-ਖਿੜੀ
ਅੰਦਰ ਉਸਦੇ ਕੋਈ ਉਦਾਸ ਤੇ ਦਰਦਨਾਕ ਰਹੱਸ-ਕਥਾ
ਜੋ ਉਸਦੇ ਨਾਲ ਹੀ ਤੁਰ ਪੈਂਦੀ
ਜੋ ਨਾ ਨਜਰੀਂ ਆਵੇ
ਜਿਵੇਂ ਅੱਖਾਂ 'ਚ ਅੱਥਰੂ ਆਉਣ
ਜਾਗ ਪੈਂਦਾ ਪਾਣੀ
ਜਿਵੇਂ ਪੱਥਰਾਂ ਦੀ ਕਠੋਰ ਖਾਮੋਸ਼ੀ ਕੋਲੇ
ਕਲ ਕਲ ਵਗਦਾ ਹੋਵੇ ਜਿਵੇਂ ਕੋਈ ਝਰਨਾ
ਕਲਾ ਦੇ ਪੈਂਡੇ ਦਾ ਨੰਗਾ ਤੇ ਕੰਡਿਆਲਾ ਸਫ਼ਰ
ਜੋ ਪੈਰਾਂ ਦੀ ਅਪ੍ਰਵਾਨਗੀ ਤੋਂ ਪਰ੍ਹਾਂ ਸ਼ੁਰੂ ਹੁੰਦਾ
ਉਹ ਮਾਂ ਦਾ ਸਿਧਾਰਥ
ਪਿਤਾ ਦਾ ਅਯੁਧਿਆ-ਵੰਸ਼ਜ
ਘਰ ਦੀ ਵਲਗਣ ਤੋਂ ਬਾਹਰ ਦੌੜਦਾ
ਗੌਤਮ ਤੇ ਕਵਿਤਾ ਦਾ ਬੁੱਧ
ਘਰ ਦੇ ਹਨ੍ਹੇਰ ਸੰਘਣੀ ਕਾਲੀ ਰਾਤ ਵਿੱਚ
ਰੋਜ਼ ਉਸਨੂੰ ਕੋਈ ਜਗਾਉਂਦਾ
ਉਸਨੂੰ ਸਫ਼ਰ ਵਿੱਚ ਅਨੁਵਾਦ ਕਰਦਾ
ਖੁਰਦੀਆਂ ਕੰਧਾਂ ਦੀ ਵਲਗਣ ਦਾ ਕਾਰਾਵਾਸ
ਉਦੋਂ ਉਹ ਕਿਸੇ ਦਫ਼ਨ ਰੇਖਾ ਦਾ
ਨਾਇਕ ਵੀ ਆਪ ਸੀ ਤੇ ਖਲਨਾਇਕ ਵੀ ਆਪ
ਜੋ ਆਪਣੇ ਸੁਪਨਿਆਂ ਨੂੰ
ਦਾਇਰਿਆਂ ਦੀ ਕਬਰ ਦੇ ਬਾਹਰ ਹੀ
ਮਹਿਫ਼ੂਜ਼ ਕਰ ਲੈਂਦਾ

ਜਦੋਂ ਅੱਖਾਂ ਵੱਡੀਆਂ ਹੋਣ
ਸੁਪਨੇ ਛੋਟੇ ਲੱਗਦੇ
ਕੁਝ ਵੀ ਨਹੀਂ ਵਾਪਰਦਾ ਸਹਿਜ ਸੁਭਾਅ
ਉਸਦੀਆਂ ਛੋਟੀਆਂ ਅੱਖਾਂ 'ਚ ਵੱਡੇ ਸੁਪਨੇ ਸੀ
ਪਰ ਸੁਪਨੇ ਕਦੇ ਵੀ ਤ੍ਰੇਹ ਦੇ
ਤਰਜਮਾਨ ਨਹੀਂ ਬਣਦੇ
ਤਾਹੀਂ ਤਾਂ ਇੱਕ ਪਿਆਸ ਸਹਿਰਾ ਦੇ
ਆਤਮਕਥਾ ਲਿਖਦੀ ਗਈ
ਰਿਸ਼ਤਿਆਂ ਦੀ ਅਜਬ ਜਿਹੀ ਦੁਨੀਆਂ ਦੇ
ਦ੍ਰਿਸ਼ ਵਿੱਚ ਉਹ ਸੰਪਾਦਨ ਹੁੰਦਾ
ਕਦੇ ਵੀ ਆਪਣੇ ਸਿਰਲੇਖ ਦੇ ਸਿਖਰ 'ਚ
ਵਜੂਦ ਤੋਂ ਵਿਖਿਆਨ ਨਹੀਂ ਹੋ ਸਕਿਆ
ਰਿਸ਼ਤਿਆਂ ਦੀ ਕਲਪ-ਛਾਇਆ 'ਚ
ਡੁੱਬਦਾ ਤਰਦਾ ਰਿਹਾ
ਧੁੱਪਾਂ ਹੀ ਉਸਦੀ ਹੋਣੀ ਨਿਸ਼ਚਿਤ ਕਰਦੀਆਂ ਰਹੀਆਂ

ਉਸ ਕੋਲ ਇੱਕ ਧੁੜਧੁੜੀ ਸੀ
ਇੱਕ ਕਚੀਚੀ ਦੇ ਅੰਦਰ ਸੁੱਤਾ ਕੋਈ ਜਵਾਰਭਾਟਾ
ਜਦੋਂ ਉਸਦੀ ਸਿਮਰਤੀਆਂ ਦੀਆਂ ਲਾਲਟੈਨ ਦੀਆਂ ਲਾਟਾਂ
ਉਸਦੀਆਂ ਉਦਾਸ ਕੰਧਾਂ 'ਚੋਂ
ਉਸਦੇ ਹਿੱਸੇ ਦਾ ਚਾਨਣ ਤਸਦੀਕ ਨਾ ਕਰ ਸਕੀਆਂ
ਗੁਆਚੀਆਂ ਮੁਹੱਬਤਾਂ ਦੇ ਭੁਲੇਖਿਆਂ 'ਚੋਂ
ਜਮਾਂ ਮਨਫ਼ੀ ਹੁੰਦਾ
ਛਲਾਵਿਆਂ ਨਾਲ ਵੀ ਨਹੀਂ ਪਰਚਿਆ
ਉਦੋਂ ਉਸਦੀਆਂ ਨੰਨ੍ਹੀਆਂ ਪੈੜਾਂ ਨੇ
ਪਰਬਤ ਹੋਣਾ ਚਾਹਿਆ ਸੀ
ਜ਼ਿੰਦਗੀ ਦੇ ਅਰਥਾਂ 'ਚੋਂ ਅਮਰਤਾ ਤਲਾਸ਼ਦਾ
ਕਿਸੇ ਸੁਰਖ ਸ਼ਬਦਾਂ ਦੇ ਨਿਰਵਾਣ 'ਚ ਨਿਕਲ ਤੁਰਿਆ
ਕਵਿਤਾ ਦੇ ਬੋਧ-ਬਿਰਖ ਕੋਲ
ਉਸਨੂੰ ਰਾਤਾਂ ਨੂੰ ਬੁੱਧ ਵਾਜਾਂ ਮਾਰਦਾ
ਉਹ ਆਪਣੇ ਆਪ ਨੂੰ ਤਲਾਸ਼ਦਾ
ਉਹ ਕਦੇ ਸਿਧਾਰਥ ਹੀ ਰਹਿਣਾ ਚਾਹੁੰਦਾ
ਜੜ੍ਹ ਹੋ ਜਾਂਦਾ
ਕਦੇ ਉਸਦੀਆਂ ਖੜਾਵਾਂ ਯਾਤਰਾ ਪਹਿਨ ਲੈਂਦੀਆਂ
ਓਸ਼ੋ ਉਸਦੇ ਅੰਦਰ ਸਮਾਧੀ ਲਾਉਂਦਾ
ਧਿਆਨ ਵਿੱਚ ਉਹ ਦੂਰ ਨਿਕਲ ਤੁਰਦਾ
ਚਾਨਣ ਵਾਂਗ ਫੈਲਦਾ
ਦੂਰ ਚਾਂਦੀ ਰੰਗੇ ਸ਼ਹਿਰ ਵੱਲ
ਜਿੱਥੇ ਬੰਦਾ ਨੀਲਾਮ ਹੋਣ ਤੱਕ ਜਾਂਦਾ
ਹੌਲੀ ਹੌਲੀ ਕਵਿਤਾ ਦੀਆਂ ਮਟਕਦੀਆਂ ਤੋਰਾਂ

# ਨਿਰਵਾਣ ਦੀ ਤਲਾਸ਼ ਤੋਂ ਜਿਓਣ ਦੇ ਜਸ਼ਨ ਦਾ ਸ਼ਾਇਰ : ਅਮਰਜੀਤ ਕੌਂਕੇ / ਅਵਤਾਰਜੀਤ

ਉਸਦੇ ਜਿਸਮ ਦੀ ਥਕਾਨ ਅੰਦਰ ਭਰਨ ਲੱਗੀਆਂ
ਜਿਉਣ ਵਰਗਾ ਲੋਰ
ਉਸਦੇ ਦੁਆਲੇ ਰੰਗਾਂ ਦਾ ਤਲਿਸਮ ਸੀ
ਤਲਿਸਮ ਤਾਂ ਟੁੱਟਣਾ ਹੀ ਸੀ ਅਚਾਨਕ
ਉਹ ਭੁਰ ਗਿਆ ਭੋਰਾ ਭੋਰਾ ਆਪਣੇ ਹੀ ਅੰਦਰ
ਉਹ ਆਪਣੇ ਅੰਦਰਲੇ ਅਮਰਜੀਤ ਨੂੰ ਪਰਚਾ ਨਾ ਸਕਿਆ
ਆਪਣੇ ਮੋਢਿਆਂ ਤੇ ਢੋਂਦਾ ਰਿਹਾ ਉਹ
ਲਗਾਤਾਰ ਰਿਸ਼ਤਿਆਂ ਨੂੰ
ਆਪਣੇ ਘਰ ਵੱਲ ਜਾਣ ਵਾਲੀ ਕਿਸੇ ਪਗਡੰਡੀ ਤੇ ਤੁਰਦਾ
ਉਸਦਾ ਪਿੰਡ ਉਸਦੇ ਗਲ ਦੀ ਗਾਨੀ ਬਣ
ਅਨੰਤ ਅਰਥਾਂ ਵਿੱਚ ਤਾਬੀਜ਼ ਵਾਂਗੂੰ ਝੂਲਦਾ
ਤੇ ਆਪਣੀਆਂ ਉਦਾਸ ਤੇ ਪਿਆਸੀਆਂ ਕਵਿਤਾਵਾਂ ਸਮੇਤ
ਲੀਨ ਹੋ ਕੇ ਸਿਰਜਣਾ ਦੀ ਵਿਰਾਟ ਲੀਲ੍ਹਾ 'ਚ
ਵਕਤ ਦੀ ਤਲੀ ਤੇ ਰੱਖਦਾ ਰਿਹਾ ਅੰਗਾਰ
ਨਾਗਮਣੀ ਉਸਦੀਆਂ ਕਵਿਤਾਵਾਂ ਦੀ ਸ਼ਨਾਖਤ
ਉਹ ਕਵਿਤਾ ਦਾ ਮੁਹਾਂਦਰਾ ਪਹਿਚਾਣਦੀ ਭੁੱਖ
ਉਹ ਕਵਿਤਾ ਤੇ ਘਰ ਦੇ ਦਰਮਿਆਨ
ਆਪਣੀਆਂ ਸ਼ਕਤੀਆਂ ਜਗਾਉਂਦਾ
ਤਾਂ ਹੁੰਮਸ, ਹਵਾੜ ਤੇ ਕਾਲੇ ਧੂਏਂ ਦੀ ਕਾਲਖ
ਕਾਰਖਾਨਿਆਂ ਦਾ ਸ਼ੋਰ
ਉਸਦੇ ਮੌਨ ਨੂੰ ਹੋਰ ਡੂੰਘਾ ਕਰਦਾ
ਹੌਜਰੀ ਦੀਆਂ ਹਾਜਰੀਆਂ 'ਚੋਂ ਚੁਰਾ ਲੈਂਦਾ
ਆਪਣੀ ਕਵਿਤਾ ਤੇ ਜਿਉਣ ਦੀ ਤਲਬ

ਆਪਣੇ ਦੁਆਲੇ ਫੈਲੀ ਕਾਇਆ ਦੀ ਕਬਰ 'ਚੋਂ
ਜਿਉਣ ਦਾ ਸੱਚ ਤਲਾਸ਼ਦਾ
ਨਿਰਵਾਣ ਦੀ ਤਲਾਸ਼ 'ਚ ਨਿਕਲ ਤੁਰਿਆ
ਉਸਦੇ ਤਪ 'ਚ ਸਫ਼ਰ
ਉਸਦੇ ਜਪ 'ਚ ਤਲਾਸ਼ ਦੀ ਸਿਖਰ 'ਚੋਂ
ਪੈਦਾ ਹੋਈ ਦਵੰਦ ਕਥਾ
ਯਕੀਨ ਖ਼ੁਦ ਉੱਤੇ ਕਰਦਾ
ਕਿ ਸ਼ਬਦ ਹੀ ਰਹਿਣਗੇ ਕੋਲ ਕੋਲ
ਮੁੱਠੀ ਭਰ ਰੋਸ਼ਨੀ ਤਲੀਆਂ ਵਿੱਚ ਫੜੀ
ਅੰਧੇਰੇ ਵਿੱਚ ਆਵਾਜ਼ ਮਾਰਦਾ
ਔੜ ਵਿੱਚ ਆਪਣੀ ਹੀ ਪਿਆਸ ਦੇ ਗਲ ਲੱਗਦਾ
ਪਰਛਾਵਿਆਂ ਨੂੰ ਫੜਨ ਦੀ ਕੋਸ਼ਿਸ਼ ਕਰਦਾ
ਨਵੀਆਂ ਰੁੱਤਾਂ ਨਵੇਂ ਔਰੇ ਮਹਾਂ ਮਨੁੱਖ ਦੀ ਕਥਾ 'ਚੋਂ
ਨਵੇਂ ਅਰਥਾਂ ਵਿੱਚ ਕਰਦਾ ਆਪਣੇ ਆਪ ਨੂੰ ਰੁਪਾਂਤਰ
ਅੱਜ ਜਦੋਂ ਕਿ ਦੁਨੀਆਂ ਨਵੀਂ ਨਵੀਂ ਤੇ
ਅਸਤਿਤਵ ਸਿਰਫ਼ ਕਾਠ ਦਾ ਪੁਤਲਾ
ਸ਼ਬਦਾਂ ਅਰਥਾਂ ਦੀ ਧੁੱਪ ਵਿੱਚ
ਸਰ੍ਹਾਣੇ ਸੂਰਜ ਦਾ ਤਕੀਆ ਰੱਖਕੇ ਸੌਂਦਾ
ਬੀਤੇ ਦੀ ਬੰਸਰੀ ਦੇ ਗੀਤ ਸੁਣਦਾ
ਦੋਸਤਾਂ ਦੀਆਂ ਸਿਆਣੀਆਂ ਕਿਤਾਬਾਂ ਦੇ
ਪੰਨਿਆਂ ਦੇ ਪੱਤਿਆਂ ਸੰਗ ਸੰਵਾਦ ਕਰਦਾ
ਕਵਿਤਾ ਦਾ ਮਹਾਂ-ਪਾਤਰ ਬਣ ਜਾਂਦਾ
ਸਮਾਨਾਂਤਰ ਤੁਰਨਾ ਜਿਵੇਂ ਉਸਨੂੰ ਹੀ ਆਉਂਦਾ
ਤੁਰਨਾ ਜਿਵੇਂ ਦੋਧਾਰੀ ਤਲਵਾਰ ਤੇ
ਉਹ ਤੁਰਦਾ ਹੈ- ਤੁਰਿਆ ਹੈ ਤਾਂ ਹੀਂ ਸਮਾਂ ਉਦਾਸ ਨਹੀਂ
ਉਹ ਕਵਿਤਾਵਾਂ ਦੀਆਂ ਖ਼ੂਬਸੂਰਤੀਆਂ ਨਾਲ
ਸਰੋਕਾਰ ਰੱਖਦਾ ਸਤਰੰਗੀ ਪੀਂਘ ਵਾਂਗ ਫੈਲਦਾ
ਸਮੇਂ ਦੀ ਹਿੱਕ ਤੇ ਪ੍ਰਤਿਮਾਨ ਬਣ ਜਾਂਦਾ
ਤੇ ਪ੍ਰਕਾਸ਼ਵਾਨ ਵੀ
ਉਹ ਦੋਸਤੀਆਂ ਦਾ ਮੇਜ਼ਵਾਨ
ਸ਼ਹਿਰ ਦੀ ਇੱਕ ਨੁੱਕਰੇ ਰਹਿੰਦਾ
ਪਰ ਵਿਸ਼ਵ ਸਾਹਿਤ ਦਾ ਸ਼ੀਸ਼ਾ ਆਪਣੇ ਕੋਲ ਰੱਖਦਾ
ਇਨਸਾਈਕਲੋਪੀਡਿਆ
ਉਸਦਾ ਬੁਲਾਵਾ ਦੋਸਤਾਂ ਦੀਆਂ ਠਾਹਰਾਂ
ਮਹਿਫਲਾਂ 'ਚ ਠਹਾਕੇ ਮਾਰ ਕੇ ਹੱਸਦਾ
ਤਾਂਹੀਂ ਤਾਂ ਕਵਿਤਾ ਦਾ ਪਿੰਡ ਵੱਸਦਾ
ਜਦੋਂ ਮੋਹ ਦੇ ਰੰਗਾਂ ਨੇ ਹੋਣਾ ਹੁੰਦਾ ਗਲਵਕੜੀ
ਉਹ ਸੁਬਕ ਜਿਹਾ ਬੋਲਦਾ
ਕਿਵੇਂ ਹੈ ਪਿਆਰੇ
ਨਹੀਂ ਮਿਲਦਾ ਪਹਿਨ ਕੇ ਮਖੌਟੇ ਭਾਰੇ ਭਾਰੇ
ਮਿਲਦਾ ਹੈ ਤਾਂ ਪੂਰਾ ਮਿਲਦਾ
ਤੇ ਵਿਛੜਨ ਲੱਗਿਆਂ ਦੂਜੇ ਨੂੰ
ਅਧੂਰਾ ਜਿਹਾ ਛੱਡ ਜਾਂਦਾ
ਦੁਬਾਰਾ ਫੇਰ ਪੂਰਾ ਹੋ ਕੇ ਮਿਲਣ ਦੇ ਲਈ
ਜਿਉਣ ਦੇ ਜਸ਼ਨ ਵਿੱਚੋਂ ਨਿਰਵਾਣ ਤਲਾਸ਼ਦਾ
ਅੱਜ ਕੱਲ੍ਹ ਉਹ ਆਕਾਸ਼ ਦੇ ਪੰਨੇ ਤੇ ਲਿਖਿਆ
ਉਹ ਸਿਰਨਾਵਾਂ ਹੈ
ਜੋ ਸਿਰਫ਼ ਸੂਰਜ ਨੂੰ ਹੀ ਆਟੋਗਰਾਫ਼ ਦਿੰਦਾ ਹੈ....
ਆਮੀਨ !!!



## ਕਵਿਤਾਵਾਂ / ਨਵਤੇਜ ਗੜ੍ਹਦੀਵਾਲਾ



### ਹਨ੍ਹੇਰ ਨਾ ਹੋ ਜਾਏ

ਤੁਹਾਡੇ ਰਾਸ਼ਟਰ ਦੇ ਵਾਯੂਮੰਡਲ ਵਿੱਚ
ਧੁਆਂਖੀ ਧੁੰਦ ਦਾ ਚੈਂਬਰ ਹੈ
ਪਾਰ ਕੁੱਝ ਦਿੰਦਾ ਨਹੀਂ ਦਿਖਾਈ
ਤੁਸੀਂ ਦੁੱਧ ਵਰਗੀ ਕਮੀਜ਼ ਪਾਈ
ਲਾਠੀ ਮੋਢੇ ਪਕੜ ਟਿਕਾਈ
ਧਰਮ ਦੀ ਜੈ-ਜੈ ਲਗਾਈ
ਕਰਦੇ ਪਏ ਹੋ ਪਹਿਰੇਦਾਰੀ
ਫੌਜਾਂ ਤੋਂ ਵੀ ਵੱਧ ਹੁਸ਼ਿਆਰੀ

ਕਿਸੇ ਕਿਰਨ ਦੀ ਕੀ ਮਜ਼ਾਲ
ਉਹ ਪਹਿਰਾ ਲੰਘ ਸਕੇ
ਤੁਹਾਡੀ ਮਨਮਰਜ਼ੀ ਨੂੰ ਡੰਗ ਸਕੇ
ਸਦੀਆਂ ਤੋਂ ਤੁਹਾਨੂੰ
ਚੈਂਬਰ 'ਤੇ ਮਾਣ ਹੈ
ਸਦੀਆਂ ਤੋਂ ਹੁੰਦਾ ਆਇਆ
ਅਸਾਡੇ ਸੁਪਨਿਆਂ ਦੇ
ਬੋਟਾਂ ਦਾ ਘਾਣ ਹੈ

ਧੁੰਦ ਬਿਲਕੁਲ ਹਨ੍ਹੇਰ ਨਾ ਹੋ ਜਾਏ
ਕਿਤੇ ਮੈਨੂੰ ਦੇਰ ਨਾ ਹੋ ਜਾਏ
ਸੁੱਤਿਆਂ ਨੂੰ ਹੁਣ ਉਠਾਲ ਕੇ
ਤਾਜ਼ੀ ਅੱਗ ਬਾਲ਼ ਕੇ
ਆਪਣੇ ਚੀਕੂਣੀ ਮਿੱਟੀ ਦੇ ਚੁੱਲ੍ਹੇ 'ਚੋਂ
ਬਸੰਤਰ ਪਰਗਟਾਉਣ ਵਾਲ਼ਾ ਹਾਂ
ਅਰਸ਼ੀਂ ਉਡਾਉਣ ਵਾਲ਼ਾ ਹਾਂ
ਤਾਂ ਕਿ ਕਿਰਨਾਂ ਦੇ ਲੰਘਣ ਲਈ
ਤੁਹਾਡੇ ਵਾਯੂਮੰਡਲ ਵਿੱਚ
ਕੋਈ ਰੋਸ਼ਨਦਾਨ ਹੋ ਜਾਏ
ਭਾਰਤ ਮਹਾਨ ਹੋ ਜਾਏ।

### ਬੱਦਲ਼ ਵਰ੍ਹ ਰਿਹਾ ਹੈ

ਬੱਦਲ਼ ਵਰ੍ਹ ਰਿਹਾ ਹੈ
ਬਲ਼ਦੀਆਂ ਔੜਾਂ ਦੀ ਫੂਕੀ
ਅਹਿੱਲਿਆ ਹੋਈ ਧਰਤ ਸਿਰ
ਹੱਥ ਧਰ ਰਿਹਾ ਹੈ
ਬੱਦਲ਼ ਵਰ੍ਹ ਰਿਹਾ ਹੈ
ਬੱਚੇ ਨਹਾ ਰਹੇ ਨੇ
ਝੁਲਸੇ ਹੋਏ ਘਾਹ ਨੇ
ਅੰਗੜਾਈ ਲਈ ਹੈ
ਪੰਛੀਆਂ ਵਿੱਚ ਜਾਨ ਪਈ ਹੈ
ਜ਼ਿੰਦਗੀ ਦੇ ਦਰਿਆ
ਜਿਉਂਦੇ ਹੋ ਰਹੇ ਨੇ
ਮੁਰਦੇ ਖੜੋ ਰਹੇ ਨੇ
ਬੱਦਲ਼ ਵਰ੍ਹ ਰਿਹਾ ਹੈ
ਕਮਾਲ ਕਰ ਰਿਹਾ ਹੈ
ਬੱਦਲ਼ ਵਰ੍ਹ ਰਿਹਾ ਹੈ
ਭਿੱਜ ਰਹੀ ਹੈ ਬਿਜਲੀ ਦੀ ਤਾਰ
ਲਟਕਦੇ ਨੇ ਤੁਪਕੇ
ਭਾਰੇ ਹੋ ਹੋ ਵਿਹੜੇ ਵਿੱਚ ਡਿਗ੍ਹਣ
ਹਰ ਤੁਪਕੇ ਵਿੱਚੋਂ
ਮੈਨੂੰ ਝਾਤ-ਝਾਤ ਕਰਦੇ
ਮੁਸਕਰਾ ਰਹੇ ਨੇ ਪੁਰਖੇ
ਆ ਰਹੇ ਨੇ ਪੁਰਖੇ
ਜਾ ਰਹੇ ਨੇ ਪੁਰਖੇ
ਬੱਦਲ਼ ਵਰ੍ਹ ਰਿਹਾ ਹੈ
ਸਾਹਾਂ ਦੇ ਸਰਵਰਾਂ ਨੂੰ
ਥਪਥਪਾ ਰਿਹਾ ਹੈ
ਜੀਵਨ ਦਾ ਨਗਾਰਾ ਵਜਾ ਰਿਹਾ ਹੈ
ਖ਼ਾਲੀ ਝੋਲ਼ੀਆਂ ਭਰ ਰਿਹਾ ਹੈ
ਬੱਦਲ਼ ਵਰ੍ਹ ਰਿਹਾ ਹੈ

ਹੈਂ! ਇਹ ਕੀ ਹੋ ਰਿਹਾ ਹੈ
ਬੱਦਲ਼ ਕਿਉਂ ਰੋ ਰਿਹਾ ਹੈ
ਕਿਉਂ ਦੂਰ ਜਾ ਰਿਹਾ ਹੈ
ਸੱਜਾ ਹੱਥ,ਖੱਬੇ-ਸੱਜੇ
ਹਿਲਾ ਰਿਹਾ ਹੈ ਬੱਦਲ਼
ਕੀ ਸਮਝਾ ਰਿਹਾ ਹੈ ਬੱਦਲ਼
ਇਹ ਕੀ ਕਰ ਰਿਹੈ ਬੱਦਲ਼
ਹੁਣੇ ਸੀ ਵਰ੍ਹ ਰਿਹੈ ਬੱਦਲ਼!

## ਅਰਜੋਈ / ਗੁਰਜੰਟ ਰਾਜੇਆਣਾ

ਰੀਂਗਦਿਆਂ ਨੂੰ ਤੁਰਨ
ਤੁਰਦਿਆਂ ਨੂੰ ਵਗਣ
ਸੌਂ ਰਿਹਾਂ ਨੂੰ ਜਾਗਣ ਦੀ
ਦੇ ਕੇ ਅਸੀਸ
ਫਿਰ ! ਉੱਜੜ ਜਾਓ ਦਾ
ਦੇ ਸਰਾਪ ਅਗਲੀ ਉਦਾਸੀ ਲਈ
ਤੁਸਾਂ ਚੁਣ ਲਿਆ ਸੀ ਨਵਾਂ ਪੰਧ

ਬਾਬਾ! ਰੁਕਿਆਂ, ਰੀਂਗਦਿਆਂ,
ਸੁੱਤਿਆਂ ਦੇ ਇਸ ਦੇਸ ਪਰਤ

ਫਿਰ ! ਮੇਰੇ ਨਗਰ ਦੇ ਲੋਕ
ਸੱਤਾ ਦੇ ਚੁੱਲ੍ਹੇ 'ਤੇ ਤਪਦੇ !
ਰਾਸ਼ਟਰਵਾਦੀ ਤਵੇ 'ਤੇ ਪੱਕੀ
ਅਮਨ ਦੀ ਰੋਟੀ ਖਾਂਦਿਆਂ-ਖਾਂਦਿਆਂ
ਤੁਰਨਾ, ਵਗਣਾ, ਜਾਗਣਾ
ਗਏ ਨੇ ਭੁੱਲ
ਨਹੀਂ ਦਿਸਦਾ ਇਨ੍ਹਾਂ ਨੂੰ
ਇਸ ਰੋਟੀ 'ਚੋਂ ਸਿੰਮਦਾ ਖ਼ੂਨ
ਇਨ੍ਹਾਂ ਦਿੱਤੇ ਨੇ ਵਿਸਾਰ ਯੁੱਧ,
ਤੇਰੇ ਬੋਲ
"ਰਾਜੇ ਸ਼ੀਂਹ ਮੁਕਦਮ ਕੁਤੇ ।।"

ਬਾਬਾ ! ਬਖ਼ਸ਼ ਯੁੱਧ ਲੜਦਿਆਂ ਨੂੰ
ਲੜਦੇ ਰਹਿਣ ਦੀ ਤੌਫ਼ੀਕ
ਉੱਜੜਿਆਂ ਨੂੰ
ਉੱਜੜਦੇ ਰਹਿਣ ਦਾ ਹੁਨਰ

ਤੇ! ਰੁਕੇ, ਰੀਂਗਦੇ ਰਹਿਣ ਦੇ
ਆਦੀਆਂ ਨੂੰ ਵੱਸਦੇ ਰਹੋ ਦਾ
ਦੇਵੋਂ ਵਰ...



## ਗ਼ਜ਼ਲਾਂ / ਵਿਨੋਦ ਅਨੀਕੇਤ



ਬੇੜਾ ਉਸੇ ਲਗਾਉਣਾ ਬੰਨੇ।
ਜੋ ਲਿਖਦਾ ਕਿਸਮਤ ਦੇ ਪੰਨੇ।

ਬੰਦਾ ਹੀ ਰੱਬ ਦੀ ਮੂਰਤ ਹੈ।
ਮੰਨੇ ਭਾਵੇਂ ਨਾ ਕੋਈ ਮੰਨੇ।।

ਲੱਖਾਂ ਸ਼ਿਅਰ ਭਾਵ ਤੋਂ ਕੋਰੇ।
ਸਹੀ ਸਿਹਾਰੀ, ਔਂਕੜ, ਕੰਨੇ।।

ਕਿਵੇਂ ਅਮੂਰਤ ਦਿਸੂ ਓਸਨੂੰ।
ਮੂਰਤੀਆਂ ਨੂੰ ਜਿਹੜਾ ਭੰਨੇ।।

ਯੂਟਿਊਬਾਂ ਤੇ ਨਹੀਂ ਬੋਲਦੇ।
ਸਧਨੇ ਤਰਲੋਚਨ ਤੇ ਧੰਨੇ।।

...

ਗਿਣਤੀ ਦੇ ਤਾਂ ਬੰਦੇ ਕੋਲੇ ਸਾਹ ਹੁੰਦੇ ਨੇ।
ਉਮਰਾਂ ਦੇ ਕਿਉਂ ਐਨੇ ਔਖੇ ਰਾਹ ਹੁੰਦੇ ਨੇ।।

ਸੋਨੇ ਚਾਂਦੀ ਨਾਲ ਅਮੀਰੀ ਨਹੀਂ ਹੁੰਦੀ।
ਦਿਲ ਦੇ ਸ਼ਾਹ ਅਸਵਾਰ ਹੀ ਅਸਲੀ ਸ਼ਾਹ ਹੁੰਦੇ ਨੇ।।

ਬਦ ਤਮੀਜ਼ੀ ਲਫ਼ਜ਼ਾਂ ਦੀ ਮੁਹਤਾਜ ਨਹੀਂ ਹੈ।
ਲੁੱਚੀਆਂ ਅੱਖਾਂ ਨਾਲ ਵੀ ਬਹੁਤ ਗੁਨਾਹ ਹੁੰਦੇ ਨੇ।।

ਬੁਲਬੁਲ, ਚਿਲਮਨ, ਜ਼ੁਲਫ਼ਾਂ ਮੇਰੇ ਲਫ਼ਜ਼ ਨਹੀਂ।
ਮੇਰੇ ਸ਼ਿਅਰ ਹਮੇਸ਼ਾਂ ਸਫ਼ੇਦ-ਸਿਆਹ ਹੁੰਦੇ ਨੇ।।

ਲੰਮ ਸਲੰਮੇ ਤੇਜ਼ ਹਵਾ ਵਿੱਚ ਡਿੱਗ ਪੈਂਦੇ ਨੇ।
ਝੱਖੜ ਜੋ ਝੱਲ ਜਾਂਦੇ ਨੇ, ਉਹ ਘਾਹ ਹੁੰਦੇ ਨੇ।।

## ਗ਼ਜ਼ਲਾਂ / ਰੂਹੀ ਸਿੰਘ



ਬੇਸ਼ੱਕ ਕੋਈ ਲੱਜ਼ਤ, ਚਾਅ ਜਾਂ ਹੁੰਗਾਰਾ ਨਾ ਸੀ
ਧੜਕੇ ਬਗ਼ੈਰ ਦਿਲ ਦਾ ਐਪਰ ਗੁਜ਼ਾਰਾ ਨਾ ਸੀ

ਦਿਲ ਹੌਲ਼ਾ ਕਰਨ ਖ਼ਾਤਿਰ ਕਿੰਨੇ ਹੀ ਘਾਟ ਗਾਹੇ
ਪਾਣੀ ਕੋਈ ਵੀ ਐਪਰ ਹਉਕੇ ਤੋਂ ਭਾਰਾ ਨਾ ਸੀ

ਜਦ ਧਾਰ ਹੀ ਲਿਆ ਸੀ ਸਭ ਧਸਦਿਆਂ ਨੂੰ ਕੱਢਣਾ
ਦਲਦਲ 'ਚ ਉੱਤਰਨ ਬਿਨ ਕੋਈ ਵੀ ਚਾਰਾ ਨਾ ਸੀ

ਮਿੰਨਤਾਂ, ਜੁਗਾੜ, ਤਰਲੇ, ਸੌਦੇ, ਸਕੀਮਾਂ, ਤਿਕੜਮ
'ਮੰਜ਼ਿਲ' ਤਾਂ ਮਿਲ ਹੀ ਜਾਂਦੀ, ਸਾਨੂੰ ਗਵਾਰਾ ਨਾ ਸੀ

ਦੱਸੋ ਮੈਂ ਕਿੰਝ ਕਰਦੀ, ਅੰਧੇਰ ਨਾਂਵੇਂ ਉਸ ਨੂੰ
ਚੰਨ ਮੇਰਾ ਆਪਣਾ ਸੀ, ਰਾਤੇ ਦਾ 'ਧਾਰਾ ਨਾ ਸੀ

ਇਕ ਦਰਦ ਨੂੰ ਹੁਣੇ ਹੀ ਠੁੰਮ੍ਹਣਾ ਹੈ ਦਿੱਤਾ, ਕਿਉਂ ਜੋ
ਮੇਰੇ ਬਗ਼ੈਰ ਉਸ ਦਾ ਕੋਈ ਸਹਾਰਾ ਨਾ ਸੀ

...

ਉਮਰਾਂ ਤੋਂ ਇਹ ਕਿਹੜੀ ਪੀੜ ਸਤਾਉਂਦੀ ਹੈ
ਜਿਹੜੀ ਸੁਪਨੇ ਵਿੱਚ ਵੀ ਅੱਖ ਭਰ ਆਉਂਦੀ ਹੈ

ਇੱਕ ਅੰਬਰ ਸਭ ਭੇਤ ਸੰਭਾਲ਼ੀ ਬੈਠਾ ਹੈ
ਕਿਹੜੀ ਚਿੜੀ ਹੈ, ਕਿੰਨੇ ਖੰਭ ਫੈਲਾਉਂਦੀ ਹੈ?

ਯਾਰਾ! ਕਿਸ ਕੋਲ਼ ਰਹਿੰਦੀ ਏ ਹੁਣ ਯਾਦ ਤੇਰੀ
ਏਥੇ ਤਾਂ ਬਸ "ਜੋਗੀ-ਫ਼ੇਰਾ" ਪਾਉਂਦੀ ਹੈ

ਮਾਂ ਨੇ ਜੋ ਪਿਛਲੇ ਘਰ ਦੀਵਾ ਬਾਲ਼ਿਆ ਸੀ
ਉਸ ਦੀ ਲੋਅ ਅਗਲਾ ਘਰ ਵੀ ਰੁਸ਼ਨਾਉਂਦੀ ਹੈ

ਸਾਰਾ ਦਿਲ ਮੈਂ ਕਿੰਝ ਗ਼ਜ਼ਲ ਵਿਚ ਖੋਲ੍ਹ ਦਿਆਂ
ਦੱਸ ਉਫਾਨਾਂ ਨੂੰ ਕਦ ਬੰਦਿਸ਼ ਭਾਉਂਦੀ ਹੈ।

## ਕਹਾਣੀ / ਉੜਦੂ ਸ਼ਾਇਰ / ਮੁਹੰਮਦ ਇਮਤਿਆਜ਼

ਸਾਜਿਦ ਨੇ ਮੇਜ਼ 'ਤੇ ਕਾਗ਼ਜ਼ ਰੱਖੇ।

ਸੁਪਰਡੈਂਟ ਉਸ ਵੱਲ ਝਾਕਿਆ। "ਕੀ ਕਹਿੰਦੇ ਸਾਹਬ?"



"ਕੁਸ਼ ਨ੍ਹੀਂ! ਬੱਸ, ਨੋਟਿੰਗ ਕਰ-'ਤੀ ਜਿਹੜੀ ਤੁਸੀਂ ਕਹੀ ਸੀ! ... ਮੈਨੂੰ ਦੇਖਦੇ ਈ ਸਾਹਬ ਉੜਦੂ ਬੋਲਣ ਲੱਗ ਪਿਆ!"

ਸੁਪਰਡੈਂਟ ਮੁਸਕੁਰਾਇਆ।

"ਜਿਹੜਾ ਵੀ ਐਸ.ਡੀ.ਐਮ. ਆਉਂਦੈ, ਮੇਰੇ ਨਾਲ ਉੜਦੂ ਬੋਲਣ ਲੱਗ ਪੈਂਦੈ!" ਸਾਜਿਦ ਬੋਲੀ ਜਾ ਰਿਹਾ ਸੀ। "ਹੁਣ ਸਾਨੂੰ ਪਿੰਡ ਦੇ ਪੜ੍ਹਿਆਂ ਨੂੰ ਉੜਦੂ ਕਿਥੇ ਆਉਂਦੀ ਐ!"

ਸੁਪਰਡੈਂਟ ਹਥਲੇ ਕਾਗ਼ਜ਼ਾਂ ਵਿੱਚ ਰੁੱਝਿਆ ਹੋਇਆ ਸੀ। "ਚਲ! ਹੁਣ ਤਾਂ ਨਵਾਂ ਸਾਹਬ ਆਉਣ ਆਲੈ!" ਉਸ ਨੇ ਕਲਮ ਚਲਾਉਂਦਿਆਂ ਕਿਹਾ।

"ਕਾਹਨੂੰ ਜੀ! ਜਿਹੜਾ ਨਵਾਂ ਆਊ, ਉਹ ਵੀ ਐਹੋ ਜਿਹਾ ਈ ਹੋਊ! ਇੱਕ ਸਿਰਫ ਸੱਭਰਵਾਲ ਸਾਹਬ ਈ ਸੀਗੇ ਜਿਹੜੇ ਮੇਰੇ ਨਾਲ ਪੰਜਾਬੀ ਬੋਲਦੇ ਸੀ!"

ਸੁਪਰਡੈਂਟ ਨੇ ਕਾਗ਼ਜ਼ਾਂ ਤੋਂ ਮੂੰਹ ਚੁੱਕੇ ਵਗੈਰ ਜਵਾਬ ਦਿੱਤਾ, "ਫੇਰ ਉਹ ਪੀ.ਸੀ.ਐਸ ਸੀਗੇ ਨਾ! ਉਹਨਾਂ ਨੂੰ ਪੰਜਾਬ ਬਾਰੇ ਪੂਰਾ ਪਤਾ ਸੀ!"

"ਆਈ.ਏ.ਐਸ ਤਾਂ ਜਿੰਨੇ ਵੀ ਆਏ ਨੇ, ਇਹੀ ਸਮਝਦੇ ਰਹੇ ਨੇ, ਪਈ, ਏਥੋਂ ਆਲੇ ਮੁਸਲਮਾਨ ਵੀ ਉੜਦੂ ਈ ਬੋਲਦੇ ਨੇ! ਉਹਨਾਂ ਨੂੰ ਕੀ ਪਤਾ ਮੇਰੇ ਵਰਗੇ ਨੂੰ ਤਾਂ ਉੜਦੂ ਦਾ ੳ-ਅ ਵੀ ਨ੍ਹੀਂ ਔਂਦਾ!"

ਸੁਪਰਡੈਂਟ ਸਿਰ ਸੁੱਟੀਂ ਮੁਸਕੁਰਾਇਆ, "ਉਰਦੂ 'ਚ ੳ-ਅ ਨ੍ਹੀਂ, ਅਲਿਫ-ਬੇ ਹੁੰਦੈ!"

----

ਕਮਰੇ ਦਾ ਦਰਵਾਜ਼ਾ ਖੋਲ੍ਹਦਿਆਂ ਸਾਜਿਦ ਨੇ ਕੰਨਾਂ 'ਤੇ ਜ਼ੋਰ ਪਾਇਆ। ਦਰਵਾਜ਼ੇ ਅੰਦਰ ਵੜਦਿਆਂ ਹੀ ਉਸ ਨੇ ਇਹ ਜ਼ੋਰ ਅੱਖਾਂ ਦੇ ਡੇਲਿਆਂ 'ਤੇ ਤਬਦੀਲ ਕਰ ਲਿਆ।

"ਨਮਸਤੇ, ਸਰ ਜੀ !"

ਐਸ.ਡੀ.ਐਮ. ਨੇ ਉਸ ਵੱਲ ਅੱਖਾਂ ਫਾੜ ਕੇ ਵੇਖਿਆ।

"ਮੇਰਾ ਨਾਮ ਸਾਜਿਦ ਐ, ਜੀ ! ਮੈਂ ਅਕਾਊਂਟੈਂਟ ਆਂ, ਜੀ!"

ਐਸ.ਡੀ.ਐਮ. ਨੇ ਉੱਪਰ-ਹੇਠਾਂ ਸਿਰ ਮਾਰਿਆ। "ਆਪ ਯੂ.ਪੀ. ਸੇ ਹੈਂ ਕਯਾ?"

"ਨਹੀਂ ਜੀ! ਮੈਂ ਤਾਂ ਮਲੇਰਕੋਟਲੇ ਤੋਂ ਆਂ, ਜੀ!"

"ਅੱਛਾ! ਅੱਛਾ! ਮੈਨੂੰ ਲੱਗਿਆ, ਤੁਸੀ ਮੇਰੀ ਹੋਮ ਸਟੇਟ ਤੋਂ ਹੈਗੇ!" ਐਸ.ਡੀ.ਐਮ. ਦੀਆਂ ਵਰਾਛਾਂ ਖਿੜੀਆਂ। "ਲਖਨਊ ਔਰ ਕਾਨਪੁਰ ਮੇਂ ਮੇਰੇ ਬਹੁਤ ਸੇ ਮੁਸਲਮਾਨ ਦੋਸਤ ਹੈਂ।"

"ਅੱਛਿਆ, ਜੀ?"

"ਜਬ ਭੀ ਹਮ ਦੋਸਤ ਮਿਲਤੇ ਹੈਂ ਤੋ ਸ਼ੇਅਰੋ-ਸ਼ਾਇਰੀ ਕਾ ਦੌਰ ਚਲ ਪੜਤਾ ਹੈ! ... ਯਹਾਂ ਯੇਹ ਕਮੀ ਆਪ ਨੇ ਪੂਰੀ ਕਰਨੀ ਹੈ!" ਐਸ.ਡੀ.ਐਮ. ਦੇ ਕਣਕਵੰਨੇ ਚਿਹਰੇ ਵਿੱਚੋਂ ਚਿੱਟੇ ਦੰਦ ਲਿਸ਼ਕੇ।

"ਹਾਂ ਜੀ, ਹਾਂ ਜੀ! ... ੳ, ਸਰ, ਜ਼ਰਾ ਮੇਰੀ ਪ੍ਰਮੋਸ਼ਨ ਆਲੀ ਫਾਈਲ...!" ਸਾਜਿਦ ਨੇ ਫਾਈਲਾਂ ਦੇ ਥੱਬੇ 'ਚੋਂ ਇੱਕ ਵੱਲ ਉਂਗਲ ਕੀਤੀ।

"ਚਿੰਤਾ ਨਾ ਕਰੋ, ਸਾਜਿਦ ਸਾਹਬ!...," ਐਸ.ਡੀ.ਐਮ. ਨੇ ਥੱਬੇ 'ਚੋਂ ਸਿਖਰ ਵਾਲੀ ਫਾਈਲ ਚੁੱਕੀ। ਫਿਰ ਉਹ ਸਾਜਿਦ ਵੱਲ ਮੁੜ ਵੇਖ ਕੇ ਮੁਸਕ੍ਰਾਇਆ। "...ਲੇਕਿਨ ਏਕ ਸ਼ਰਤ ਪੇ! ਅਗਲੀ ਬਾਰ ਆਪ ਸੇ ਸ਼ਾਇਰੀ ਜ਼ਰੂਰ ਸੁਨਨੀ ਹੈ! ... ਆਜ ਤੋ ਕਾਮ ਥੋੜਾ ਜ਼ਿਆਦਾ ਹੈ!"

----

ਸਬਕ ਯਾਦ ਕਰ ਰਹੇ ਬੱਚਿਆਂ ਨੂੰ ਸਾਜਿਦ ਦੇ ਸ਼ਬਦ ਸੁਣੇ। "ਇਸਕੂਲ ਨ੍ਹੀਂ ਜੀ ਹੁੰਦਾ! ਸਕੂਲ ਹੁੰਦੈ! ਸਕੂਲ!"

"ਸਾਜਿਦ ਸਾਹਿਬ! ਸਕੂਲ ਨਹੀਂ ਹੋਤਾ। ਇਸਕੂਲ ਹੋਤਾ ਹੈ!" ਮੌਲਵੀ ਸਾਹਿਬ ਨੇ ਸਾਜਿਦ ਹਥਲੀ ਕਾਪੀ 'ਤੇ ਉਂਗਲ ਫੇਰੀ।

"ੳ, ਮੀਆਂ ਜੀ! ਮੈਂ ਵੀ ਗ੍ਰੈਜੂਏਸ਼ਨ ਕੀਤੀ ਹੋਈ ਐ! ਸਕੂਲ ਹੁੰਦੈ, ਜੀ! ਤੁਸੀਂ ਆਪ ਈ ਗਲਤ ਪੜ੍ਹਾਈ ਜਾਨੇ ਓਂ ...!"

"ਅੰਕਲ! ਉਰਦੂ 'ਚ ਇਸਕੂਲ ਹੁੰਦੈ!" ਪਰ੍ਹਾਂ ਬੈਠੇ ਵੱਡੇ ਮੁੰਡੇ ਨੇ ਸਾਜਿਦ ਵੱਲ ਮੂੰਹ ਕਰ ਕੇ ਆਖਿਆ।

ਕੋਨੇ ਵਿੱਚ ਬੈਠੀਆਂ ਕੁੜੀਆਂ ਵਿੱਚੋਂ ਕਈਆਂ ਦਾ ਦਬਵਾਂ ਹਾਸਾ ਗੂੰਜਿਆ। ਮੁੰਡਿਆਂ 'ਚੋਂ ਇੱਕ ਜਣਾ ਤਾੜੀ ਮਾਰ ਕੇ ਹੱਸਿਆ। ਪੂਰੀ ਮਸੀਤ ਵਿੱਚ ਹਾਸਾ ਛਿੜ ਗਿਆ। ਸਾਜਿਦ ਸਿਰ ਝੁਕਾ ਕੇ ਕਾਪੀ 'ਤੇ ਲੀਕਾਂ ਵਾਹੁਣ ਲੱਗ ਪਿਆ। ਮੌਲਵੀ ਸਾਹਿਬ ਸਾਜਿਦ ਨਾਲ ਬੈਠੇ ਮੁੰਡੇ ਦਾ ਸਬਕ ਸੁਣਨ ਲੱਗ ਪਏ। ਬੱਚਿਆਂ ਦੀ ਸਬਕ ਪੜ੍ਹਦਿਆਂ ਦੀ ਆਵਾਜ਼ ਉੱਚੀ ਹੋ ਗਈ।

----

"ਸੁਪਡੈਂਟ ਸਾਹਬ! ਇਹ ਉੜਦੂ ਕਲਾਸਾਂ ਵਾਲਾ ਕੰਮ ਹੈ ਨ੍ਹੀਂ ਠੀਕ! ਮੈਂ ਤਾਂ ਦੋ ਕੁ ਦਿਨ ਗਿਆਂ! ਮੌਲਵੀ ਐਮੇਂ ਫਲੌਟੀਆਂ ਮਾਰਦਾ ਰਹਿੰਦੈ! ਪਈ, ਏਥੇ ਕਿਹੜਾ ਕਿਸੇ ਨੂੰ

ਉੜਦੂ ਆਉਂਦੈ, ਕਿਹੜਾ ਕਿਸੇ ਨੂੰ ਪਤਾ ਲੱਗਣੈ!"

"ਉਰਦੂ ਆਉਂਦਾ ਨ੍ਹੀਂ, ਆਉਂਦੀ ਹੁੰਦੀ ਐ! ਤੈਨੂੰ ਕਿੰਨੀ ਵਾਰ ਦੱਸਿਐ!...ਨਾਲ਼ੇ, ਤੇਨੂੰ ਕੀ ਲੋੜ ਪੈ-ਗੀ ਉਰਦੂ ਸਿੱਖਣ ਦੀ?"

ਸਾਜਿਦ ਉਸ ਵੱਲ ਮੂੰਹ ਘੁਮਾਏ ਵਗੈਰ ਬੋਲਿਆ, "ਐਸ.ਡੀ.ਐਮ. ਏਸ ਗੱਲ 'ਤੇ ਆਇਆ ਹੋਇਐ, ਪਈ, ਮੈਂ ਉਹਨੂੰ ਸ਼ੇਅਰੋ-ਸ਼ਾਇਰੀ ਸੁਣਾਵਾਂ! ਜੇ ਮੈਂ ਉੜਦੂ ਸਿੱਖ ਲਿਆ ਤਾਂ ਐਸ.ਡੀ.ਐਮ. ਮੇਰੀ ਪ੍ਰਮੋਸ਼ਨ ਆਲੀ ਫਾਈਲ ਕੱਢ-ਦੂ ਛੇਤੀ! ... ਜਿਹੜਾ ਵੀ ਐਸ.ਡੀ.ਐਮ. ਆਇਆ ਕਰੂ, ਉਹਨੂੰ ਉੜਦੂ ਨਾਲ ਈ ਫਸਾਇਆ ਕਰੂੰ! ਮੈਨੂੰ ਲੱਗਦੈ, ਮੈਨੂੰ ਵੀ ਹੁਣ ਉੜਦੂ ਬੋਲਣੀ ਪਿਆ ਕਰੂ! ਹਾ-ਹਾ-ਹਾ!

"ਸੁਪਡੈਂਟ ਸਾਹਬ! ਇਕ-ਅੱਧਾ ਉੜਦੂ ਦਾ ਸ਼ੇਰ੍ਹ ਤਾਂ ਦੱਸੋ! ਯਾਦ ਕਰਕੇ ਸਾਹਬ ਨੂੰ ਸੁਣਾਈਏ ਜਰਾ!"

"ਠੀਕ ਐ! ਮੈਂ ਲਿਖ ਕੇ ਦੇਊਂ ਤੇਨੂੰ।"

ਸਾਜਿਦ ਆਪਣੀ ਹੀ ਖ਼ੁਮਾਰੀ ਵਿੱਚ ਬੋਲੀ ਜਾ ਰਿਹਾ ਸੀ। "...ਇਹ ਜਿਹੜੀ ਪੰਜਾਬੀ ਬੋਲੀ ਐ ਨਾ, ਇਹ ਬੜੀ ਕਸੂਤੀ ਬੋਲੀ ਐ! ਇਕ ਵਾਰ ਇਕ ਅੰਗਰੇਜ, ਜੱਟ ਕੋਲੋਂ ਪੰਜਾਬੀ ਸਿੱਖਣ ਵਗ ਗਿਆ ਉਹਦੇ ਪਿੰਡ! ਜੱਟ ਉਹਨੂੰ ਦੇਖ ਕੇ ਮੁੱਛਾਂ ਨੂੰ ਵੱਟ ਦੇਣ ਲੱਗ ਪਿਆ। ਤਾਂ ਅੰਗਰੇਜ ਕਹਿੰਦਾ, "ਯਹ ਜੋ ਤੁਮ ਕਰ ਰਹਾ ਹੈ, ਇਸ ਕੋ ਪੰਜਾਬੀ ਮੇਂ ਕਯਾ ਬੋਲਤਾ ਹੈ?" ਜੱਟ ਕਹਿੰਦਾ, "ਮੁੱਛਾਂ ਨੂੰ ਵੱਟ ਦੇਣਾ।" ਫੇਰ ਜੱਟ ਉਹਨੂੰ ਆਪਣੇ ਖੇਤ ਲੈ ਗਿਆ। ਨਾਲੇ ਕਹਿੰਦਾ, "ਵੱਟਾਂ 'ਤੇ ਤੁਰ ਕੇ ਲੰਘ ਆ।" ਵਾਪਸ ਪਿੰਡ ਨੂੰ ਮੁੜਦਿਆਂ ਅੰਗਰੇਜ ਨੇ ਪੁੱਛਿਆ, "ਹਉ ਲੋਕ ਕਯਾ ਕਰ ਰਹੇ ਹੈਂ?" ਜੱਟ ਕਹਿੰਦਾ, "ਰੱਸੇ ਵੱਟ ਰਹੇ ਨੇ।" ਅੰਗਰੇਜ ਨੇ ਤਾਂ ਕੰਨਾਂ ਨੂੰ ਲਾਏ ਹੱਥ, ਕਹਿੰਦਾ, "ਮੇਰੀ ਤੌਬਾ, ਪੰਜਾਬੀ ਸਿੱਖਣ ਤੋਂ! ਅਜੇ ਤਾਂ 'ਵੱਟ' ਦਾ ਮਤਲਬ ਈ ਨ੍ਹੀਂ ਪੱਲੇ ਪਿਆ, ਤਾਂ ਮੈਂ ਏਸ ਜਨਮ 'ਚ ਪੰਜਾਬੀ ਕਿਥੋਂ ਸਿੱਖ ਲਊਂ?....ਹਾ-ਹਾ-ਹਾ!...."

-----

"ਆਈਏ, ਆਈਏ!" ਫਾਈਲ ਪਾਸੇ ਰੱਖ ਕੇ ਐਸ.ਡੀ.ਐਮ. ਸਾਜਿਦ ਦੇ ਚਿਹਰੇ ਵਿੱਚ ਝਾਕਿਆ। "ਬੈਠੀਏ ਪਹਲੇ।"

ਸਾਜਿਦ ਨੇ ਹਥਲੀਆਂ ਫਾਈਆਂ ਮੇਜ਼ 'ਤੇ ਇੱਕ ਪਾਸੇ ਰੱਖੀਆਂ। ਕੁਰਸੀ 'ਤੇ ਬੈਠਦਿਆਂ ਹੀ ਬੋਲਿਆ, "ਸਰ! ਥੋਡੇ ਲਈ ਸ਼ੇਅਰ ਲਿਖਿਐ ਮੈਂ ਇਕ!"

"ਹਾਂ, ਹਾਂ! ਸੁਨਾਓ, ਯਾਰ!" ਐਸ.ਡੀ.ਐਮ. ਨੇ ਸਰੀਰ ਕੁਰਸੀ ਦੀ ਪਿੱਠ 'ਤੇ ਸੁੱਟਿਆ।

"ਇਸ਼ਕ ਕੱਸ ਬਲ ਨਿਕਾਲ ਦੇਤਾ ਹੈ...!"

"ਵਾਹ!...ਇਸ਼ਕ ਕਸਬਲ ਨਿਕਾਲ ਦੇਤਾ ਹੈ..."

"ਇਸ਼ਕ ਮੁਰਦੇ ਮੇਂ ਜਾਨ ਡਾਲ ਦੇਤਾ ਹੈ..."

"ਵਾਹਹਹ!..."

"ਇਸ਼ਕ ਸੇ ਜੰਨਤ ਕਾ ਨਿਸ਼ਾਨ ਮਿਲਤਾ ਹੈ, ਅਗਰ ਇਸ਼ਕ ਸੱਚਾ ਹੋ, ਤੋ ਖ਼ੁਦਾ ਮਿਲਤਾ ਹੈ!"

"ਵਾਹ-ਵਾਹ! ਬਹੁਤ ਖ਼ੂਬ!...ਆਪ ਤੋ ਕਮਾਲ ਕੇ ਸ਼ਾਯਰ ਹੈਂ!"

ਸਾਜਿਦ ਨੇ ਹਥੇਲੀ ਦੋ ਵਾਰ ਮੱਥੇ ਨੂੰ ਛੁਹਾਈ।

"ਪਤਾ ਹੈ, ਸਾਜਿਦ ਸਾਹਬ! ਪੰਜਾਬ ਮੁਝੇ ਬਹੁਤ ਅੱਛਾ ਲਗਤਾ ਹੈ...," ਉਹ ਖਲਾਅ ਵਿੱਚ ਝਾਕਿਆ। "...ਲੇਕਿਨ ਮੈਂ ਜਬ ਸੇ ਸਰਵਿਸ ਮੇਂ ਆਯਾ ਹੂੰ, ਮੈਨੇ ਯਹਾਂ ਉਰਦੂ ਸ਼ਾਇਰੀ ਕੋ ਬਹੁਤ ਮਿਸ ਕੀਯਾ ਹੈ!"

----

ਅੰਦਰ ਵੜਦਿਆਂ ਹੀ ਸਾਜਿਦ ਸੋਫੇ 'ਤੇ ਬੈਠੇ ਐਸ.ਡੀ.ਐਮ. ਅੱਗੇ ਸਾਵਧਾਨ ਮੁਦਰਾ 'ਚ ਖੜ੍ਹਾ ਹੋ ਗਿਆ। "ਸਰ! ਉਹ ਮੇਰੀ ਫਾਈਲ...?"

"ਅਰੇ ਆਓ, ਸਾਜਿਦ ਭਾਈ! ਵੋਹ ਸਾਈਨ ਕਰ ਦੀ ਮੈਨੇ! ... ਇਨ ਸੇ ਮਿਲੋ! ਯੇਹ ਹੈਂ ਮੁਸ਼ਤਾਕ ਲਖਨਵੀ! ਯਹ ਯੂ ਪੀ ਮੇਂ ਤਹਿਸੀਲਦਾਰ ਹੈਂ। ਔਰ ਬਹੁਤ ਅੱਛੇ ਸ਼ਾਇਰ ਹੈਂ।"

ਸਾਜਿਦ ਨੇ ਐਸ.ਡੀ.ਐਮ. ਦੇ ਨਾਲ ਵਾਲੇ ਸੋਫੇ 'ਤੇ ਬੈਠੇ ਵਿਅਕਤੀ ਵੱਲ ਸਿਰ ਝੁਕਾਇਆ। ਮਧਰੇ ਕੱਦ ਦੇ ਉਸ ਵਿਅਕਤੀ ਦੇ ਸਿਰ ਵਿੱਚ ਅੱਧੇ ਵਾਲ ਕਾਲੇ ਤੇ ਅੱਧੇ ਬੱਗੇ ਸਨ।

"ਮੁਸ਼ਤਾਕ ਸਾਹਿਬ! ਯੇ ਹੈਂ ਸਾਜਿਦ ਸਾਹਿਬ, ਜਿਨਕੀ ਮੈਂ ਬਾਤ ਕਰ ਰਹਾ ਥਾ! ਬਹੁਤ ਹੀ ਉਮਦਾ ਸ਼ਾਇਰ ਹੈਂ!"

ਮੁਸ਼ਤਾਕ ਸਾਹਿਬ ਨੇ ਹਥੇਲੀ ਆਪਣੇ ਮੱਥੇ ਨੂੰ ਛੁਹਾਈ। "ਆਦਾਬ!"

ਐਸ.ਡੀ.ਐਮ. ਨੇ ਸਾਜਿਦ ਨੂੰ ਬੈਠਣ ਦਾ ਇਸ਼ਾਰਾ ਕੀਤਾ। ਫਿਰ ਉਹ ਮੁਸ਼ਤਾਕ ਸਾਹਿਬ ਨੂੰ ਸੰਬੋਧਿਤ ਹੋਇਆ। "ਮੈਂ ਤੋ ਇਨ ਕਾ ਨਾਮ ਸੁਨ ਕਰ ਹੀ ਸਮਝ ਗਯਾ ਥਾ ਕਿ ਪੰਜਾਬ ਮੇਂ ਭੀ ਉਰਦੂ ਸ਼ਾਇਰੀ ਮੌਜੂਦ ਹੈ!...ਸਾਜਿਦ ਸਾਹਬ! ਅਪਨੇ ਕਲਾਮ ਕਾ ਕੁਛ ਜਲਵਾ ਮੁਸ਼ਤਾਕ ਸਾਹਬ ਕੋ ਭੀ ਦਿਖਾਈਏ!"

"ਹੈਂ, ਜੀ, ਸਰ?" ਸਾਜਿਦ ਦੇ ਚਿਹਰੇ ਦਾ ਰੰਗ ਫਿੱਕਾ ਪੈ ਗਿਆ।

"ਪੂਰੀ ਗ਼ਜ਼ਲ ਨਾ ਸਹੀ, ਏਕ-ਆਧ ਸ਼ੇਅਰ ਹੀ ਸੁਨਾ ਦੀਜੀਏ! ਸਾਹਬ ਨੇ ਬੜੀ ਤਾਰੀਫ ਕੀ ਹੈ ਆਪ ਕੀ!" ਮੁਸ਼ਤਾਕ ਸਾਹਿਬ ਦੇ ਮੂੰਹ ਖੋਲ੍ਹਦਿਆਂ ਹੀ ਦੰਦਾਂ 'ਤੇ ਪਾਨ ਦਾ ਅਸਰ ਦਿਸਿਆ।

"ਇਸ਼ਕ ਕੱਸ ਬੱਲ ਨਿਕਾਲ ਦੇਤਾ ਹੈ...।"

"ਯਹ ਤੋ ਮੈਨੇ ਸੁਨਾ ਹੁਆ ਹੈ, ਕੋਈ ਔਰ ਸੁਨਾਈਏ।" ਐਸ.ਡੀ.ਐਮ. ਬੋਲਿਆ।

## ਬੇਗਾਨੀ ਧਰਤੀ / ਪਵਿੱਤਰ ਧਾਲੀਵਾਲ



ਐਨਾ ਸੌਖਾ ਤਾਂ ਨਈਂ ਹੁੰਦਾ
ਬੇਗਾਨੀ ਧਰਤੀ ਤੇ ਆਉਣਾ
ਬੱਚਿਆਂ ਦਾ ਪੜ੍ਹਨਾ , ਤੇ
ਮਾਪਿਆਂ ਦਾ ਪੜ੍ਹਾਉਣਾ
ਜਿੱਥੇ ਲੱਗੇ
ਪੈਸਿਆਂ ਦੀ ਪੰਡ
ਉੱਥੇ ਪਸੀਨਾ ਤਾਂ ਆਉਣੈ
ਫਿਰ ਦਿਲ ਵੀ ਘਬਰਾਉਣੈ ।
ਕਰਾਇਆ, ਫ਼ੀਸਾਂ
ਕੱਢ ਲੈਂਦੀਆਂ ਨੇ ਜਾਨ
ਪਤਾ ਹੋਵੇ ਜਦ, ਕਿ ਖ਼ਰਚਾ
ਅਗਲੇ ਮਹੀਨੇ ਦਾ
ਫੇਰ ਆਉਣੈ ।
ਕਿਹੜਾ ਇਹਨਾਂ ਨਾਲ ਹੀ
ਸਰ ਜਾਣੈ !
ਪੈਂਦਾ ਰਾਸ਼ਨ ਪਾਣੀ
ਨਿੱਕ-ਸੁੱਕ,
ਹੋਰ ਬਹੁਤ ਕੁੱਝ
ਘਰ ਵਿੱਚ ਲਿਆਉਣਾ ।
ਚੂਸ ਲੈਂਦੇ ਨੇ ਖ਼ੂਨ ਦਾ
ਤੁਪਕਾ ਤੁਪਕਾ,
ਆਪੇ ਬਣੇ
ਇੰਮੀਗ੍ਰੇਸ਼ਨ ਏਜੰਟ,
ਜਦ ਪਤਾ ਹੋਵੇ ਹੈ
ਉੱਖਲ਼ੀ 'ਚ ਸਿਰ
ਫਿਰ ਕਾਹਦਾ ਹੁੰਦੈ
ਘਬਰਾਉਣਾ ।
ਕੋਸੇ ਕੋਸੇ ਹੰਝੂਆਂ ਨਾਲ
ਖਾ ਲਈਦੇ ਨੇ
ਚੋਪੜ ਚੋਪੜ
ਸੁੱਕੇ ਬਰੈੱਡ ।
ਇਹ ਸੋਚ ਕੇ !
ਕਿ ਜਦੋਂ ਪੀ.ਆਰ. ਮਿਲੀ
ਫਿਰ ਕਮਾਉਣਾ
ਹੀ ਕਮਾਉਣਾ ।
ਕੰਮਾਂ ਦੀ ਭਾਲ 'ਚ
ਮਿੰਨਤਾਂ ਤਰਲੇ, ਥਾਂ ਥਾਂ ਧੱਕੇ !
ਫਿਰ ਮਾਰ ਲੈਣ
ਕੰਮਾਂ ਵਾਲੇ ਪੈਸੇ, ਤਾਂ
ਰਹਿ ਜਾਈਦੈ ਹੱਕੇ-ਬੱਕੇ !
ਕਈ ਕੁੜੀਆਂ ਨੂੰ
ਤਾਂ, ਇਉਂ ਦੇਖਦੇ
ਜਿਉਂ ਅੱਖੀਆਂ ਨਾਲ ਹੀ
ਹੋਵੇ ਖਾ ਜਾਣਾ ।
ਬੜਾ ਤੰਗ ਕਰਦੀ ਆ
ਉਹਨਾਂ ਦੀ ਖਚਰੀ ਹਾਸੀ,
ਤੇ ਸਾਡੀ ਬੇਵਸੀ !
ਸਾਡੇ ਹੀ ਸੁਪਨਿਆਂ ਦਾ,
ਸਾਡਾ ਮਖੌਲ ਉਡਾਉਣਾ !
ਉੱਤੋਂ ! ਪੀ ਆਰ ਦਾ ਫਿਕਰ
ਦਿਨ ਰਾਤ
ਵੱਢ ਵੱਢ ਖਾਣਾ ।
ਸਾਂਭ ਲੈਂਦਾ
ਜੇ ਆਪਣਾ ਦੇਸ਼
ਫੇਰ ਕਿਉਂ,
ਬੇਗਾਨੇ ਦੇਸ਼ਾਂ ਵੱਲ
ਹੁੰਦਾ ਆਉਣਾ
ਨਾ ਖ਼ੁਦਕੁਸ਼ੀਆਂ ਕਰਦੇ ,
ਨਾ ਸੜਕ ਹਾਦਸੀਂ ਮਰਦੇ
ਕਿਉਂ ਪੈਂਦਾ
ਪੁੱਠੇ ਕੰਮਾਂ 'ਚ
ਇਜ਼ਤਾਂ ਦਾ ਗਵਾਉਣਾ ।
ਮੇਰੇ ਦੇਸ਼ ਦੇ ਹੁਕਮਰਾਨੋ !
ਹੈ ਕੋਈ ਜਵਾਬ,
ਤਾਂ ਦੇ ਦਿਉ !
ਤੁਹਾਡੇ ਜੁਆਕ
ਤੁਹਾਥੋਂ ਮੰਗਦੇ ਹਿਸਾਬ
ਹੈ ਤਾਂ ਦੇ ਦਿਉ ।
....................

ਸਾਜਿਦ ਦੇ ਚਿਹਰੇ 'ਤੇ ਝੁੰਜਲਾਹਟ ਦਿਸੀ। ਉਸ ਦੇ ਮੱਥੇ ਦੇ ਮਾਸ ਨੇ ਇਕੱਠੇ ਹੋ ਕੇ ਭਰਵੱਟਿਆਂ ਵਿਚਕਾਰ ਵਲ ਪਾ ਲਏ। "...ਅੰ-ਅ-ਅ...।...ਸ਼ੀਸ਼ੀ ਭਰੀ ਗੁਲਾਬ ਕੀ...। ਨਹੀਂ, ਦੂਜਾ ਸਣਾਉਂਦਾ ਆਂ, ਜੀ!...ਅੰ-ਅ...ਹਾਂ... ਰਾਤੋਂ ਕੋ ਉਠ ਉਠ ਕਰ ਜਿਨ ਕੇ ਲੀਏ ਰੋਤੇ ਹੈਂ, ਵੋਹ ਆਪਣੇ ਮਕਾਨੋਂ ਮੇਂ ਅਰਾਮ ਸੇ ਸੋਤੇ ਹੈਂ!...?" ਕਾਹਲੀ ਨਾਲ ਪੂਰੇ ਕੀਤੇ ਸ਼ਬਦਾਂ ਤੋਂ ਬਾਅਦ ਉਹ ਪਹਿਲਾਂ ਮੁਸ਼ਤਾਕ ਸਾਹਿਬ ਵੱਲ ਤੇ ਫਿਰ ਐਸ.ਡੀ.ਐਮ. ਵੱਲ ਝਾਕਿਆ।

ਮੁਸ਼ਤਾਕ ਸਾਹਿਬ ਖਾਲੀ ਅੱਖਾਂ ਨਾਲ ਉਸ ਵੱਲ ਤੱਕਦੇ ਰਹੇ।

ਐਸ.ਡੀ.ਐਮ. ਨੇ ਮੱਥੇ 'ਤੇ ਜ਼ੋਰ ਪਾਇਆ। "ਯਹ ਤੋ ਕਿਸੀ ਪੰਜਾਬੀ ਸਿੰਗਰ ਕਾ ਗਾਨਾ ਨਹੀਂ ਹੈ?"

ਸਾਜਿਦ ਨੇ ਹਵਾ ਵਿੱਚ ਤਣਾਅ ਮਹਿਸੂਸ ਕੀਤਾ। ਉਸ ਦਾ ਦਿਲ ਟੱਲੀ ਵਾਂਗ ਖੜਕਿਆ।

"...ਸਰ! ਸੁਪਡੈਂਟ ਸਾਹਬ ਨੇ ਕੁਸ਼ ਜਰੂਰੀ ਬਿਲ ਕਲੀਅਰ ਕਰਨੇ ਕੋ ਕਹਾ ਥਾ, ਅੱਜ ਈ...!" ਸਾਜਿਦ ਸੋਫੇ ਤੋਂ ਉੱਠ ਖੜ੍ਹਿਆ। ਉਹ ਦਰਵਾਜ਼ੇ ਵੱਲ ਅਹੁਲਿਆ।

ਦਰਵਾਜ਼ੇ ਕੋਲ ਜਾ ਕੇ ਉਸ ਨੇ ਪਿੱਛੇ ਵੱਲ ਮੂੰਹ ਘੁਮਾਇਆ। "ਸ਼ੱਬਾ ਖੈਰ, ਸਰ!"

ਐਸ.ਡੀ.ਐਮ. ਦੇ ਬੁੱਲ੍ਹ ਫਰਕੇ। ਉਸ ਦੇ ਬੋਲਣ ਤੋਂ ਪਹਿਲਾਂ ਹੀ ਸਾਜਿਦ ਬਾਹਰ ਨਿੱਕਲ ਚੁੱਕਿਆ ਸੀ।

**89680-62521**

## ਹਿੰਦੀ ਕਵਿਤਾਵਾਂ / ਭੁਪਿੰਦਰ ਬਿਸ਼ਟ / ਪੰਜਾਬੀ ਅਨੁ. ਅਮਰਜੀਤ ਕੌਂਕੇ

### ਸੁਰੱਖਿਅਤ ਪਿਆਰ

ਕੁੜੀ ਲਈ ਸੁਰੱਖਿਅਤ ਪਿਆਰ
ਹੀ ਰਿਹਾ ਉਹ ਪਿਆਰ
ਜਿਸ ਵਿੱਚ ਲਿਖੀਆਂ ਗਈਆਂ ਉਸਨੂੰ
ਚਿੱਠੀਆਂ ਤੇ ਸਿਰਫ ਚਿੱਠੀਆਂ
ਇਕਾਂਤ ਤੇ ਸ਼ਾਮ ਦੇ ਘੁਸਮੁਸੇ ਵਿੱਚ ਮਿਲਣ ਦੀ ਇੱਛਾ
ਨੌਜਵਾਨ ਉਸਨੂੰ ਕਦੇ ਨਾ ਜਤਾ ਸਕਿਆ

ਨਦੀ ਨੂੰ ਛੂਹਣ ਦਾ ਅਨੁਭਵ ਜਾਂ
ਹਰੇਪਨ ਦਾ ਅਹਿਸਾਸ
ਸਭ ਕੁਝ ਲਿਖ ਕੇ ਹੀ ਘੱਲਿਆ ਗਿਆ
ਰੂਬਰੂ ਹੋਣ ਦੇ ਮੌਕੇ ਹਮੇਸ਼ਾ ਹੀ ਅਸੰਭਵ ਰਹੇ

ਬੇਰੁਜ਼ਗਾਰ ਹੋ ਜਾਣ ਦੀ ਤੇ ਦੂਜੇ ਸ਼ਹਿਰ ਚਲੇ ਜਾਣ ਦੀ
ਖਬਰ ਪ੍ਰੇਮੀ ਨੇ ਦੇਰ ਨਾਲ ਦਿੱਤੀ
ਪ੍ਰੇਮਿਕਾ ਨੇ ਵੀ ਵਿਆਹ ਤੈਅ ਹੋਣ ਦੀ ਗੱਲ
ਕਈ ਦਿਨਾਂ ਤੱਕ ਲੁਕੋਈ ਰੱਖੀ

ਏਨੇ ਸਾਲਾਂ ਵਿੱਚ ਦੋਹਾਂ ਦਾ
ਜੀਵਨ ਵੀ ਬਦਲ ਗਿਆ
ਤੇ ਏਧਰ ਵੀ ਸਰਕ ਗਿਆ ਬਹੁਤ ਕੁਝ

ਪਰ ਹੁਣ ਵੀ ਇਕੱਲੇਪਣ ਤੇ ਵੇਹਲ ਦੇ ਪਲਾਂ ਵਿੱਚ
ਯਾਦ ਆਉਂਦੇ ਨੇ ਉਹ ਸ਼ਬਦ ਦੋਹਾਂ ਨੂੰ
ਜੋ ਉਸਨੇ ਲਿਖੇ ਸਨ ਉਸਨੂੰ
ਤੇ ਜਿਹੜੇ ਪੜ੍ਹੇ ਸਨ ਉਸਨੇ
ਕਈ ਕਈ ਵਾਰ

### ਖੁਸ਼ਫਹਿਮੀ

ਹਰਬੇਰੀਅਮ ਦੀ ਫਾਇਲ ਨੂੰ
ਆਪਣੇ ਸੀਨੇ ਨਾਲ ਲਾਈ
ਸਕੂਲ ਜਾਂਦੀ ਲੜਕੀ ਤੇ
ਪ੍ਰੇਮ ਵਾਲੀ ਚਿੱਠੀ ਸੁੱਟ ਦੇਣ ਦੇ
ਮੁੰਡੇ ਦੇ ਹੌਂਸਲੇ ਨੂੰ
ਕੁੜੀ ਨੇ ਸੰਭਾਲ ਲਿਆ
ਤੇ ਉਹ ਸਮਝਿਆ ਕਿ ਕੁੜੀ
ਫ਼ਿਦਾ ਹੈ ਉਸ ਤੇ



ਆਪਣੀ ਭਾਬੀ ਸੰਗ ਕੁੜੀ
ਆਪਣੇ ਵਿਆਹ ਦਾ ਕਾਰਡ ਦੇਣ ਆਈ ਉਸਦੇ ਘਰ
ਕੁੜੀ ਦੀਆਂ ਅੱਖਾਂ ਦੇਖਦੀਆਂ ਸਨ
ਏਧਰ ਉਧਰ
ਮੁੰਡੇ ਦਾ ਖੁਸ਼ ਭਰਮ ਅਨੁਮਾਨ ਕਿ
ਇਕਾਂਤ ਲੱਭ ਰਹੀ ਹੈ ਕੁੜੀ
ਸ਼ਾਇਦ ਕੁਝ ਕਹਿਣ ਲਈ ਮੈਨੂੰ

ਕਈ ਸਾਲਾਂ ਬਾਅਦ ਕੁੜੀ ਮੁੜੀ ਪੇਕੇ
ਬੱਚਾ ਸੀ ਗੋਦ ਵਿੱਚ ਉਸਦੇ
ਉਸਦਾ ਸਾਹਮਣਾ ਨਾ ਕਰ ਸਕਿਆ
ਉਹ ਮੁੰਡਾ
ਇਸ ਲਈ ਕਿ ਉਸਦਾ ਅੰਦਾਜ਼ਾ
ਨਿਕਲਦਾ ਰਿਹਾ ਹਮੇਸ਼ਾ ਗਲਤ।

### ਮਲਾਲ

ਦਫ਼ਤਰ ਬੰਦ ਹੋਣ ਮਗਰੋਂ
ਸਟੂਲ ਤੇ ਬੈਠਾ ਚਪੜਾਸੀ
ਘਰ ਚਲਿਆ ਜਾਂਦਾ ਹੈ
ਜਨਾਨੀ ਨੂੰ ਡਾਂਟਦਾ ਹੈ
ਮੁੰਡੇ ਨੂੰ ਕਹਿੰਦਾ ਹੈ ਪੜ੍ਹ
ਮੁੰਡਾ ਪੜ੍ਹਦਾ ਹੈ
ਆਰਕਿਮੀਡੀਜ਼ ਦੇ ਸਿਧਾਂਤ
ਕਿਸੇ ਵਸਤੂ ਨੂੰ ਤਰਲ ਵਿੱਚ
ਪੂਰਾ ਜਾਂ ਅੰਸ਼ਿਕ.....
ਸਵੇਰੇ ਚਪੜਾਸੀ ਫਿਰ ਸਟੂਲ ਤੇ ਬੈਠਦਾ
ਸੋਚਦਾ ਹੈ
ਰਾਤ ਪੜ੍ਹਦਾ ਸੀ ਲੜਕਾ ਜੋ
ਉਹ ਮੈਂ ਕਿਉਂ ਨੀ ਪੜ੍ਹਿਆ
ਆਪਣੇ ਸਮੇਂ ਵਿੱਚ........

## ਜਦੋਂ ਅੰਮ੍ਰਿਤਾ ਨਰਾਜ਼ ਹੋ ਗਈ.../ ਜਸਬੀਰ ਢੰਡ



ਮੈਂ ਲਗਭਗ 1970 ਤੋਂ ਲਿਖਣਾ ਸ਼ੁਰੂ ਕੀਤਾ।

ਪ੍ਰਾਇਮਰੀ ਸਕੂਲ ਟੀਚਰ ਵਜੋਂ ਮੇਰੀ ਪਹਿਲੀ ਨਿਯੁਕਤੀ ਘਰ ਤੋਂ 100 ਕਿਲੋਮੀਟਰ ਤੋਂ ਵੀ ਵੱਧ ਅਬੋਹਰ ਬਲਾਕ ਦੇ ਪਿੰਡ ਕੁਲਾਰ ਦੀ ਹੋਈ ਸੀ। ਉਦੋਂ ਛੜੇ-ਛਾਂਟ ਸੀ। ਵੀਹ ਕੁ ਸਾਲ ਦੀ ਚੜ੍ਹਦੀ ਹੋਈ ਉਮਰ ! ਸਕੂਲ ਵਿੱਚ ਹੀ ਰਹਿੰਦੇ । ਪਾਣੀ ਦੀ ਬੇਹੱਦ ਕਮੀ ਵਾਲਾ ਰੇਤਲੇ ਟਿੱਬਿਆਂ ਵਾਲਾ ਇਲਾਕਾ। ਸਕੂਲੋਂ ਛੁੱਟੀ ਹੋਣ ਤੋਂ ਬਾਅਦ ਵਿਹਲ ਹੀ ਵਿਹਲ ਸੀ। ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਨਾਲ ਦੇ ਦੋ ਪਿੰਡਾਂ ਵਿੰਚ ਮੇਰੇ ਇਲਾਕੇ ਦੇ ਦੋ ਅਧਿਆਪਕ ਸਨ- ਮੋਗੇ ਤੋਂ ਬਚਨ ਜੋ ਰਾਜਪੁਰੇ ਲੱਗਿਆ ਸੀ ਤੇ ਚੌਕੀਮਾਨ ਤੋਂ ਪ੍ਰਕਾਸ਼ ਜੋ ਦੋਦੇ ਲੱਗਿਆ ਸੀ। ਉਹਨਾਂ ਪਿੰਡਾਂ ਵਿੱਚ ਸਕੂਲ ਵਿੱਚ ਘੜੇ ਰੱਖੇ ਹੁੰਦੇ ਪਾਣੀ ਲਈ। ਮੇਰੇ ਸਕੂਲ ਵਿੱਚ ਡਿੱਘੀ ਸੀ। ਉਹ ਦੋਵੇਂ ਸਨਿੱਚਵਾਰ ਛੁੱਟੀ ਤੋਂ ਬਾਦ ਬੈਗ ਵਿੱਚ ਸਾਰੇ ਹਫ਼ਤੇ ਦੇ ਧੋਣ ਵਾਲੇ ਕੱਪੜੇ ਤੇ ਰਾਜਸਥਾਨ ਦੀ ਹਰੇ ਰੰਗ ਦੀ ਸ਼ਰਾਬ ਦਾ ਅਧੀਆ ਪਾ ਕੇ ਰਾਤ ਮੇਰੇ ਕੋਲ ਰਹਿੰਦੇ। ਡਿੱਘੀ ਤੋਂ ਕੱਪੜੇ ਧੋਂਦੇ, ਕੇਸੀ ਨ੍ਹਾ ਲੈਂਦੇ। ਰਾਤ ਨੂੰ ਜੇ ਖਟੀਕ ਨੇ ਪਿੰਡ ਵਿੱਚ ਬੱਕਰਾ ਬਣਾਇਆ ਹੁੰਦਾ ਤਾਂ ਅਸੀਂ ਗੋਹਿਆਂ ਦੀ ਮੱਠੀ-ਮੱਠੀ ਅੱਗ ਤੇ ਪਿੱਤਲ ਦੇ ਪਤੀਲੇ ਵਿੱਚ, ਕੁੰਡੇ ਵਿੱਚ ਮਸਾਲਾ ਰਗੜ... ਮੱਠੇ-ਮੱਠੇ ਸੇਕ ਤੇ ਮੀਟ ਬਣਾਉਂਦੇ... ਮਰਫ਼ੀ ਦੇ ਨਵੇਂ ਲਏ ਰੇਡੀਓ ਤੋਂ ਗਾਣੇ ਸੁਣਦੇ, ਦਾਰੂ ਦਾ ਸਵਾਦ ਜ਼ਿੰਦਗੀ ਵਿੱਚ ਪਹਿਲੀ ਵਾਰ ਚੱਖਿਆ ਸੀ, ਤਾਸ਼ ਖੇਡਦੇ...। ਇਸ ਪ੍ਰਕਾਰ ਉਸ ਮਾਰੂਥਲੀ ਇਲਾਕੇ ਵਿੱਚ ਭੀ ਜ਼ਿੰਦਗੀ ਦਾ ਜਸ਼ਨ ਮਨਾਉਂਦੇ। ਅਗਲੇ ਦਿਨ ਐਤਵਾਰ ਨੂੰ ਜਾਣ ਲੱਗੇ ਆਖਦੇ 'ਜਿਹੋ ਜਿਹੇ ਤੇਰੇ ਕੋਲ ਆ ਗਏ.. ਉਹੋ ਜਿਹੇ ਗੰਗਾ ਨ੍ਹਾ ਲਏ।'

ਇੱਕ ਵਾਰ ਉਹ ਮੋਗੇ ਤੋਂ ਸਾਡੇ ਸਾਂਝੇ ਮਿੱਤਰ ਰਾਮ ਸਿੰਘ ਨੂੰ ਨਾਲ ਲਿਆਏ ਜਿਸ ਦੀਆਂ ਕਵਿਤਾਵਾਂ 'ਨਾਗਮਣੀ' ਵਿੱਚ ਛਪਦੀਆਂ ਸਨ।

ਉਦੋਂ ਤੀਕ ਮੇਰੀ ਕੋਈ ਰਚਨਾ ਛਪੀ ਨਹੀਂ ਸੀ।

ਉਹ ਮੇਰੀ ਇੱਕ ਕਹਾਣੀ ਇਹ ਕਹਿ ਕੇ ਲੈ ਗਿਆ ਕਿ ਕਿਧਰੇ ਛਪਵਾ ਦੇਵੇਗਾ।

ਕਈ ਮਹੀਨੇ ਕੁ ਬਾਦ ਡਾਕ ਰਾਹੀਂ ਇੱਕ ਪਰਚਾ ਪ੍ਰਾਪਤ ਹੋਇਆ ਜਿਸ ਵਿੱਚ ਮੇਰੀ ਉਹ ਕਹਾਣੀ ਛਪੀ ਸੀ। ਮੇਰੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ ਪਰ ਜਦੋਂ ਮੈਂ ਰੈਪਰ ਖੋਲ੍ਹ ਕੇ ਉਹ ਪਰਚਾ ਪੜ੍ਹਿਆ ਜਿਸਦਾ ਨਾਉ 'ਫੁੱਲ ਪੱਥਰ' ਸੀ.. ਪਰਚੇ ਵਿੱਚ ਫ਼ਾਹਸ਼ ਜਿਹੀਆਂ ਕਹਾਣੀਆਂ ਤੇ ਅਧਨੰਗੀਆਂ ਔਰਤਾਂ ਦੀਆਂ ਤਸਵੀਰਾਂ ਵੇਖ ਕੇ ਮੇਰੀ ਸਾਰੀ ਖੁਸ਼ੀ ਕਾਫ਼ੂਰ ਹੋ ਗਈ। ਮੈਂ ਕਦੀ ਵੀ ਉਸ ਕਹਾਣੀ ਨੂੰ ਆਪਣੀ ਪਹਿਲੀ ਰਚਨਾ ਨਹੀਂ ਮੰਨਿਆ, ਨਾ ਮੈਂ ਉਹ ਪਰਚਾ ਕਿਸੇ ਨੂੰ ਵਿਖਾਇਆ ਨਾ ਸਾਂਭ ਕੇ ਰੱਖਿਆ।

ਮੈਂ ਆਪਣੀ ਪਹਿਲੀ ਰਚਨਾ 'ਸਮਾਨੰਤਰ ਰੇਖਾਵਾਂ' ਨੂੰ ਮੰਨਦਾ ਹਾਂ ਜੋ 23 ਜਨਵਰੀ 1972 ਦੇ ਸੰਡੇ ਅਜੀਤ ਵਿੱਚ ਛਪੀ। ਪ੍ਰੀਤਲੜੀ 'ਨਾਗਮਣੀ' ਤੇ ਆਰਸੀ ਦਾ ਮੈਂ ਸ਼ੁਰੂ ਤੋਂ ਹੀ ਪਾਠਕ ਰਿਹਾ ਹਾਂ। ਮੈਂ ਇਹ ਕਹਾਣੀ 'ਨਾਗਮਣੀ' ਵਿੱਚ ਛਪਣ ਲਈ ਭੇਜ ਦਿੱਤੀ।

31.07.1973 ਨੂੰ ਅੰਮ੍ਰਿਤਾ ਪ੍ਰੀਤਮ ਦੀ ਆਪਣੀ ਹੱਥ ਲਿਖਤ ਵਿੱਚ ਨਾਗਮਣੀ ਦੇ ਹਲਕੇ ਨੀਲੇ ਜਿਹੇ ਕਾਰਡ ਤੇ ਇੰਜ ਲਿਖਿਆ ਸੀ:

'ਸ੍ਰੀ ਜਸਬੀਰ ਜੀ!

ਕਹਾਣੀ ਮਿਲੀ। ਸ਼ੁਕਰੀਆ। ਅਕਤੂਬਰ ਅੰਕ ਵਿੱਚ ਕਹਾਣੀ ਛਾਪ ਰਹੀ ਹਾਂ।

ਅੰਮ੍ਰਿਤਾ ਪ੍ਰੀਤਮ

(ਇੱਕ ਤਸਵੀਰ ਭੇਜ ਦੇਣਾ ਸਕੈੱਚ ਲਈ)

ਕਹਾਣੀ ਨਾਗਮਣੀ ਦੇ ਅਕਤੂਬਰ, 73 ਦੇ ਅੰਕ ਵਿੱਚ ਛਪ ਗਈ।

ਫਿਰ ਇਹੀ ਕਹਾਣੀ ਆਰਸੀ ਵਿੱਚ ਭੀ ਛਪ ਗਈ।

ਉਤਸ਼ਾਹਤ ਹੋ ਕੇ ਮੈਂ ਆਪਣੀ ਕਹਾਣੀ 'ਵਿਧਵਾ ਚਿੜੀਆਂ' ਨਾਗਮਣੀ ਵਿੱਚ ਛਪਣ ਲਈ ਭੇਜ ਦਿੱਤੀ।

23.07.75 ਨੂੰ ਕਹਾਣੀ ਪਹੁੰਚਣ ਤੇ ਅੰਮ੍ਰਿਤਾ ਦਾ ਖ਼ਤ ਮਿਲਿਆ।

'ਜਸਬੀਰ ਜੀ!

ਕਹਾਣੀ ਮਿਲੀ। ਨਾਗਮਣੀ ਵਿੱਚ ਛਪੇਗੀ... ਸਿਰਫ਼ ਇਹ ਲਿਖ ਭੇਜਣਾ ਕਿ ਕਹਾਣੀ ਅਣਛਪੀ ਹੈ ਤੇ ਨਾਗਮਣੀ ਵਿੱਚ ਛਪਣ ਤੱਕ ਅਣਛਪੀ ਰਹੇਗੀ।

ਆਪਣੀ ਤਸਵੀਰ ਭੇਜ ਦੇਣਾ ਸਕੈੱਚ ਲਈ।

ਅੰਮ੍ਰਿਤਾ ਪ੍ਰੀਤਮ

ਉਹਨਾਂ ਦਿਨਾਂ ਵਿੱਚ ਮਾਨਸਾ ਤੋਂ ਨਿਰੰਜਣ ਪ੍ਰੇਮੀ ਤੇ ਦਰਸ਼ਨ ਮਿਤਵਾ ਇੱਕ ਪਰਚਾ 'ਹੋਕਾ' ਕੱਢਿਆ ਕਰਦੇ ਸਨ। ਉਹ ਅਗਲੇ ਅੰਕ ਲਈ 'ਵਿਧਵਾ ਚਿੜੀਆਂ' ਮੈਥੋਂ ਲੈ ਗਏ ਸਨ। ਭਾਵੇਂ ਉਹ ਪਰਚਾ ਅਜੇ ਛਪਣਾ ਸੀ।

ਨਵਾਂ-ਨਵਾਂ ਲਿਖਣ ਲੱਗਿਆ ਸਾਂ। ਮੈਨੂੰ ਉਦੋਂ ਏਨਾ ਪਤਾ ਨਹੀਂ ਸੀ। ਮੈਂ ਅੰਮ੍ਰਿਤਾ ਦੀ ਚਿੱਠੀ ਦੇ ਜਵਾਬ ਵਿੱਚ ਲਿਖ ਭੇਜਿਆ ਕਿ ਇਹ ਕਹਾਣੀ ਇੱਕ ਸਥਾਨਕ ਪਰਚੇ ਵਾਲੇ ਮੈਥੋਂ ਲੈ ਗਏ ਹਨ ਤੇ ਉਹ ਪਰਚਾ ਅਜੇ ਛਪਿਆ ਨਹੀਂ।

ਆਪਣੇ ਪੈਰੀਂ ਆਪ ਕੁਹਾੜੀ ਮਾਰ ਲਈ ਤੇ ਸੱਚ

## ਜਲ੍ਹਿਆਂਵਾਲੇ ਬਾਗ ਦਾ ਖੂਹ / ਗੁਰਿੰਦਰਜੀਤ ਸਿੰਘ ਮਾਂਟਰੀਅਲ

ਜਲ੍ਹਿਆਂਵਾਲ਼ੇ ਬਾਗ ਦਾ ਖ਼ੂਹ
ਅੱਜ ਵੀ ਭਰਦਾ ਹੈ
ਆਜ਼ਾਦ ਵਤਨ ਦਾ ਪਾਣੀ ਹੀ
ਹੁਣ ਕੈਂਸਰ ਕਰਦਾ ਹੈ

ਨਫਰਤ ਦੀਆਂ ਤਰੰਗਾਂ ਨਾਲ਼
ਹਵਾ ਵੀ ਭਰ ਜਾਂਦੀ ਹੈ
ਟੀ ਵੀ ਦੀ ਸਕਰੀਨ ਵੀ
ਸ਼ਰਮੋ-ਸ਼ਰਮੀ ਸੜ ਜਾਂਦੀ ਹੈ
ਕਿਰਦਾਰ, ਚਰਿੱਤਰ ਜਿਸਮਾਂ ਦੀ
ਮੰਡੀ ਵਿੱਚ ਖਰਦਾ ਹੈ

ਇੱਲ੍ਹ ਤੋਂ ਡਰਦੀ ਕੋਇਲ
ਮੌਤ ਦਾ ਗੀਤ ਸੁਣਾਓਂਦੀ ਹੈ
ਡੈਮੋਕਰੇਸੀ ਸਹਿਮ ਕੇ
ਫਿਰਕੂ ਸਾਜ਼ ਵਜਾਓਂਦੀ ਹੈ
ਜਦੋਂ ਭਗਤ ਸਿੰਘ ਦਾ
ਕਾਤਲ ਬਣਿਆ
ਬੰਦਾ ਘਰ ਦਾ ਹੈ
ਨਸਲਕੁਸ਼ੀ ਇੱਕ ਫਿਰਕੇ ਨੂੰ



ਚੁਣ ਸਬਕ ਸਿਖਾਉਂਦੀ ਹੈ
ਫੁੱਲਾਂ ਦੀ ਥਾਂ ਗਲ਼ ਵਿੱਚ
ਬਲ਼ਦੇ ਟਾਇਰ ਪਾਉਂਦੀ ਹੈ
ਤਾਂ ਧੁਖਦੇ ਦਿੱਲ ਵਿੱਚ ਗੁਲਾਮੀ ਦਾ
ਕੋਇਲਾ ਮਘਦਾ ਹੈ

ਚੋਰ ਅਤੇ ਕਾਤਲ ਹੀ,
ਝੰਡਾ ਲਹਿਰਾਉਂਦੇ ਨੇਂ
ਬਗਲੇ ਬਣ ਬਣ ਸੁਬਹ ਸ਼ਾਮ
ਜਨ ਗਨ ਮਨ ਗਾਉਂਦੇ ਨੇਂ
ਜਦ ਸੂਰਜ ਵੀ ਵਿਹੜੇ ਵਿੱਚ
ਜ਼ਾਤ ਪੁੱਛ ਕੇ ਚੜ੍ਹਦਾ ਹੈ
ਫੁੱਲਾਂ ਜੀਕਣ

ਕੰਡਿਆਂ ਸੰਗ ਵੀ
ਖੁਸ਼ੀ ਖਿਲਾਰ ਦੇਈਏ,
ਬਦਲਾ, ਸਹਿਮ ਤੇ ਨਫਰਤ ਨੂੰ,
ਤਾਂ ਜੜ੍ਹੋਂ ਉਖਾੜ ਦੇਈਏ,
ਜਦੋਂ ਧੁੱਪ
ਵੰਡਦੀਆਂ ਕਿਰਨਾਂ ਦਾ,
ਸੂਰਜ ਬਿਨ ਸਰਦਾ ਹੈ

ਸਾਹਾਂ ਵਿੱਚ
ਆਜ਼ਾਦੀ ਦਾ ਜੇ
ਪੁਰਾ ਵਗਣ ਲਗਜੇ
ਮਹਫਿਲਾਂ ਵਿੱਚ ਮੁਹੱਬਤਾਂ ਦਾ
ਦੀਪ ਜਗਣ ਲਗਜੇ
ਰਿਸ਼ਤਿਆਂ ਤੇ
ਜੇ ਫਿਰ ਵੀ ਮੀਂਹ
ਤੇਜਾਬੀ ਵਰ੍ਹਦਾ ਹੈ

ਜਲ੍ਹਿਆਂ ਵਾਲ਼ੇ ਬਾਗ ਦਾ ਖ਼ੂਹ
ਅੱਜ ਵੀ ਭਰਦਾ ਹੈ,
ਆਜ਼ਾਦ ਵਤਨ ਦਾ ਪਾਣੀ ਹੀ
ਹੁਣ ਕੈਂਸਰ ਕਰਦਾ।

ਬੋਲਣ ਦੀ ਕੀਮਤ ਤਾਰਨੀ ਪਈ।

ਚਿੱਠੀ ਮਿਲਣ ਤੇ ਅੰਮ੍ਰਿਤਾ ਦਾ ਅਖੀਰਲਾ ਜਵਾਬੀ ਖ਼ਤ ਆਇਆ 13.8.75 ਨੂੰ।

ਲਿਖਿਆ ਸੀ:

'ਜਸਬੀਰ ਜੀ! ਇੱਕ ਲੇਖਕ ਦੀ ਆਪਣੀ ਜ਼ਿੰਮੇਵਾਰੀ ਹੁੰਦੀ ਹੈ ਕਿ ਇੱਕ ਕਹਾਣੀ ਸਿਰਫ਼ ਇੱਕ ਪਰਚੇ ਨੂੰ ਭੇਜੇ। ਤੁਸੀਂ ਇੱਕੋ ਸਮੇਂ ਇੱਕ ਤੋਂ ਵੱਧ ਪਰਚਿਆਂ ਨੂੰ ਭੇਜੀ ਹੋਈ ਹੈ-ਇਸ ਲਈ ਮੈਂ ਤੁਹਾਡੀ ਕਹਾਣੀ ਹੁਣ ਨਹੀਂ ਛਾਪਾਂਗੀ।

ਅੰਮ੍ਰਿਤਾ ਪ੍ਰੀਤਮ

ਅੱਗੋਂ ਵੀ ਬਹੁਤੇ ਇੱਕ ਤੋਂ ਵੱਧ ਪਰਚਿਆਂ ਨੂੰ ਭੇਜੀ ਜਾਣ ਵਾਲੀ ਕਹਾਣੀ ਨਾਗਮਣੀ ਨੂੰ ਨਾ ਭੇਜਣਾ।

ਤੇ ਇਸ ਪ੍ਰਕਾਰ ਅੰਮ੍ਰਿਤਾ ਦੇ ਇਸ ਖ਼ਤ ਦੇ ਨਾਲ ਹੀ ਨਾਗਮਣੀ ਦਾ ਦਰਵਾਜ਼ਾ ਮੇਰੇ ਲਈ ਹਮੇਸ਼ਾ ਲਈ ਬੰਦ ਹੋ ਗਿਆ।

ਮੈਨੂੰ ਇਸ ਗੱਲ ਦਾ ਪਤਾ ਹੈ ਕਿ ਸਾਡੇ ਹੀ ਇਲਾਕੇ ਦੇ ਇੱਕ ਕਵੀ ਨਾਲ ਅੰਮ੍ਰਿਤਾ ਕਿਸੇ ਗੱਲੋਂ ਗੁੱਸੇ ਹੋ ਗਈ ਸੀ ਪਰ ਉਹ ਹਿੰਮਤੀ ਬੰਦਾ ਆਪਣੇ ਦੋ ਹੋਰ ਮਿੱਤਰਾਂ ਨੂੰ ਅੰਮ੍ਰਿਤਾ ਕੋਲ ਲੈ ਗਿਆ ਤੇ ਨਾਗਮਣੀ ਸ਼ਾਮ ਵਿੱਚ ਜਾ ਕੇ ਭੁੱਲ ਬਖ਼ਸ਼ਾ ਆਇਆ ਸੀ।

ਪਰ ਮੈਂ ਅਦਨਾ ਜਿਹਾ, ਬੇਹਿੰਮਤਾ ਜਿਹਾ ਬੰਦਾ ਕਦੇ ਵੀ ਕੇ-25 ਹੌਜ਼ ਖ਼ਾਸ ਦੀਆਂ ਪੌੜੀਆ ਨਾ ਚੜ੍ਹਿਆ ਤੇ ਨਾ ਮੁੜ ਕੇ ਕੋਈ ਕਹਾਣੀ ਉਸ ਨੂੰ ਭੇਜੀ। ਭਲਾ ਉਸ ਮਾਣਮੱਤੀ ਹੁਸੀਨਾ ਨੂੰ ਕੌਣ ਦਸਦਾ ਕਿ ਪਹਿਲੀ ਕਹਾਣੀ ਵੀ ਤਾਂ ਅਜੀਤ ਤੇ ਆਰਸੀ ਵਿੱਚ ਛਪੀਆ ਹੋਈਆਂ ਸਨ।

ਅੱਧੀ ਸਦੀ ਬੀਤ ਗਈ ਇਹਨਾਂ ਗੱਲਾਂ ਨੂੰ ਵਾਰਿਸ ਸ਼ਾਹ ਨੂੰ ਵਾਜਾਂ ਮਾਰਦੀ ਨਾ ਉਹ ਮਾਣਮੱਤੀ ਕਵਿੱਤ੍ਰੀ ਇਸ ਜਹਾਨ ਤੇ ਰਹੀ, ਨਾ ਉਹ ਕੇ-25 ਹੌਜ਼ ਖਾਸ ਦਾ ਬੰਗਲਾ ਜੋ ਕਦੀ ਲੇਖਕਾਂ ਦਾ ਮੱਕਾ ਹੋਇਆ ਕਰਦਾ ਸੀ। ਸਾਥੋਂ ਨਿਕੰਮਿਆ ਤੋਂ ਉਸਦੀ ਯਾਦਗਾਰ ਭੀ ਸਾਂਭੀ ਨਾ ਗਈ....

ਪਰ ਉਸਦੇ ਹੱਥ ਦੀਆਂ ਲਿਖੀਆਂ ਤਿੰਨੇ ਚਿੱਠੀਆਂ ਤੇ ਨਾਗਮਣੀ ਦਾ ਉਹ ਅੰਕ ਜਿਸ ਵਿੱਚ 'ਸਮਾਨੰਤਰ ਰੇਖਾਵਾਂ' ਛਪੀ ਸੀ.. ਇੱਕ ਧਰੋਹਰ ਵਾਂਝ ਸਾਂਭ ਕੇ ਰੱਖੀਆਂ ਹੋਈਆਂ ਹਨ।

**77176-44588**

## ਕਹਾਣੀ / ਉਦੋਂ, ਮੈਨੂੰ ਹੀ ਸਮਝ ਲੈਣਾ / ਰਵਿੰਦਰ ਰੁਪਾਲ ਕੌਲਗੜ੍ਹ

ਜਿਸ ਵੇਲੇ ਸੁਖਾ, ਮੇਰੇ ਵੱਲ ਨੂੰ ਕਾਹਲ ਕਦਮੀਂ ਆਇਆ, ਉਦੋਂ ਮੈਂ ਹਾਲੇ ਇਕੱਲਾ ਹੀ, ਅਖਾੜੇ 'ਚ ਜ਼ੋਰ ਕਰ ਰਿਹਾ ਸਾਂ।

ਉਹ ਪਰ੍ਹੇ ਤੋਂ ਹੀ ਠਰ੍ਹਮੀਂ ਜਿਹੀ ਆਵਾਜ਼ 'ਚ ਬੋਲਿਆ, ਵੱਡੇ ਵੀਰ ਮੇਰਾ ਕੰਮ ਤਾਂ ਲੋਟ ਹੋ ਗਿਐ, ਇਉਂ ਕਹਿੰਦਿਆਂ ਉਸ ਨੂੰ ਚਾਅ ਚੜ੍ਹਿਆ ਪਿਆ ਸੀ ।

ਮੈਂ, ਸਾਰੀ ਗੱਲ ਸਮਝਦੇ ਹੋਏ ਵੀ, ਉਸ ਤੋਂ ਪੁੱਛ ਲਿਆ, ਕੀ ਲੋਟ ਹੋ ਗਿਆ ਛੋਟੇ ਭਾਈ... ਬੜਾ ਚਾਅ ਚੜ੍ਹਾਈ ਫਿਰਦੈ ?

ਵੀਰ...ਉਹੋ ਨਾ... ''ਉਦੋਂ''... ਉਵੇਂ ਹੀ ਅੱਖਾਂ ਮੁੰਦ ਲੈਂਦੀ ਐ, ਜਿਵੇਂ ਤੂੰ ਦੱਸਿਆ ਤੀ, ਮੈਨੂੰ ਦੋ ਦਿਨ ਹੋ ਗਏ ਦੇਖਦੇ ਨੂੰ, ਚਲੋ ਕਿਵੇਂ ਵੀ ਐ, ਮੇਰਾ ਘਰ ਤਾਂ ਵਸ ਗਿਆ ਮੁੜ ਕੇ, ਨਾਲ਼ੇ ਹੁਣ ਪਹਿਲਾਂ ਮਾਂਗ ਵੀ ਨੀਂ ਹੋਊ, ਉਸ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਮੇਰੇ ਨਾਲ ਸਾਂਝਾ ਕੀਤਾ ।

ਉਸ ਦੀ ਗੱਲ ਸੁਣ ਕੇ ਮੈਂ ਅਖਾੜੇ 'ਚੋਂ ਬਾਹਰ ਨਿਕਲਿਆ, ਆਪਣੀਆਂ ਲੱਤਾਂ ਬਾਹਾਂ ਤੋਂ ਮਿੱਟੀ ਝਾੜਦੇ ਹੋਏ ਕਿਹਾ, ਆ ਜਾ ਬੈਠ ਕੇ ਦੱਸ, ਛੋਟੇ ਵੀਰ ਮੈਨੂੰ ਸਾਰਾ ਕੁਝ, ਕੀ ਠੀਕ ਹੋ ਗਿਆ ? ਲਾਗੇ ਹੀ ਵੱਖੀ ਭਾਰ ਖੜ੍ਹੀ ਮੰਜੀ ਦੇ ਚਾਰੇ ਪਾਵੇ, ਜ਼ਮੀਨ ਨਾਲ ਲਾਉਂਦੇ ਨੇ ਮੈਂ ਉਸ ਨੂੰ ਬੈਠਣ ਦਾ ਇਸ਼ਾਰਾ ਕੀਤਾ ।

ਨਹੀਂ ਵੀਰੇ, ਹਾਲੇ ਤਾਂ ਮੈਂ ਕਾਹਲੀ 'ਚ ਆਂ, ਦੁਕਾਨਾਂ ਦੇ ਬੋਰਡ ਆਏ ਪਏ ਨੇ ਲਿਖਣ ਲਈ ਦੁਕਾਨ 'ਤੇ, ਏਸ ਪੰਗੇ ਕਰਕੇ ਤਾਂ ਕੰਮ ਜ਼ਿਆਦਾ ਜਮਾਅ ਹੋ ਗਿਐ, ਤਾਹੀਂਓ ਕਾਹਲੀ ਐ, ਖੁੱਲ੍ਹਕੇ ਗੱਲ, ਫੇਰ ਕਰਾਂਗੇ ਕਿਸੇ ਦਿਨ, ਇਉਂ ਕਹਿ ਕੇ ਉਹ ਥੈੱਅ 'ਤੇ ਰੁਕਿਆ, 'ਤੇ ਪਿਛਾਅ ਮੁੜ ਗਿਆ, ਮੈਂ ਆਪਣੇ ਢਿੱਲ੍ਹੇ ਹੋਏ ਜੂੜੇ ਨੂੰ ਕਸ ਕੇ ਬੰਨ੍ਹਣ ਲਈ ਮੰਜੀ 'ਤੇ ਬੈਠਿਆ, ਉਦੋਂ ਹੀ ਸਕੂਟਰ ਦੇ ਸਟਾਰਟ ਹੋਣ ਦੀ ਆਵਾਜ਼ ਸੁਣੀ, ਤਾਂ ਮੈਨੂੰ ਪਤਾ ਲੱਗਿਆ ਕਿ ਸੁਖਾ ਚਲਾ ਗਿਐ ।

ਮੈਂ, ਪਲ ਭਰ ਸਾਹ ਲੈਣ ਵਾਸਤੇ ਮੰਜੀ 'ਤੇ ਬੈਠਿਆ ਸਾਂ ਕਿ ਮੈਨੂੰ, ਉਹ ਦਿਨ ਯਾਦ ਆਇਆ, ਜਦੋਂ ਦੋ ਕੁ ਮਹੀਨੇ ਪਹਿਲੋਂ ਤੱਕ ਏਸ ਟੱਬਰ ਨੇ ਭਾਫ ਨਹੀਂ ਸੀ ਕੱਢੀ ਕਿਸੇ ਕੋਲ, ਭਰਜਾਈ ਦੇ ਪੇਕੇ ਜਾਣ ਆਲੀ। ਇਹ ਤਾਂ ਥੋੜੇ ਦਿਨ ਪਹਿਲੋਂ ਹੀ ਆਢਣਾਂ ਗੁਆਂਢਣਾਂ ਦੇ ਪੁੱਛਣ 'ਤੇ ਵਿਹੜੇ 'ਚ ਪਤਾ ਲੱਗਣ ਲੱਗਿਆ, ਜਦੋਂ ਉਹੋ ਸੁਖੇ ਦੀ ਮਾਂ ਤੋਂ ਪੁੱਛਦੀਆਂ, ਕੁੜੇ ਜੈਲੋ, ਭਲਾ ਕਦੋਂ ਕੁ ਆਉਣੈ ਬਹੂ ਨੇ...? ਪਰ ਉਸ ਦੇ ਆਉਣ ਦਾ ਕਿਸੇ ਨੂੰ ਕੋਈ ਪਤਾ ਨਹੀਂ ਸੀ...ਕਿ ਕਦੋਂ ਵਾਪਸ ਆਉਣੈ, ਆਉਣਾ ਵੀ ਐ ਜਾਂ...। ਜੈਲੋ ਵਿਚਾਰੀ ਕਿਸੇ ਨੂੰ ਕੀ ਦੱਸ ਸਕਦੀ ਸੀ।



ਉਨ੍ਹਾਂ ਬੁੜੀਆਂ ਕੋਲੋਂ ਸੁਣੀਆਂ ਹੋਈਆਂ ਗੱਲਾਂ, ਬੀਬੀ ਮੈਨੂੰ ਦੱਸਦੀ ਰਹਿੰਦੀ, ਇੱਕ ਦਿਨ ਦੱਸਣ ਲੱਗੀ, ''ਆਹ ਪੇਂਟਰ ਦੀ ਬਹੂ ਭੱਜ ਗੀ'', ਕਿੰਨੇ ਦਿਨ ਹੋ ਗਏ ਦੇਖੀ ਵੀ ਨੀਂ ਏਥੇ, ਦੇਖ ਲੈ ਐਡੀ ਭੈੜੀ ਐ ਜੈਲੋ, ਮੈਨੂੰ ਵੀ ਆਪਣਾ ਨ੍ਹੀਂ ਸਮਝਦੀ, ਤਾਹੀਂ ਤਾਂ ਮੇਰੇ ਕੋਲ ਭਾਫ਼ ਨ੍ਹੀਂ ਕੱਢੀ ਜਮਾਅ...।''

''ਹੁਣ ਜਦੋਂ ਅਗਲੀਆਂ ਪੁੱਛਦੀਆਂ ਨੇ, ਤਾਂ ਕਹਿੰਦੇ ਕੁਸੈਲਾ ਜਿਹਾ ਮੂੰਹ ਬਣਾ ਕੇ ਸਭ ਨੂੰ ਕਹਿੰਦੀ ਫਿਰਦੀ ਐ, ਆ ਜਾਣੈ ਉਨ੍ਹੇ, ਜਾਣਾ ਕਿੱਥੇ ਐ, ਉਹਦੀ ਮਾਂ ਢਿੱਲੀ ਮੱਠੀ ਰਹਿੰਦੀ ਐ, ਅਜੇ ਪੰਦਰਾਂ ਕੁ ਦਿਨ ਹੋਰ ਲਾਊ, ਪਰਸੋਂ ਤਾਂ ਸੁਖਾ ਜਾ ਕੇ ਆਇਐ'', ਬੀਬੀ ਕਹਿੰਦੀ ਸੁਖੇ ਦੇ ਸਹੁਰੀ ਜਾਣ ਆਲੀ ਗੱਲ ਨੂੰ, ਜੈਲੋ ਘੋਟ ਘੋਟ ਕੇ ਦੱਸਦੀ ਐ ਪੁੱਛਣ ਆਲੀਆਂ ਨੂੰ ।

ਬੀਬੀ ਦੀ ਗੱਲ ਸੁਣ ਕੇ ਮੈਨੂੰ ਹੈਰਾਨੀ ਹੋਈ, ਤਾਹੀਓਂ ਕਈ ਦਿਨਾਂ ਤੋਂ ਕੋਠੇ ਚੜ੍ਹ ਕੇ ਕੱਪੜੇ ਵਗੈਰਾ ਲਾਹੁਣ, ਸੁਕਾਉਣ ਦਾ ਕੰਮ ਨੀਂ ਕਰਦੀ ਦੇਖੀ ਭਰਜਾਈ ।

ਸੁਖਾ ਭਾਵੇਂ ਉਮਰ 'ਚ ਮੈਥੋਂ ਖਾਸਾ ਛੋਟੈ, ਪਰ ਉਹ ਆਪਣੇ ਵਿਆਹ ਦੀ ਬਾਜੀ ਮੇਰੇ ਨਾਲੋਂ ਪਹਿਲਾਂ ਮਾਰ ਗਿਆ, ਉਹਦੇ ਵਿਆਹ ਤੋਂ ਬਾਅਦ, ਏਧਰ, ਜਦੋਂ ਦੋ ਕੁ ਬਾਰ ਮੇਰੇ ਵਿਆਹ ਦੀ ਗੱਲ ਸ਼ੁਰੂ ਹੋਈ ਹੋਈ, ਕਿਤੇ ਵੀ ਸਿਰੇ ਨਾ ਚੜ੍ਹਦੀ ਤਾਂ ਬੀਬੀ ਮੈਨੂੰ ਗੁੱਸੇ ਹੋਣ ਲੱਗ ਜਾਂਦੀ, ਜੇ ਮੈਨੂੰ ਪਤਾ ਹੁੰਦਾ ਮੁੰਡਿਆ, ਮੈਂ ਤੈਨੂੰ ਕਦੇ ਵੀ ''ਉਸ ਨੂੰ'' ਪੱਗ ਨਾ ਦੇਣ ਦਿੰਦੀ, ਭਾਵੇਂ ਰੁਸਦੇ, ਲੱਖ ਰੁਸ ਜਾਂਦੇ, ਅਪਦੀ ਲਿਆਉਂਦੇ ਜਿੱਥੋਂ ਮਰਜ਼ੀ, ਬੀਬੀ ਦਾ ਪਾਰਾ ਇਉਂ ਚੜ੍ਹਿਆ ਰਹਿੰਦਾ, ਜਿਵੇਂ ਓਸੇ ਪੱਗ ਕਰਕੇ ਮੇਰਾ ਵਿਆਹ ਹੋਣਾ ਸੀ, ਬਈ ਬੱਸ ਉਹ ਤਾਂ ਸੁਖੇ ਦਾ ਕਰਗੀ ਤੇ ਕੰਮ ਖਤਮ ।

ਜਦੋਂ ਮੈਨੂੰ ਵੀ ਸੱਚ ਆ ਗਿਆ, ਕਿ ਸੁਖੇ ਦੀ ਵਹੁਟੀ ਪੇਕੇ ਗਈ ਹੋਈ, ਹੁਣ ਮੁੜਕੇ ਨੀਂ ਆਉਂਦੀ, ਤਾਂ ਮੈਨੂੰ ਮੇਰੇ ਵਿਆਹ ਦੀ ਆਸ ਜਿਹੀ ਬੱਝ ਗਈ ਕਿ ਮੇਰੀ ਪੱਗ ਨੇ ਜਿਹੜਾ ਅਸਰ ਰਸੂਖ, ਮੇਰੇ ਵਿਆਹੁਤਾ ਜੀਵਨ 'ਤੇ ਮੈਨੂੰ ਦਿਖਾਉਣਾ ਸੀ, ਉਹ ਉਸ ਨੇ ਸੁਖੇ ਨੂੰ ਦਿਖਾ ਦਿੱਤੈ, ਹੁਣ ਜਿੱਦਣ ਮੇਰਾ ਹੋਊ, ਓਦਣ ਮੈਨੂੰ ਕੋਈ ਔਖ ਨੀਂ ਆਉਣੀ ਮੈਂ ਤਾਂ ਢੋਲੇ ਦੀਆਂ ਲਾਊਂ ।

ਹੋਇਆ ਇਹ ਕਿ ਅਪਦੇ ਵਿਆਹ ਤੋਂ ਪਹਿਲਾਂ ਸੁਖਾ ਪੱਗ ਨਹੀਂ ਸੀ ਬੰਨ੍ਹਦਾ ਹੁੰਦਾ, ਉਹਦੇ ਵਿਆਹ ਦੀ ਅਚਾਨਕ ਗੱਲ ਹੋਈ ਸੀ, ਉਹ ਵੀ ਦੋਆਂ ਦਿਨਾਂ ਵਿਚ ਹੋਣ ਦੀ, ਇਨ੍ਹਾਂ ਦੋਆਂ ਦਿਨਾਂ 'ਚ ਵਿਆਉਲੇ ਮੁੰਡੇ ਦੀ ਪੱਗ, ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ, ਵਿਆਹ 'ਚ ਸ਼ਾਮਲ ਹੋਣ ਲਈ ਮੈਨੂੰ ਵੀ ਸੱਦਾ ਮਿਲ ਗਿਆ, ਵਿਆਹ ਤੋਂ ਇਕ ਦਿਨ ਪਹਿਲਾਂ, ਸ਼ਾਮ ਜਿਹੇ ਨੂੰ ਜਦੋਂ ਕਿਸੇ

ਸਿਆਣੇ ਬੰਦੇ ਨੇ, ਮੁੰਡੇ ਦੇ ਪੱਗ ਬੰਨ੍ਹਣ ਦੀ ਗੱਲ ਕੀਤੀ ਤਾਂ ਯਕਦਮ ਸਾਰੇ ਪ੍ਰੇਸ਼ਾਨ ਹੋ ਗਏ ਸਨ ।

ਮੈਂ ਵੀ ਕੋਲੇ ਹੀ ਖੜ੍ਹਾ ਸਾਂ, ਮੈਂ ਕਿਹਾ ਫਿਕਰ ਨਾ ਕਰੋ, ਹੈਗੀ ਮੇਰੇ ਕੋਲੇ ਕੋਰੀ ਪੱਗ, ਸਵੇਰੇ ਬਰਾਤ ਚੜ੍ਹਨ ਤੋਂ ਪਹਿਲਾਂ ਪਹੁੰਚ ਜੂਗੀ। ਇਹ 'ਗੁਲਾਬੀ ਰੰਗ ਆਲੀ ਪੱਗ' ਮੈਨੂੰ ਕੁਸ਼ਤੀ ਜਿੱਤਣ 'ਤੇ ਇਨਾਮ ਵਜੋਂ ਮਿਲੀ ਹੋਈ ਸੀ, ਪਰ ਬੀਬੀ ਨੇ ਮੇਰੇ ਵਿਆਹ ਲਈ, ਬੜੇ ਚਾਅ ਨਾਲ ਸਾਂਭ ਕੇ ਰੱਖ ਦਿੱਤੀ, ਕਹਿੰਦੀ ਮੁੰਡਿਆ ਤੇਰੇ ਵਿਆਹ ਨੂੰ ਕੰਮ ਆਊ ।

ਸਵੇਰੇ ਬਰਾਤ ਚੜ੍ਹਨ ਤੋਂ ਪਹਿਲਾਂ, ਮੈਂ ਬੀਬੀ ਤੋਂ ਚੋਰੀ, ਉਸ ਨੂੰ ਆਪਣੀ ਪੱਗ ਫੜਾਉਣ ਗਿਆ, ਉਹ ਕਹਿਣ ਲੱਗਾ, ਵੀਰ ਮੈਨੂੰ ਕਿਹੜਾ ਬੰਨ੍ਹਣੀ ਆਉਂਦੀ ਐ, ਤੂੰ ਹੁਣ ਬੰਨ੍ਹ ਵੀ ਜਾਹ, ਫਿਰ ਤੂਵੀਂ ਜਾ ਕੇ ਤਿਆਰ ਹੋ ਜਾਈਂ, ਮੈਂ ਉਸ ਦੇ ਪੱਗ ਬੰਨ੍ਹ ਦਿੱਤੀ ।

ਚੰਗਾ ਮੈਂ ਵੀ ਤਿਆਰ ਹੁੰਨਾ ਜਾ ਕੇ, ਉਂ ਮੇਰਾ ਘਰ ਵੀ ਦੂਰ ਨਹੀਂ, ਸਾਡੇ ਘਰਾਂ ਦੀਆਂ ਇੱਕ ਦੂਜੇ ਵੱਲ ਪਿੱਠਾਂ ਨੇ, ਥੋੜ੍ਹੀ ਜਿਹੀ ਵਿਚਕਾਰਲੀ ਵਿੱਥ 'ਤੇ ਇੱਕ ਪੁਰਾਣਾ ਅਖਾੜਾ ਬਣਿਆ ਹੋਇਐ, ਜਿੱਥੇ ਅਸੀਂ ਪੰਜ ਸੱਤ ਜਣੇ, ਸੁਭਾ ਸ਼ਾਮ ਜ਼ੋਰ ਕਰਦੇ ਰਹਿੰਦੇ ਹਾਂ ।

ਵਿਆਹ ਤੋਂ ਅੱਠ ਦਸ ਕੁ ਦਿਨਾਂ ਬਾਅਦ, ਜਦੋਂ ਅਸੀਂ ਨਵੀਂ ਜੋੜੀ ਨੂੰ ਚਾਹ ਪਾਣੀ ਲਈ ਘਰ ਬੁਲਾਇਆ, ਤਾਂ ਸੁਖਾ ਮੇਰੀ ਪੱਗ ਵੀ ਉਸੇ ਦਿਨ ਮੋੜਨ ਆਇਆ, "ਉਨ੍ਹੇ" ਹਰਜੀਤ ਭਰਜਾਈ ਦੇ ਸਾਹਮਣੇ ਈ, ਮੈਨੂੰ ਪੱਗ ਮੋੜਦੇ ਹੋਏ ਕਿਹਾ, ਲੈ ਵੱਡੇ ਭਰਾ, ਤੇਰਾ ਬਹੁਤ ਬਹੁਤ ਧੰਨਵਾਦ, ਹੁਣ ਮੈਂ ਵੀ ਪੱਗ ਬੰਨ੍ਹਿਆ ਕਰਾਂਗਾ, ਲਾਗੇ ਬੈਠੀ ਹਰਜੀਤ, ਸੁਖੇ ਵੱਲ ਅਤੇ ਮੇਰੇ ਵੱਲ ਦੇਖ ਕੇ ਹੈਰਾਨ ਜਿਹਾ ਹੋਈ, ਉਸ ਦਿਨ ਤਾਂ ਉਹ ਚਾਹ ਪਾਣੀ ਪੀ ਕੇ ਵਾਪਸ ਚਲੇ ਗਏ ।

ਜਦ ਕੁਝ ਕੁ ਦਿਨਾਂ ਮਗਰੋਂ ਭਰਜਾਈ ਨੇ ਘਰ ਦੇ ਕੰਮਾਂ ਕਾਰਾਂ ਨੂੰ ਸੰਭਾਲਿਆ, ਉਦੋਂ ਤੋਂ ਉਹ ਇਉਂ ਉਖੜੀ ਉਖੜੀ ਜਿਹੀ ਰਹਿਣ ਲੱਗ ਪਈ, ਜਿਵੇਂ ਬਹੁਤ ਚਿਰਾਂ ਦੀ ਉਨੀਂਦਰੀ ਹੋਵੇ, ਮੈਨੂੰ ਉਹਦੀਆਂ ਅੱਖਾਂ ਵਿੱਚੋ ਕੋਈ ਉਤਸ਼ਾਹ ਮਰਿਆ ਮਰਿਆ ਲੱਗਦਾ, ਫਿਰ ਕਈ ਕਈ ਦਿਨ ਪੇਕੇ ਜਾ ਕੇ ਰਹਿਣ ਲੱਗੀ, ਜਦੋਂ ਏਥੇ ਹੁੰਦੀ ਤਾਂ ਕੋਠੇ ਤੇ ਚੜ੍ਹ ਕੇ ਸਾਨੂੰ ਜ਼ੋਰ ਕਰਦਿਆਂ ਨੂੰ ਦੇਖਦੀ ਰਹਿੰਦੀ, ਅਸੀਂ ਪੰਜ ਸੱਤ ਮੁੰਡੇ ਅਖਾੜੇ 'ਚ ਜ਼ੋਰ ਕਰਦੇ, ਉਹ ਕਿੰਨੀ ਕਿੰਨੀ ਦੇਰ ਖੜ੍ਹੀ ਸਾਡੇ ਵੱਲ ਝਾਕਦੀ ਰਹਿੰਦੀ, ਮੈਂ ਟੇਢੀ ਅੱਖ ਨਾਲ ਤਾੜਦਾ, ਕਿਵੇਂ ਚਾਰ ਸਾਢੇ ਚਾਰ ਮਹੀਨੇ ਨਿਕਲ ਗਏ ਸੁਖੇ ਦੇ ਵਿਆਹ ਨੂੰ, ਪਤਾ ਈ ਨਹੀਂ ਲੱਗਿਆ । ਐਨੇ ਦਿਨਾਂ 'ਚ ਉਹ ਸਹੁਰੀਂ ਘੱਟ, ਪੇਕੇ ਜ਼ਿਆਦਾ ਰਹੀ ਹੋਣੀ ਐ।

ਸੁਖਾ ਸਵੇਰੇ ਹੀ ਘਰੋਂ ਨਿਕਲ ਜਾਂਦਾ, ਉਸ ਕੋਲ ਸੁੱਖ ਨਾਲ ਕੰਮ ਤਾਂ ਵਥੇਰਾ ਆਇਆ ਰਹਿੰਦਾ, ਉਹ ਆਪਣੀ ਦੁਕਾਨ 'ਤੇ ਦੁਕਾਨਾਂ ਦੇ ਬੋਰਡ ਬਣਾਉਂਦਾ, ਸਕੂਲਾਂ ਦੇ ਬੋਰਡ ਬਣਾਉਂਦਾ, ਕਦੀ ਕਦੀ ਦੂਜੇ ਪਿੰਡਾਂ 'ਚ ਕੰਧਾਂ ਉੱਤੇ ਲਿਖਣ ਵੀ ਜਾਂਦਾ, ਘਰ ਮੁੜਦੇ ਨੂੰ ਆਥਣ ਹੋ ਜਾਂਦਾ। ਇਉਂ ਲੱਗਦਾ, ਜਿਵੇਂ ਉਹ ਇਸ ਪਿੰਡ ਦਾ ਵਸਨੀਕ ਹੀ ਨਾ ਹੋਵੇ, ਨਵੇਂ ਮੁੰਡੇ ਤਾਂ ਸੁਖੇ ਨੂੰ ਭੁੱਲਦੇ ਜਾ ਰਹੇ ਸਨ ।

ਜਦੋਂ ਭਰਜਾਈ ਪੇਕੇ ਗਈ ਨੂੰ ਲਗਾਤਾਰ, ਢਾਈ ਤਿੰਨ ਮਹੀਨੇ ਲੰਘ ਗਏ ਤਾਂ ਮੇਰੇ ਕੋਲ ਇਹੇ ਇੱਕ ਦਿਨ ਇਵੇਂ ਭੱਜਿਆ ਆਇਆ ਸੀ, ਜਿਵੇਂ ਬਹੁਤ ਥੱਕਿਆ ਹੋਵੇ, ਮੈਂ ਇਸ ਨੂੰ ਆਪਣੇ ਵੱਲ ਨੂੰ ਆਉਂਦੇ ਹੋਏ ਦੇਖ ਕੇ ਕਿਹਾ, ਉਏ ਆ ਬਈ ਸੁਖਿਆ, ਹੁਣ ਤਾਂ ਸੁੱਖਾਂ 'ਚ ਹੀ ਰਹਿਨੈ...? ਸਾਡੇ ਵਰਗਿਆਂ ਦੀ ਕਾਹਨੂੰ ਯਾਦ ਆਉਂਦੀ ਐ, ਵਿਆਹ ਤੋਂ ਬਾਅਦ ਤਾਂ ਈਦ ਦਾ ਚੰਦ ਹੋ ਗਿਐ, ਕਿ ਭਰਜਾਈ ਆਉਣ ਨਹੀਂ ਦਿੰਦੀ ਸਾਡੇ ਵੱਲ, ਮੈਂ ਵੀ ਭਰਿਆ ਭਰਾਇਆ ਖਾਸਾ ਕੁਝ, ਇੱਕੋ ਸਾਹੇ ਕਹਿ ਗਿਆ ਸਾਂ ਉਸ ਨੂੰ, ਮੇਰੇ ਇਉਂ ਕਹਿਣ ਦੀ ਦੇਰ ਸੀ ।

ਸੁਣ ਕੇ ਜਿਵੇਂ ਉਸ ਦੀ ਭੁੱਬ ਨਿਕਲ ਗਈ ਹੋਵੇ, ਕਾਹਦਾ ਸੁਖੇ ਨੂੰ ਸੁੱਖ ਹੋ ਗਿਆ ਵੀਰਿਆ, ਮੇਰਾ ਤਾਂ ਘਰ ਪੱਟਿਆ ਗਿਆ ਜਮਾਅ ਈ, ਸੁਖ ਦੇਣ ਵਾਲੀ ਤਾਂ ਢਾਈ ਮਹੀਨਿਆਂ ਤੋਂ ਪੇਕੇ ਐ, ਮੈਂ ਦੋ ਤਿੰਨ ਗੇੜੇ ਮਾਰ ਆਇਆ, ਪਰ ਉਹ ਏਥੇ ਆਉਣ ਤੋਂ ਇਨਕਾਰੀ ਹੋਈ ਬੈਠੀ ਐ ।

ਉਹ ਕਾਹਤੋਂ...? ਮੈਂ ਹੈਰਾਨੀ ਜਿਹੀ 'ਚ ਉਸ ਤੋਂ ਪੁੱਛਿਆ

ਵੀਰ ਬਣ ਕੇ ਹਾਲੇ ਕਿਸੇ ਕੋਲ ਗੱਲ ਨਾ ਕਰੀਂ, ਕਿਸੇ ਦਿਨ ਮੇਰੇ ਨਾਲ ਚੱਲ, ਮੇਰੇ ਸਹੁਰੀਂ...। ਉਨ੍ਹੂੰ ਮਨਾ ਕੇ ਲਿਆਈਏ। ਸੱਸ ਕਹਿੰਦੀ ਐ, ਕਿਸੇ ਸਿਆਣੇ ਬੰਦੇ ਨੂੰ ਆਪਣੇ ਨਾਲ ਲੈ ਕੇ ਆ, ਫਿਰ ਆਈ ਇਹਨੂੰ ਲੈਣ...। ਉਨ੍ਹੇਂ ਢਿੱਲਾ ਜਿਹਾ ਹੱਥ ਉਪਰ ਨੂੰ ਚੁੱਕਿਆ ।

ਭਲਾ ਮੈਂ ਕਿਵੇਂ ਜਾ ਸਕਦਾ ਬਈ ਤੇਰੇ ਨਾਲ...? ਜੇ ਉਸ ਨੇ ਆਉਣਾ ਈ ਹੁੰਦਾ ਤਾਂ ਉਹ ਤੇਰੇ ਨਾਲ ਨਾ ਆ ਜਾਂਦੀ। ਨਾਲੇ ਮੈਂ ਕੋਈ ਬਹੁਤਾ ਸਿਆਣਾ ਸਿਊਣਾ ਬੰਦਾ ਨਹੀਂ। ਮੈਂ ਤੈਥੋਂ ਕਿੰਨਾ ਕੁ ਵੱਡਾ ਭਲਾ ਉਮਰ 'ਚ...? ਬਈ ਤੂੰ ਮੈਨੂੰ ਸਿਆਣਿਆਂ 'ਚ ਗਿਣਦੈ...? ਆਹ ਜਿਹੜੀਆਂ ਮੈਨੂੰ ਚਾਰ ਗੱਲਾਂਬਾਤਾਂ ਆਉਂਦੀਆਂ ਨੇ, ਇਨ੍ਹਾਂ ਨਾਲ ਤੂੰ ਮੈਨੂੰ ਬਹੁਤਾ ਬੁੱਧੀਮਾਨ ਵੀ ਨਾ ਸਮਝ, ਕਿਸੇ ਪੰਚ ਸਰਪੰਚ ਦਾ ਮਿੰਤ ਤਰਲਾ ਕਰ ਭਰਾਵਾ, ਉਹ ਤਾਂ ਤੇਰੇ ਨਾਲ ਜਾ ਸਕਦੈ । ਨਾਲੇ ਪਹਿਲਾਂ ਤੂੰ ਆਰਾਮ ਨਾਲ ਇਹ ਤਾਂ ਦੱਸ, ਕਿ ਉਹ ਚਲੀ ਕਿਉਂ ਗਈ..? ਕੋਈ ਲੜਾਈ ਝਗੜਾ ਹੋਇਐ ਥੋੜਾ ਆਪਸ 'ਚ ? ਕਿਤੇ ਉਥੇ ਲਿਜਾ ਕੇ ਮੇਰੇ ਮੌਰ ਸਿਕਵਾ ਦੇਵੇਂ...? ਮੈਂ ਆਪਣਾ ਤੌਖਲਾ ਜ਼ਾਹਰ ਕੀਤਾ।

ਨਹੀਂ ਵੀਰ... ਐ ਤਾਂ ਆਉਣੀ ਜਾਣੀ ਹੈਗੀ ਆ, ਉਥੇ ਗਏ ਨੂੰ ਦਰਵਾਜ਼ਾ ਤੇਰੀ ਭਰਜਾਈ ਹੀ ਖੋਲ੍ਹਦੀ ਐ, ਹਾਲੇ

ਹਾਲਾਤ ਐਨੇ ਮਾੜੇ ਵੀ ਨ੍ਹੀਂ ਹੋਏ,,, ਕਿ ਆਪਾਂ ਨੂੰ ਗਿਆਂ ਨੂੰ ਕੋਈ ਪਾਣੀ ਵੀ ਨਾ ਪੁੱਛੇ । ਪਰ ਅਜਿਹੇ ਹਾਲਾਤ ਹੋਣ 'ਚ ਦੇਰੀ ਵੀ ਕੋਈ ਨਹੀਂ, ਵੀਰ ਮੈਨੂੰ ਤੇਰੇ ਨਾਲੋਂ ਵੱਧ ਕੋਈ ਸਿਆਣਾ ਬੰਦਾ ਨਹੀਂ ਦਿਸਿਆ ਪੂਰੇ ਵਿਹੜੇ 'ਚ ।

ਸਭ ਮਜ਼ਾਕ ਉਡਾਉਣਗੇ ਜਿਨੂੰ ਜਿਨੂੰ ਵੀ ਪਤਾ ਲੱਗੂ, ਵਿਹੜੇ ਆਲਿਆਂ ਦਾ ਤੈਨੂੰ ਪਤਾ ਈ ਐ ਗੱਲ ਨੂੰ ਕਿਹੜਾ ਫਿਰ ਭੁੰਜੇ ਡਿੱਗਣ ਦਿੰਦੇ ਨੇ... ਇਉਂ ਕਹਿੰਦਾ ਹੋਇਆ ਸੁਖਾ ਮੇਰੇ ਸਾਹਮਣੇ ਭਿੱਜੀ ਬਿੱਲੀ ਬਣਿਆ ਖੜ੍ਹਾ ਸੀ। ਪਰ ਇਹ ਬੋਲ ਉਸ ਦੇ ਅੰਦਰ ਦੀ ਆਵਾਜ਼ ਸਨ ।

ਮੈਂ ਉਸ ਦੇ ਬੋਲ ਸੁਣ ਕੇ ਪਸੀਜਿਆ ਗਿਆ ਸਾਂ, ਤੂੰ ਮੈਨੂੰ ਸਿਆਣੇ ਹੋਣ ਦਾ ਮਾਣ ਦਿੱਤੈ, ਬੇਫ਼ਿਕਰ ਰਹਿ ਫਿਰ, ਚੱਲਦੇ ਆਂ ਕਿਸੇ ਦਿਨ ਤੇਰੇ ਸਹੁਰੀਂ ਵੀ। ਐ ਕਿਵੇਂ ਨੀ ਆਊ, ਅਜੇ ਤਾਂ ਲੱਗੀ ਮਹਿੰਦੀ ਵੀ ਨੀਂ ਲਹੀ ਹੋਣੀ ਉਹਦੇ ਹੱਥਾਂ ਤੋਂ, ਚਾਅ ਉਹਦਾ ਪਹਿਲਾਂ ਹੀ ਲਹਿ ਗਿਆ ਸਹੁਰਿਆਂ ਤੋਂ, ਤੂੰ ਬੇਫਿਕਰ ਰਹਿ, ਜੇ ਉਨ੍ਹੇ ਆਪਣੀ ਗੱਲ ਕੇਰਾਂ ਸਮਝ ਲਈ ਨਾ, ਫਿਰ ਤਾਂ ਉਹ ਭੱਜੀ ਆਊ। ਮੈਂ ਆਪਣੀ ਗੱਲਾਂ ਤੇ ਮਾਣ ਜਿਹਾ ਕਰਦੇ ਨੇ ਉਸ ਨੂੰ ਹੌਸਲਾ ਦਿੱਤਾ, ਮੇਰੀ ਗੱਲ ਸੁਣ ਕੇ ਉਹ ਹੌਸਲੇ ਜਿਹੇ 'ਚ ਆਪਣੇ ਕੰਮ 'ਤੇ ਨਿਕਲ ਗਿਆ ਸੀ।

ਅਗਲੇ ਪੰਜ ਚਾਰ ਕੁ ਦਿਨਾਂ ਬਾਅਦ, ਅਸੀਂ ਘਰਦਿਆਂ ਤੋਂ ਚੋਰੀ, ਸੁਖੇ ਦੇ ਸਹੁਰੀਂ ਜਾਣ ਦਾ ਪ੍ਰੋਗਰਾਮ ਬਣਾ ਲਿਆ । ਸਕੂਟਰ 'ਤੇ ਅਸੀਂ ਉਸ ਦੇ ਸਹੁਰੇ ਪਹੁੰਚ ਗਏ, ਘਰੇ ਸੁਖੇ ਦੀ ਸੱਸ ਅਤੇ ਹਰਜੀਤ ਭਰਜਾਈ ਈ ਸਨ ਓਸ ਵਕਤ। ਸਾਨੂੰ ਉਨ੍ਹਾਂ ਦਰਵਾਜ਼ਾ ਖੋਲ੍ਹ ਕੇ ਬੈਠਕ 'ਚ ਬਹਾ ਦਿੱਤਾ, ਬੈਠਦੇ ਸਾਰ ਮੈਂ ਏਧਰ ਓਧਰ ਨਜ਼ਰ ਘੁਮਾਈ, ਸੁਖੇ ਦਾ ਸੇਹਰਾ, ਉਨ੍ਹਾਂ ਫਰੇਮ 'ਚ ਜੜ੍ਹਾਂ ਕੇ ਸਾਹਮਣੀ ਕਾਨ੍ਹਸ 'ਤੇ ਰੱਖਿਆ ਹੋਇਆ ਸੀ, ਇੱਕ ਪਾਸੇ ਉਨ੍ਹਾਂ ਦੇ ਵਿਆਹ ਵਾਲੇ ਦਿਨ ਦੀ ਤਸਵੀਰ ਲਟਕ ਰਹੀ ਸੀ, ਪੱਗ ਬੰਨ੍ਹੀ ਹੋਈ ਉਸ ਦੇ ਬਹੁਤ ਜੱਚ ਰਹੀ ਸੀ, ਭਾਵੇਂ ਪੱਗ ਮੈਂ ਹੀ ਉਸ ਦੇ ਬੰਨ੍ਹੀ ਸੀ, ਮੇਰਾ ਧਿਆਨ ਉਦੋਂ ਪਰ੍ਹੇ ਹਟਿਆ, ਜਦੋਂ ਸੁਖੇ ਦੀ ਸੱਸ ਨੇ ਗਲਾਸਾਂ 'ਚ ਪਾਣੀ ਲਿਆ ਕੇ ਕਿਹਾ, ਲੈ ਭਾਈ ਪਹਿਲਾਂ ਪਾਣੀ ਪੀਓ, ਉਸ ਦੇ ਇਨ੍ਹਾਂ ਬੋਲਾਂ 'ਚ ਅਪਣੱਤ ਹੈ ਨੀਂ ਸੀ।

ਮੈਂ ਸੋਚਣ ਲੱਗਿਆ ਕਿ ਗੱਲ ਵਧੀ ਹੋਈ ਐ, ਤਾਹੀਂ ਹਰਜੀਤ ਪਾਣੀ ਲੈ ਕੇ ਨਹੀਂ ਆਈ, 'ਤੇ ਸੱਸ ਮਾਤਾ ਨੇ ਸਾਡਾ ਕੋਈ ਬਹੁਤਾ ਹਾਲ ਚਾਲ ਵੀ ਨਹੀਂ ਪੁੱਛਿਆ, ਓਪਰਿਆਂ ਵਾਂਗ ਪਾਣੀ ਫੜਾ ਕੇ ਮੁੜ ਗਈ, ਨਾ ਪਾਣੀ ਹੋਰ ਪੁੱਛਿਆ,,,?

ਪਰ ਬਿੰਦ ਕੁ ਬਾਅਦ, ਖੁਦ ਹਰਜੀਤ ਆ ਗਈ ਸੀ ਅੰਦਰ, ਚਾਰੇ ਪਾਸੇ ਚੁੱਪ ਪਸਰ ਗਈ, ਬਾਹਰ ਨਲਕਾ ਗਿੜਨ ਦੀ ਆਵਾਜ਼ ਦੁਬਾਰਾ ਆਈ, ਸ਼ਾਇਦ ਸੁਖੇ ਦੀ ਸੱਸ ਚਾਹ ਧਰਨ ਲੱਗੀ ਹੋਵੇ, ਮੈਂ ਸੋਚਿਆ ।

ਅੰਦਰ ਕੋਈ ਆਪਸ 'ਚ ਬੋਲ ਨਹੀਂ ਸੀ ਰਿਹਾ, ਮੈਂ ਗੱਲ ਅੱਗੇ ਤੋਰਨ ਦੀ ਸੋਚ ਕੇ ਕਿਹਾ, ਭਰਜਾਈ ਸਤਿ ਸ੍ਰੀ ਆਕਾਲ, ਅੱਗੋਂ ਉਸ ਨੇ ਮੰਨ ਵੀ ਲਈ, ਪਰ ਉਸ ਨੇ ਸੁਖੇ ਵੱਲ ਮੂੰਹ ਨਹੀਂ ਸੀ ਕਰਿਆ ਹਾਲੇ, ਫਿਰ ਮੈਂ ਕਿਹਾ ਕਿ ਹੋਰ ਸਭ ਠੀਕ ਠਾਕ ਨੇ ? ਮੈਂ ਅਗਲੀ ਗੱਲ ਨਾਲੇ ਕਹਿ ਦਿੱਤੀ, ਕੀ ਗੱਲ ਸਹੁਰੀ ਨੀਂ ਆਏ ਮੁੜ ਕੇ ? ਕਿ ਜੀਅ ਭਰ ਗਿਆ ?

''ਜੀ'' ਦੀ ਤਾਂ ਕੋਈ ਗੱਲ ਨਹੀਂ ਜੀ... ਮੇਰੇ ਨਾਲੋਂ ਵੱਧ ਥੋਡੈ ਭਾਈ ਨੂੰ ਪਤੈ, ਇਨੂੰ ਈ ਪੁੱਛੋ, ਜਿਹੜਾ ਥੋਨੂੰ ਆਪਣੇ ਨਾਲ ਲੈ ਕੇ ਆਇਐ...। ਉਹਦੀ ਗੱਲ ਅੱਧੇ ਕੁ ਰੁੱਖੇਪਣ 'ਚ ਅਤੇ ਅੱਧੀ ਕੁ ਅਪਣੱਤ ਭਰੀ ਸੁਣ ਕੇ ਹੈਰਾਨੀ ਹੋਈ ।

ਹਾਂ ਬਈ, ਤੂੰ ਲੈਣ ਨਹੀਂ ਆਇਆ ਇਨੂੰ... ? ਮੈਂ ਆਪਣੇ ਵੱਡੇ ਹੋਣ ਦਾ ਹੱਕ ਜਿਹਾ ਵਰਤਦੇ ਹੋਏ, ਸੁਖੇ ਨੂੰ ਪੁੱਛਿਆ।

''ਲੈਣ ਕਿਉਂ ਨਹੀਂ ਆਇਆ ਵੀਰ, ਕਿੰਨੀ ਵਾਰੀ ਆਇਆਂ, ਪਰ ਇਹੇ ਤੁਰੀ ਨਹੀਂ ਮੇਰੇ ਨਾਲ ।

ਫਿਰ ਮੈਂ ਓਨੂੰ ਪੁੱਛਿਆ, ਇਹ ਤਾਂ ਕਹਿੰਦੈ ਮੈਂ ਤਾਂ ਲੈਣ ਆਉਨਾਂ, ਪਰ ਤੂੰ ਗਈ ਨ੍ਹੀ ਇਦ੍ਹੇ ਨਾਲ, ਮੈਂ ਅਜੇ ਇਉਂ ਕਹਿ ਹੀ ਰਿਹਾ ਸੀ ਕਿ ਸੱਸ ਮਾਤਾ ਚੁੱਲ੍ਹੇ ਤੇ ਚਾਹ ਧਰ ਕੇ ਸਾਡੇ ਕੋਲ ਸਾਹਮਣੀ ਪੀੜ੍ਹੀ ਤੇ ਆ ਬੈਠੀ, ਜਿੱਥੋਂ ਉਸ ਨੂੰ ਚੁੱਲ੍ਹਾ ਵੀ ਨਜ਼ਰ ਆ ਰਿਹਾ ਸੀ ਤੇ ਅੰਦਰ ਬੈਠੇ ਅਸੀਂ ਵੀ... ਗੱਲ ਮਸਾਂ ਰੁੜਨ ਲੱਗੀ ਸੀ, ਫੇਰ ਚੁੱਪ ਪਸਰ ਗਈ...।

ਹਰਜੀਤ ਮੇਰੇ ਲਾਗੇ ਵਾਲ਼ੀ ਕੁਰਸੀ ਤੇ ਬੈਠੀ ਹੋਈ ਸੀ, ਸੁਖਾ ਮੈਥੋਂ ਥੋੜ੍ਹਾ ਦੂਜੇ ਪਾਸੇ ਨੂੰ... ਅਸੀਂ ਪਲੰਘ ਤੇ ਬੈਠੇ ਹੋਏ ਸਾਂ।

ਮੈਂ, ਸੱਸ ਦੀ ਪ੍ਰਵਾਹ ਨਾ ਕਰਦੇ ਹੋਏ, ਫਿਰ ਬੋਲਿਆ, ਇਹ ਤਾਂ ਕਹਿੰਦੈ ਕਿ ਮੈਂ ਤਾਂ ਕਈ ਵਾਰ ਲੈਣ ਆਇਆ, ਪਰ ਤੂੰ ਨਹੀਂ ਗਈ, ਇਹ ਗੱਲ ਮੈਂ ਕਹਿ ਤਾਂ ਹਰਜੀਤ ਨੂੰ ਰਿਹਾ ਸਾਂ, ਪਰ ਜੁਆਬ ਉਸ ਦੀ ਮਾਂ ਨੇ ਦਿੱਤਾ ।

''ਪੂਰੇ ਸਾਢੇ ਤਿੰਨ ਮਹੀਨੇ ਲਾ ਕੇ ਆਈਐ, ਸੱਤਾਂ ਮਹੀਨਿਆਂ 'ਚੋਂ, ਇਨੂੰ ਪੁੱਛੋ ਕਿੰਨਾ ਕੁ ਟਾਇਮ ਦਿੰਦੈ ਇਹੇ ਮੇਰੀ ਕੁੜੀ ਨੂੰ...? ਬਹੁਤਾ ਕਾਮਾ... ਕੰਮ ਤਾਂ ਦੁਨੀਆਂ ਹੀ ਕਰਦੀ ਐ, ਜਿਹੜੀ ਵਿਆਹ ਕੇ ਲਿਆਂਦੀ ਐ, ਉਹਦਾ ਇਨੂੰ ਫ਼ਿਕਰ ਹੈ ਕਿ ਨਹੀਂ ਭੋਰਾ...?'' ਮਾਂ ਥੋੜ੍ਹਾ ਗਰਮ ਲਹਿਜੇ 'ਚ ਬੋਲ ਰਹੀ ਸੀ ।

ਮੈਂ ਦੇਖਿਆ ਕਿ ਸੁਖੇ ਦੀ ਨੀਵੀਂ ਪੈ ਗਈ, ਉਹ ਹੌਲੀ ਦੇਣੇ ਬੋਲਿਆ, ਵੀਰ ਕੰਮ ਈ ਐਨੇ ਜ਼ਿਆਦਾ ਕੱਠੇ ਹੋਏ ਰਹਿੰਦੇ ਨੇ, ਜਿਹੜੇ ਦਿਨ ਰਾਤ ਕਰਕੇ ਵੀ ਨਿੱਬੜਣ ਦਾ ਨਾਂ ਨਹੀਂ ਲੈ ਰਹੇ।

ਚਲੋ ਕੰਮ ਤਾਂ ਬੰਦੇ ਦਾ ਭਾਗ ਹੁੰਦੈ... ਕੰਮ ਤੋਂ ਤਾਂ ਨੀਂ ਮੈਂ ਰੋਕਦੀ, ਜੇ ਕੰਮ ਨੀਂ ਹੋਊ ਫਿਰ ਖਾਵਾਂਗੇ ਕਿੱਥੋਂ... ਆਪ ਤਾਂ ਇਹ ਨਿੱਤ ਸ਼ਹਿਰ ਨੂੰ ਤੁਰਿਆ ਰਹਿੰਦੈ, ਕੰਮ ਕੰਮ ਕਹਿਕੇ,

ਕਦੇ ਛੁੱਟੀ ਛਾਟੀ ਕਰਕੇ ਮੇਰਾ ਵੀ ਚੱਕਰ ਲਵਾਇਆ ਇਸ ਨੇ...? ਜਹਿਜੀ ਏਥੇ ਪਿੰਡ ਰਹਿੰਦੀ ਤੀ, ਉਹੋਜੀ ਉਥੇ, ਮੈਂ ਆਪਣੇ ਆਪ ਤੇ ਵਿਆਹ ਦਾ ਰੰਗ ਕਦੋਂ ਚੜ੍ਹਿਆ ਦੇਖਿਆ ਫਿਰ... ਪੁੱਛੋ... ? ਹਰਜੀਤ ਨੇ ਰੋਸ ਜਿਹਾ ਪ੍ਰਗਟਾਇਆ ।

ਅੱਜ ਕੱਲ੍ਹ ਦੀਆਂ ਕੁੜੀਆਂ, ਪਹਿਲੀਆਂ ਬੁੜੀਆਂ ਵਰਗੀਆਂ ਨੀਂ ਹੈਂਗੀਆਂ ਭਾਈ.... ਜਿਹੜੀਆਂ ਘਰਾਂ 'ਚ ਬੈਠ ਕੇ ਟਾਈਮ ਪਾਸ ਕਰੀ ਜਾਣਗੀਆਂ... ਇਹ ਸਾਡੇ ਵਾਂਗ ਮਿੱਟੀ ਦੀਆਂ ਵੀ ਨੀ ਬਣੀਆਂ... ਇਨ੍ਹਾਂ 'ਚ ਵੀ ਜਾਨ ਐ, ਹਰਜੀਤ ਦੀ ਮਾਂ ਡੁੱਲ੍ਹਣ ਤੱਕ ਭਰੀ ਬੈਠੀ ਸੀ, ਜਿਵੇਂ ਉਹ ਆਪਣੇ ਵੇਲਿਆਂ ਦੀ ਗੱਲ ਸੁਣਾਕੇ ਹੌਲੀ ਹੋ ਗਈ ਹੋਵੇ।

ਜੇ ਮੈਂ ਕੁਝ ਕਹਿਨੀ ਆ ਤਾਂ ਕਹੀ ਜਾਊ, ਨਾ ਵਿਹੜੇ ਆਲੇ ਲੋਕ ਕੀ ਕਹਿਣਗੇ, ਸਾਡੇ ਨੀਂ ਏਕਣ ਦਾ ਰਿਵਾਜ਼ ਰਵੂਜ਼, ਹੁਣ ਜਦੋਂ ਮੈਂ ਤਿੰਨ ਮਹੀਨਿਆਂ ਤੋਂ ਪੇਕੇ ਬੈਠੀ ਆ, ਹੁਣ ਨੀਂ ਪਿੰਡ ਦੇ ਲੋਕ ਪੁੱਛਦੇ, ਬਈ ਕਿੱਥੇ ਗਈ ਐ, ਥੋਡੀ ਨੂੰਹ, ਗੱਲ ਸੁਣੋਂ ਮੇਰੀ, ਪਹਿਲਾਂ ਤਾਂ ਬੀਬੀ ਹੋਰਾਂ ਨੇ ਸਮਝਾ ਬੁਝਾ ਕੇ ਮੈਨੂੰ ਤੋਰ ਵੀ ਦਿੱਤਾ ਤੀ ਥੋਡੇ ਨਾਲ, ਪਰ ਹੁਣ ਉਵੇਂ ਨਹੀਂ ਹੋਣਾ, ਬੋਲੇ ਹੁਣ ਮੂੰਹ 'ਚ ਘੁੰਗਣੀਆ ਪਾਈ ਬੈਠ...ਹਰਜੀਤ ਨੇ ਇਹ ਗੱਲ ਬਹੁਤ ਹੀ ਸਹਿਜਤਾ 'ਚ ਕਹੀ ।

ਇਸ ਵੇਲੇ ਸੁਖਾ ਆਪਣੀ ਬੇਇਜ਼ਤੀ ਮੰਨ ਰਿਹਾ ਸੀ, ਸ਼ਾਇਦ ਉਨ੍ਹੇ ਆਪਣਾ ਮਨ ਵੀ ਭਰ ਲਿਆ, ਉਹ ਭਾਰੀ ਜਿਹੀ ਆਵਾਜ਼ 'ਚ ਬੋਲਿਆ, ਅਗਾਂਹ ਨੂੰ ਐਕਣ ਨਹੀਂ ਹੋਊ ਵੀਰ, ਇਉਂ ਕਹਿ ਕੇ ਉਹ ਸਾਹਮਣੇ ਬਣੇ ਬਾਥਰੂਮ ਵੱਲ ਉਠ ਕੇ ਚਲਾ ਗਿਆ, ਮੈਂ ਆਇਆ ਵੀਰ, ਉਸ ਨੂੰ ਬਾਥਰੂਮ ਆਇਆ ਵੀ ਹੈ ਸੀ ਜਾਂ ਨਹੀਂ, ਪਰ ਉਸ ਦੀਆਂ ਅੱਖਾਂ ਜ਼ਰੂਰ ਭਰ ਆਈਆਂ ਸਨ, ਸ਼ਾਇਦ ਉਹ ਉਨ੍ਹਾਂ ਨੂੰ ਬਾਹਰ ਡੋਲ੍ਹਣ ਗਿਆ ਹੋਵੇ ।

ਉਹਦੇ ਜਾਂਦੇ ਹੀ ਉਹਦੀ ਸੱਸ ਯਕਦਮ ਉਠੀ, ਜੀਤ ਚਾਹ ਉਬਲ ਗਈ, ਮੈਂ ਲਿਆਈਂ ਗਲਾਸਾਂ ਵਿੱਚ ਪਾ ਕੇ, ਉਹ ਵੀ ਉਠ ਕੇ ਚਲੀ ਗਈ, ਕਮਰੇ 'ਚ ਅਸੀਂ ਦੋਵੇਂ ਜਣੇ ਬੈਠੇ ਰਹਿ ਗਏ, ਮੈਂ ਮੌਕਾ ਤਾੜ ਕੇ ਉਸ ਨੂੰ ਕਿਹਾ, "ਚਲੀ ਚੱਲ ਵਿਚਾਰਾ ਲੈਣ ਆਇਐ ਤੈਨੂੰ,,, ਵਿਆਹ ਤੋਂ ਬਾਅਦ ਇਉਂ ਅਲੱਗ ਅਲੱਗ ਰਹਿਣਾ ਚੰਗਾ ਨੀਂ ਹੁੰਦਾ। ਮੇਰੇ ਅੰਦਰ ਕਿਸੇ ਸਿਆਣੇ ਬੰਦੇ ਦੀ ਦੱਸੀ ਹੋਈ ਗੱਲ ਬੋਲੀ ਸੀ।

''ਉਹ ਤਾਂ ਥੋਡੀ ਗੱਲ ਠੀਕ ਐ ਜੀ, ਘਰ ਤਾਂ ਮੈਂ ਵੀ ਵਸਾਉਣਾ ਚਾਹੁੰਨੀਆਂ, ਪਰ ਮੈਂ ਤਾਂ ਇਸ ਨੂੰ ਹੁਣ ਆਪਣੇ ਮਨੋਂ ਨਕਾਰੀ ਬੈਠੀ ਤੀ, ਜੇ ਤੁਸੀਂ ਕਹੋ, ਤਾਂ ਮੈਂ ਥੋਡੇ ਚਲਦੀ ਆ, ਵਿਆਹ ਵੇਲੇ ਪੱਗ ਵੀ ਤਾਂ ਥੋਡੀਓ ਤੀ... ਅੱਧੀ ਤਾਂ ਮੈਂਅਅਅ''...। ਉਨ੍ਹੇ ਗੱਲ ਲਮਕਾ ਵਿਚਾਲੇ ਛੱਡ ਦਿੱਤੀ।

ਇਹ ਗੱਲ ਸੁਣ ਕੇ ਮੈਂ ਤ੍ਰਬਕ ਗਿਆ, ਮੈਂ ਉਹਦੇ ਮੂੰਹ ਵੱਲ ਝਾਕਿਆ, ਜਿਹੜੀ ਗੱਲ ਮੈਂ ਸੋਚ ਵੀ ਨਹੀਂ ਸਕਦਾ, ਉਹ ਗੱਲ ਹਰਜੀਤ ਨੇ ਕਹਿ ਦਿੱਤੀ ।

ਉਹ ਆਪਣੀਆਂ ਅੱਖਾਂ ਦੇ ਭਿੱਫਣਾਂ ਨੂੰ ਉਪਰ ਚੁੱਕਕੇ ਬੋਲੀ... ਦੱਸੋਂ....?

ਮੈਂ ਕੰਨਾਂ ਨੂੰ ਹੱਥ ਲਾ ਕੇ ਕਿਹਾ, ਨਾ ਬਾਬਾ ਨਾ, ਮੈਂ ਯਾਰ ਮਾਰ ਨਹੀਂ ਕਰ ਸਕਦਾ, ਵੱਢ ਦੇਣਗੇ ਅਗਲੇ ਜਿਉਂਦੇ ਨੂੰ....।

ਹੂੰ... ਤੁਸੀਂ ਸਿਆਣੇ ਹੋ... ਵੱਢਦਾ ਮਰਦ ਹੁੰਦਾ...। ਇਉਂ ਕਹਿ ਕੇ ਉਹ ਚੁੱਪ ਕਰ ਗਈ।

ਮੈਂ ਇਹ ਗੱਲ ਸੁਣ ਕੇ ਕੇਰਾਂ ਤਾਂ ਜੀਭ ਆਪਣੇ ਦੰਦਾਂ ਹੇਠ ਦੇ ਲਈ, ਪਰ ਅਗਲੇ ਪਲ ਹੀ ਮੈ ਫਿਰ ਬੋਲਿਆ, ਜੇ ਮੇਰੇ ਜਾਣੈ, ਤਾਂ ਤੂੰ ਤਿਆਰ ਐਂ ਜਾਣ ਲਈ...? ਇਉਂ ਕਹਿੰਦਾ ਹੋਇਆ ਮੈਂ ਭੋਰਾ ਵੀ ਗੰਭੀਰ ਨਹੀਂ ਸੀ।

ਹਾਂ ਕਿਉਂ ਨਹੀਂ...। ਹਰਜੀਤ ਨੇ ਐਡੇ ਵੱਡੇ ਫੈਸਲੇ ਨੂੰ ਬਗੈਰ ਸੋਚੇ ਸਮਝੇ ਹੀ ਕਹਿ ਦਿੱਤਾ ।

ਮੈਂ ਉਸ ਨੂੰ ਕਿਹਾ, ਮੇਰੀ ਇੱਕ ਗੱਲ ਧਿਆਨ ਨਾਲ ਸੁਣ, ਤੂੰ ਮੈਨੂੰ ਹੀ ਸਮਝ ਲੈ ਕਿ ਮੈਂ ਸੁਖੇ ਨਾਲ ਨਹੀਂ, ਬਿੰਦੇ ਨਾਲ ਚੱਲੀ ਆਂ, ਜਦੋਂ ਤੈਨੂੰ ਇਹੇ ਪਿਆਰ ਕਰੇ, ਉਦੋਂ ਤੂੰ ਆਪਣੀਆਂ ਅੱਖਾਂ ਬੰਦ ਕਰਕੇ ਮੈਨੂੰ ਹੀ ਸਮਝ ਲੈਣਾ ਕਿ ਮੈਂ ਬਿੰਦੇ ਨਾਲ ਈਅ...।

ਉਸ ਨੇ ਊਂ ਕਹਿਕੇ ਆਪਣਾ ਸਿਰ ਹਿਲਾਇਆ, ਮੈਂ ਸਬਰ ਦਾ ਘੁੱ...ਟ, ਉਹ ਅਜੇ ਇਹ ਬੋਲਣ ਹੀ ਲੱਗੀ ਸੀ ਕਿ ਸੁਖਾ ਰੁਮਾਲ ਨਾਲ ਹੱਥ ਪੂੰਝਦਾ ਹੋਇਆ ਅੰਦਰ ਆ ਵੜਿਆ, ਇਸ ਵਾਰ ਉਹ ਮੇਰੇ ਸੱਜੇ ਹੱਥ ਨਹੀਂ ਸੀ ਬੈਠਿਆ, ਬਲਕਿ ਹਰਜੀਤ ਕੰਨੀਂ ਬੈਠਿਆ, ਦੇਖ ਕੇ ਮੈਨੂੰ ਖੁਸ਼ੀ ਹੋਈ, ਕਿਉਂਕਿ ਹਰਜੀਤ ਦੇ ਚਿਹਰੇ ਤੋਂ ਹੁਣ ਗੁੱਸੇ ਦੀ ਪਰਤ ਗਾਇਬ ਹੋ ਚੁੱਕੀ ਸੀ, ਸੱਸ ਚਾਰ ਗਲਾਸਾਂ 'ਚ ਚਾਹ ਪਾ ਕੇ ਅੰਦਰ ਦਾਖਲ ਹੋਈ, ਅਸੀਂ ਚਾਰੋਂ ਜਣੇ ਚੁਪ ਚਾਪ ਚਾਹ ਪੀਣ ਲੱਗੇ...।

ਫਿਰ ਵਿੱਚੋਂ ਹੀ ਸੱਸ ਬੋਲ ਪਈ, ਪੁੱਤ ਕਬੀਲਦਾਰੀਆਂ ਸੌਖੀਆਂ ਨਹੀਂ ਹੁੰਦੀਆਂ ਨਿਭਾਉਣੀਆਂ, ਸਾਨੂੰ ਪੁੱਛ ਕੇ ਦੇਖੋ, ਇਹੇ ਤਿੰਨ ਜਣੀਆਂ ਅਸੀਂ ਕਿਵੇਂ ਤੋਰੀਆਂ ਨੇ, ਜੇ ਐਈ ਮੁੜ ਕੇ ਘਰੇ ਆ ਬੈਠਣ, ਸਾਡਾ ਕੋਈ ਹੱਜ ਐ ਫਿਰ ਜਿਉਣ ਦਾ...? ਥੋਨੂੰ ਤਾਂ ਅਜੇ ਰੱਬ ਨੇ ਕਬੀਲਦਾਰੀ ਦਿੱਤੀ ਹੀ



**ਪੰਜਾਬੀ ਕਵਿਤਾ ਦੇ ਹੋਣਹਾਰ ਕਵੀ ਅਤੇ ਚਿਤਰਕਾਰ ਸਵਰਨਜੀਤ ਸਵੀ ਨੂੰ ਉਨ੍ਹਾਂ ਦੀ ਕਿਤਾਬ 'ਮਨ ਦੀ ਚਿਪ' ਦੇ ਲਈ ਇਸ ਵਰ੍ਹੇ ਦਾ ਸਾਹਿਤ ਅਕਾਦਮੀ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ। ਅਦਾਰਾ 'ਪ੍ਰਤਿਮਾਨ' ਵੱਲੋਂ ਸਵਰਨਜੀਤ ਸਵੀ ਅਤੇ ਸਾਹਿਤ ਅਕਾਦਮੀ ਨੂੰ ਬਹੁਤ ਬਹੁਤ ਮੁਬਾਰਕਾਂ।**

ਨਹੀਂ, ਤੁਸੀਂ ਹੁਣੇ ਹੀ ਆਪਣੇ ਤਾਣੇ ਪੇਟੇ ਉਲਝਾਈ ਫਿਰਦੇ ਹੋ, ਕੁਸ ਸਿਆਣੇ ਬਣੋ, ਸਿਆਣੇ, ਅਕਲ ਨੂੰ ਹੱਥ ਮਾਰੋ, ਇਉਂ ਕਹਿੰਦੀ ਹੋਈ ਨੇ, ਚਾਹ ਵਾਲਾ ਗਰਮ ਗਲਾਸ, ਖੱਬੇ ਹੱਥ ਤੋਂ ਸੱਜੇ ਵਿੱਚ ਫੜਿਆ, ਜਿਵੇਂ ਸਭ ਕਾਸੇ ਦਾ ਪਾਸਾ ਪਲਟ ਗਿਆ ਹੋਵੇ।

ਹਰਜੀਤ ਬੋਲੀ, ਠੀਕ ਐ ਬੇਬੇ, ਮੈਂ ਚਲੀ ਜਾਊਂਗੀ, ਪਰ ਮੇਰੀ ਇੱਕ ਗੱਲ ਸਮਝ ਲਵੇ, ਜੇ ਇਹਨੇ ਮੇਰੇ ਲਈ ਟਾਇਮ ਨਾ ਨਾ ਕੱਢਿਆ ਤਾਂ ਇਹ ਮੇਰਾ ਆਖਰੀ ਗੇੜਾ ਹੋਊ, ਬੁੱਧਵਾਰ ਲੈਣ ਆ ਜਾਵੇ ਮੈਨੂੰ, ਮੈਂ ਚਲੀ ਚੱਲੂੰ।

ਚਾਹ ਖਤਮ ਹੋ ਚੁੱਕੀ ਸੀ, ਇਹ ਬੋਲ ਸੁਣ ਦੇ ਹੀ ਸਾਡੇ ਮਨਾਂ ਨੂੰ ਰਾਹਤ ਮਿਲੀ, ਸੁਖੇ ਨੇ ਇੱਕ ਲੰਬਾ ਤੇ ਡੂੰਘਾ ਜਿਹਾ ਸਾਹ ਲਿਆ 'ਤੇ ਅਸੀਂ ਉਠ ਕੇ ਖੜ੍ਹੇ ਹੋ ਗਏ, ਅੰਦਰੋਂ ਤੁਰਨ ਵੇਲੇ ਮੈਂ ਕਿਹਾ, ਸੁਖਿਆ ਭਰਜਾਈ ਦਾ 'ਗਾਂਹਾਂ ਨੂੰ ਖਿਆਲ ਰੱਖੀ ਉਏ, 'ਤੇ ਬੁੱਧਵਾਰ ਨੂੰ ਆ ਕੇ ਲੈ ਵੀ ਜਾਈਂ।

ਉਸ ਨੇ ਮੇਰਾ ਹੱਥ ਘੁੱਟ ਲਿਆ, ਵੀਰ ਕਿਵੇਂ ਧੰਨਵਾਦ ਕਰਾਂ ? ਉਸ ਨੂੰ ਚਾਅ ਚੜ੍ਹਿਆ ਪਿਆ ਸੀ।

ਅਸੀਂ ਉਨ੍ਹਾਂ ਦੇ ਘਰ ਦੀ ਬਾਹਰਲੀ ਦੇਹਲ਼ੀ 'ਤੇ ਆ ਖੜ੍ਹੇ, ਮੈਨੂੰ ਮਹਿਸੂਸ ਹੋਇਆ, ਮੇਰੇ ਸਿਰ ਤੇ ਪੱਗ ਹੁੰਦੇ ਸੁੰਦੇ ਵੀ ਜਿਵੇਂ ਸੁਖੇ ਦੇ ਸਹੁਰੇ ਘਰ, ਕਾਨ੍ਹਸ ਤੇ ਪਈ ਫੋਟੋ ਦੀ ਫਰੇਮ ਵਿੱਚ ਜੜ੍ਹੀ ਗਈ ਹੋਵੇ, ਅਸੀਂ ਤੁਰ ਪਏ ਸਾਂ, ਰਸਤੇ 'ਚ ਆਉਂਦੇ ਹੋਏ ਮੈਂ ਸੁਖੇ ਨੂੰ ਸਮਝਾ ਰਿਹਾ ਸੀ ਕਿ ਜੇ ਪਿਆਰ ਕਰਦੇ ਵੇਲੇ, ਸਾਹਮਣੇ ਤੋਂ ਤੀਵੀਂ ਅੱਖਾਂ ਬੰਦ ਕਰਕੇ ਪਿਆਰ ਕਰੇ ਤਾਂ ਸਮਝੋ ਘਰ ਵਸ ਗਿਆ... ਮੈਂ ਭਰਜਾਈ ਨੂੰ ਦੱਸਿਆ ਹੋਇਆ ਆਪਣਾ ''ਨਿੱਜੀ ਨੁਕਤਾ'', ਸੁਖੇ ਨਾਲ ਇਸ ਲਈ ਸਾਂਝਾ ਕਰ ਰਿਹਾ ਸਾਂ... ਤਾਂ ਕਿ ਹਰਜੀਤ ਨੂੰ ਕਹੀ ਗੱਲ, ਸੁਖੇ ਦੇ ਕੰਨਾਂ ਵਿੱਚੀਂ ਵੀ ਨਿਕਲ ਜਾਵੇ, ਮੈਨੂੰ ਯਕੀਨ ਸੀ ਕਿ ਉਹ ਮੇਰੀ ਗੱਲ ਮੰਨ ਕੇ ਹੀ ਆਉਣ ਲਈ ਰਾਜੀ ਹੋਈ ਐ, ਉਹ ਹਾਂ... ਹੂ... ਕਰਦਾ ਸਕੂਟਰ ਭਜਾ ਰਿਹਾ ਸੀ ।

ਮੈਂ ਅਜੇ ਇਨ੍ਹਾਂ ਹੀ ਸੋਚਾਂ 'ਚ ਉਲਝਿਆ ਬੈਠਾ ਸਾਂ ਕਿ ਮੈਨੂੰ ਬੀਬੀ ਦੀ ਆਵਾਜ਼ ਨੇ ਆਪਣੇ ਵਜੂਦ 'ਚ ਵਾਪਸ ਮੋੜਿਆ, ਬਿੰਦਿਆ, ਰੋਟੀ ਬਣੀ ਪਈ ਐ ਪੁੱਤ, ਆ ਕੇ ਖਾ ਲੈ, ਮੈਂ ਮੰਜੀ ਤੋਂ ਉਠ ਕੇ ਨਲ਼ਕੇ ਤੇ ਆਪਣੀਆਂ ਲੱਤਾਂ ਬਾਹਾਂ ਧੋਤੀਆਂ ਤੇ ਘਰ ਨੂੰ ਜਾਂਦਾ ਹੋਇਆ ਹਰਜੀਤ ਬਾਰੇ ਸੋਚਣ ਲੱਗਿਆ, ਜੇ ਤੀਵੀਂ ਨੇ ਘਰ ਵਸਾਉਣਾ ਹੀ ਹੋਵੇ ਤਾਂ ਇਹੋ ਜਿਹਾ ਬੰਦਾ ''ਨਕਾਰਨ'' ਲਈ ਔਰਤ ਕੋਲ਼ੇ, ਭਲਾ ਹੋਰ ਕਿਹੜਾ ਹਥਿਆਰ ਹੁੰਦੈ ?

**93162-88955**

## ਪੱਥਰ / ਮੀਨਾਕਸ਼ੀ ਸ਼ਰਮਾ




ਮੇਰੀਏ ਧੀਏ
ਤੈਨੂੰ ਮੈਂ ਕੀ ਦੇ ਸਕਦੀ ਹਾਂ
ਕੋਈ ਉੱਚੀ ਵਿਰਾਸਤ
ਨਹੀਂ ਮੇਰੇ ਪੱਲੇ
ਪੱਲੇ ਵਿਚ ਮੇਰੇ ਹੈ ਬਸ
ਹਾਉਕਿਆਂ, ਸਮਝੌਤਿਆਂ, ਤੇ
ਸਿਸਕੀਆਂ ਦੀ ਸੁਆਹ
ਤੈਨੂੰ ਬਸ ਦੇਣੀ ਹੈ
ਮੈਂ ਇਹ ਦੁਆ
ਤੂੰ ਜੁਗ ਜੁਗ ਜੀ ਮੇਰੀਏ ਧੀਏ

ਤੂੰ ਮਮਤਾ ਦੀ ਲੋਅ ਨਾਲ
ਰੁਸ਼ਨਾਈਂ ਇਹ ਸੰਸਾਰ
ਪਰ ਸਾੜ ਦੇਈ ਉਹ ਮੈਲੀ ਅੱਖ ਜੋ
ਤੱਕੇ ਤੇਰੇ ਵੱਲ ਬਣ ਬਿਜਲੀ ਦੀ ਲਾਟ
ਤੂੰ ਬਣੀ ਪਿਆਰ ਦਾ
ਅਥਾਹ ਸਮੁੰਦਰ
ਪਰ ਦਿਲ ਨਾ ਛੱਡੀਂ ਜੇ
ਚੱਲੇ ਕੋਈ ਤੂਫ਼ਾਨ
ਬਾਹਰ ਜਾਂ ਅੰਦਰ
ਪੂਰੀ ਨਿੱਤਰੇ ਤੂੰ
ਹਰ ਇਕ ਸ਼ੈਅ ਅੰਦਰ

ਨਹੀਂ ਚਾਹੁੰਦੀ ਤੈਨੂੰ
ਸਰਵਗੁਣ ਸੰਪੰਨ ਬਣਾਉਣਾ
ਜਾਂ ਤੂੰ ਬਣ ਜਾਵੇ ਕੋਈ ਆਦਰਸ਼
ਨਹੀਂ ਚਾਹੁੰਦੀ ਸਮਾ ਜਾਵੇਂ ਤੂੰ
ਆਪਣੇ ਹੀ ਗੁਣਾਂ ਦੇ ਭਾਰ ਥੱਲੇ ਦੱਬਕੇ
ਬਣ ਰਹਿ ਜਾਵੇਂ ਕੋਈ ਸੀਤਾ
ਤੂੰ ਚਮਕੀਂ ਬਣ ਹੀਰਾ ਦੇਵੀਂ ਜਵਾਬ ਉਸਨੂੰ
ਜਿਸਨੇ ਤੈਨੂੰ ਕਹਿ ਦਿੱਤਾ ਸੀ ਪੱਥਰ।

## ਕਵਿਤਾਵਾਂ / ਡਾ. ਦਵਿੰਦਰ ਬਿਮਰਾ



### ਉਦਾਸੀ 1

ਇੱਕ ਪਾਸੇ
ਤੇਰੇ ਮਿਲਣ ਦੀ ਤਾਂਘ
ਅੱਖਾਂ 'ਚ
ਚਮਕ ਆਉਂਦੀ ਹੈ
ਇੱਕ ਪਾਸੇ ਉਦਾਸੀ
ਮਰ ਰਹੇ
ਲੋਕਾਂ ਦੀ ਖ਼ਬਰ
ਉਦਾਸ ਕਰਦੀ ਹੈ
ਜੰਗ ਦੀ ਖ਼ਬਰ ਤੋਂ
ਦਿਲ ਪਰੇਸ਼ਾਨ ਹੈ
ਘਰ ਢਹਿਣ ਦਾ ਦੁੱਖ
ਸਹਿਣਾ ਔਖਾ
ਕਿਸੇ ਦਾ ਵੀ ਹੋਵੇ
ਚਾਹੇ ਇਸ ਦੇਸ਼ ਦਾ
ਚਾਹੇ ਉਸ ਦੇਸ਼ ਦਾ
ਪਰਿਵਾਰ ਤਾਂ
ਉੱਜੜਦੇ ਹੀ ਹਨ
ਭੁੱਖ ਹੋਰ
ਵੱਡਾ ਮੂੰਹ ਅੱਡਕੇ
ਆਉਂਦੀ ਹੈ ਫਿਰ
ਤੇਰੀ ਤੰਦਰੁਸਤੀ ਦਾ
ਸੁਨੇਹਾ
ਸਕੂਨ ਤਾਂ ਦੇ ਰਿਹੈ
ਪਰ
ਹੋਰ ਖਬਰਾਂ ਸੁਣ
ਦਿਲ ਦਿਮਾਗ ਜਿਸਮ
ਅੰਦਰ ਤੱਕ
ਟੁੱਟਿਆ ਹੈ।

### ਉਦਾਸੀ 2

ਮੈਂ ਉਸ ਲਈ
ਬਹੁਤ ਕਵਿਤਾਵਾਂ
ਲਿਖੀਆਂ
ਲਿਖ ਲਿਖ
ਕਾਪੀਆਂ ਭਰ ਦਿੱਤੀਆਂ
ਉਸਨੂੰ
ਕਦੀ ਸੱਸੀ ਦਾ ਨਾਂ
ਦਿੱਤਾ
ਕਦੀ ਸਾਹਿਬਾ
ਲੈਲਾ
ਕਦੀ ਹੀਰ ਦਾ
ਗੁੰਦ ਗੁੰਦ ਕੇ
ਭਰਿਆ ਪਿਆਰ
ਹਰ ਅੱਖਰ ਵਿੱਚ
ਨਿੱਘ ਦਾ
ਰੰਗ ਭਰਿਆ
ਫੇਰ ਚਿੱਠੀਆਂ ਦੀ
ਲਾਈ ਝੜੀ
ਜਵਾਬ ਪੜ੍ਹਦੇ ਹੀ
ਫਿਰ ਅਗਲੀ
ਬਹੁਤ ਲਿਖੀਆਂ
ਫਿਰ ਆਉਣ
ਲੱਗੀਆਂ
ਵਾਪਸ
ਇਹ ਰਫ਼ਤਾਰ ਰੁਕੀ
ਤਾਂ ਕਵਿਤਾਵਾਂ
ਫਿਰ ਲਿਖੀਆਂ ਬਹੁਤ
ਉਦਾਸ
ਉਡੀਕ ਵਾਲ਼ੀਆਂ
ਲਿਖੀ ਜਾ ਰਿਹਾ ਹਾਂ
ਲਿਖੀ ਜਾ ਰਿਹਾ ਹਾਂ
ਵਿਛੋੜੇ ਦੀਆਂ
ਕਵਿਤਾਵਾਂ।

## ਉਦਾਸੀ / ਈਸ਼ਾ ਨਾਰੰਗ



ਉਦਾਸੀ, ਪਰਤ ਆਉਣ ਵਾਸਤੇ ਵੀ,
ਹੁਣ, ਜਾਂਦੀ ਨਹੀਂ
ਪੱਤਝੜ ਦੀ ਰੁੱਤ ਦੀ ਖੜੋਤ
ਮੇਰੀ ਪਰਿਕਰਮਾ ਦਾ
ਧੁਰਾ ਬਣ ਗਈ ਹੈ
ਮੇਰਾ ਸਫ਼ਰ,
ਇੱਕ ਖ਼ਲਾਅ ਤੋਂ
ਦੂਜੇ ਖ਼ਲਾਅ ਤੱਕ ਨਹੀਂ
ਮੈਨੂੰ ਦਿਸ ਪੈਂਦਾ ਹੈ
ਇੱਕ ਵਿਸ਼ਾਲ ਬ੍ਰਹਿਮੰਡ
ਜਿਸ ਵਿੱਚ,
ਇੱਕ ਲੰਬੇ ਅਰਸੇ ਤੋਂ, ਵਿਚਰਦੀ ਹੋਈ
ਮੈਂ ਦੇਖ ਰਹੀ ਹਾਂ
ਹਉਮੈ ਦੇ ਸੱਭ ਤੱਤਾਂ ਨੂੰ
ਸੁੰਨ ਦੀ ਬਲਦੀ ਅੱਗ ਵਿੱਚ
ਲੋਪ ਹੁੰਦੇ ਸ਼ਬਦਾਂ ਦੀ ਖੇਡ,
ਇੱਥੇ, ਮੁੱਕ ਜਾਂਦੀ ਹੈ
ਰਿਵਾਜ਼ਾਂ ਦੇ ਖੋਖਲੇ ਦਾਅਵਿਆਂ ਤੋਂ
ਪਰਦਾ ਉੱਠ ਜਾਂਦਾ ਹੈ –
ਮੇਰਾ ਭਾਰ ਹੌਲ਼ਾ ਹੋ ਜਾਂਦਾ ਹੈ
ਇਸ ਦੀ ਸਾਖੀ ਹੋ ਜਾਣ ਤੇ
ਸੱਭ ਰੁੱਤਾਂ, ਸੱਭ ਰੰਗ,
ਸਹਿਕਦੇ, ਆ ਘੁਲਦੇ ਹਨ
ਇੱਕਲ ਦਾ ਨਵਾਂ ਸੰਸਾਰ
ਸਿਰਜਣ ਲਈ
ਮੈਂ
ਇਸ ਪਰਿਕਰਮਾ ਦੇ ਦਾਇਰੇ ਵਿੱਚ
ਗੁਆਚ ਜਾਂਦੀ ਹਾਂ
... ਜਾਂ ਕਿ ਇਹ ਭਟਕਣ ਹੀ
ਮੇਰਾ ਅਸਲ ਸਰਨਾਵਾਂ ਹੈ!

**ਲਘੂ ਫ਼ਿਲਮ ਦਾ ਸੰਕਲਪ**

ਸਿਨੇਮਾ ਦੀ ਸ਼ੁਰੂਆਤ ਲਘੂ ਫ਼ਿਲਮ ਤੋਂ ਹੀ ਹੋਈ ਹੈ। ਲਘੂ ਫ਼ਿਲਮ ਸਿਨੇਮਾ ਲਈ ਅਤੇ ਸਿਨੇਮਾਕਾਰਾਂ ਲਈ ਮੁੱਢਲੀ ਪੌੜੀ ਦਾ ਕੰਮ ਕਰਦੀ ਹੈ ਪਰ ਉਪਰ ਚੜ੍ਹਨ ਤੋਂ ਬਾਅਦ ਕਲਾਕਾਰ ਮੁੜ ਜਦੋਂ ਇਸ ਪੌੜੀ ਬਾਰੇ ਧਿਆਨ ਧਰਦਾ ਹੈ ਤਾਂ ਫਿਰ ਉਸ ਨੂੰ ਇਸ ਦੀ ਗਹਿਰਾਈ ਸਮਝ ਲਗਦੀ ਹੈ। ਲਘੂ ਫ਼ਿਲਮ ਦਾ ਆਧਾਰ ਸੰਜਮਤਾ ਹੈ। ਇਹ ਦੋ ਪ੍ਰਕਾਰ ਦੀ ਹੁੰਦੀ ਹੈ। ਇੱਕ ਸੰਜਮਤਾ ਉਹ ਹੁੰਦੀ ਹੈ ਜਦੋਂ ਮਨੁੱਖ ਕੋਲ ਗਿਆਨ ਦੀ ਘਾਟ ਹੋਣ ਕਾਰਨ ਉਹ ਆਪਣੇ ਚੌਗਿਰਦੇ ਤੱਕ ਹੀ ਸੀਮਤ ਰਹਿੰਦਾ ਹੈ ਤੇ ਉਹ ਚਾਹ ਕੇ ਵੀ ਫੈਲ ਨੀ ਸਕਦਾ ਪਰ ਦੂਜੀ ਸੰਜਮਤਾ ਉਹ ਹੁੰਦੀ ਹੈ ਜਦੋਂ ਮਨੁੱਖ ਗਿਆਨ ਨਾਲ ਭਰਪੂਰ ਹੋ ਜਾਂਦਾ ਹੈ ਤੇ ਫਿਰ ਕਿਸੇ ਬਾਰੀਕ ਤੰਦ ਤੇ ਆਪਣਾ ਧਿਆਨ ਧਰ ਆਪਣੇ ਆਪ ਨੂੰ ਇਕੱਠਾ ਕਰਨਾ ਸ਼ੁਰੂ ਕਰਦਾ ਹੈ ਤੇ ਕੁੱਜੇ ਵਿੱਚ ਸਮੁੰਦਰ ਭਰਨ ਦੀ ਕੋਸ਼ਿਸ਼ ਕਰਦਾ ਹੈ। ਇਹਨਾਂ ਦੋਵੇਂ ਸੰਜਮਤਾਵਾਂ ਵਿੱਚ ਫ਼ਰਕ ਹੈ। ਪਹਿਲੀ ਫ਼ੈਲਣ ਤੋਂ ਪਹਿਲਾਂ ਦੀ ਸੰਜਮਤਾ ਹੈ ਤੇ ਇਸ ਵਿੱਚ ਫ਼ੈਲਣ ਦੀ ਚਾਹਤ ਹੁੰਦੀ ਹੈ ਤੇ ਦੂਜੀ ਫ਼ੈਲਣ ਤੋਂ ਬਾਅਦ ਦੀ ਸੰਜਮਤਾ ਹੈ ਤੇ ਇਸ ਵਿੱਚ ਸੁੰਗੜ ਕੇ ਇਕਾਗਰ ਹੋਣ ਦੀ ਚਾਹਤ ਹੁੰਦੀ ਹੈ। ਇਹਨਾਂ ਦੋਵਾਂ ਸਥਿਤੀਆਂ ਵਿੱਚੋਂ ਹੀ ਲਘੂ ਫ਼ਿਲਮ ਦਾ ਜਨਮ ਹੁੰਦਾ ਹੈ ਤੇ ਇਹ ਦੋਵੇਂ ਪ੍ਰਕਾਰ ਹੀ ਸਿਨੇਮਾ ਅਤੇ ਸਿਨੇਮਾਕਾਰਾਂ ਲਈ ਪੌੜੀ ਦਾ ਕੰਮ ਕਰਦੇ ਹਨ। ਪਹਿਲੀ ਕਿਸਮ ਦੀ ਲਘੂ ਫ਼ਿਲਮ ਉਸ ਪੌੜੀ ਦਾ ਕੰਮ ਕਰਦੀ ਹੈ ਜਿਸ ਨੇ ਉਪਰ ਚੜ੍ਹ ਕੇ ਸਿਨੇਮਾ ਦਾ ਫੈਲਾਅ ਦੇਖਣਾ ਹੁੰਦਾ ਹੈ। ਦੂਜੀ ਕਿਸਮ ਦੀ ਲਘੂ ਫ਼ਿਲਮ ਉਸ ਪੌੜੀ ਦਾ ਕੰਮ ਕਰਦੀ ਹੈ ਜਿਸ ਨੇ ਸਿਨੇਮਾ ਦੇ ਫੈਲਾਅ ਵਿੱਚੋਂ ਉਹਨਾਂ ਸੂਖਮ ਕਣਾਂ ਨੂੰ ਦੇਖਣਾ ਹੁੰਦਾ ਹੈ ਜੋ ਮਨੁੱਖ ਤੇ ਜ਼ਿੰਦਗੀ ਨੂੰ ਉਚਿਆ ਸਕਣ। ਇਸ ਲਈ ਲਘੂ ਫ਼ਿਲਮ ਵਿਸ਼ਾਲਤਾ ਤੋਂ ਸੰਜਮਤਾ ਵੱਲ ਆਉਣ ਦੀ ਸਟੀਕ ਉਦਾਹਰਨ ਹੈ। ਇਉਂ ਲਘੂ ਫ਼ਿਲਮ ਦੀ ਭੂਮਿਕਾ ਸਿਨੇਮਾ ਦੇ ਨਿਕਾਸ ਵਿੱਚ ਵੀ ਪਈ ਹੈ ਤੇ ਸਿਨੇਮਾ ਦੇ ਵਿਕਾਸ ਵਿੱਚ ਵੀ ਹੈ।

ਇਸ ਪ੍ਰਕਾਰ ਲਘੂ ਫ਼ਿਲਮ ਦੇ ਸੰਕਲਪ ਦੇ ਪੱਧਰ ਤੇ ਇਹ ਸਮਝਣਾ ਬਣਦਾ ਹੈ ਕਿ ਲਘੂ ਫ਼ਿਲਮ ਦੀ ਪਛਾਣ ਕੀ ਹੈ ਤੇ ਇਸ ਦੇ ਕਿਹੜੇ ਕਿਹੜੇ ਅਹਿਮ ਤੱਤ ਹਨ, ਜਿਹੜੇ ਰਲ਼ ਕੇ ਇਸ ਨੂੰ ਆਕਾਰ ਪ੍ਰਦਾਨ ਕਰਦੇ ਹਨ ਅਤੇ ਲਘੂ ਫ਼ਿਲਮ ਸਿਨੇਮਾ ਦੀਆਂ ਦੂਜੀਆਂ ਵਿਧਾਵਾਂ ਨਾਲੋਂ ਕਿਵੇਂ ਵੱਖਰੀ ਹੈ। ਇਸ ਪ੍ਰਕਾਰ ਅਸੀਂ ਸਿਨੇਮਾ ਦੀ ਇਸ ਖ਼ਾਸ ਵਿਧਾ ਲਘੂ ਫ਼ਿਲਮ ਦੀ ਸਿਰਜਣਾਤਮਕ ਪ੍ਰਕਿਰਿਆ ਨੂੰ ਸਮਝਣ ਲਈ ਇਸਦੇ ਸੰਕਲਪ ਨੂੰ ਜਾਣਦੇ ਪਛਾਣਦੇ ਹਾਂ ਕਿ ਲਘੂ ਫ਼ਿਲਮ ਦੇ ਸਿਧਾਂਤਕ ਤੱਤ ਕਿਹੜੇ ਕਿਹੜੇ ਹਨ ਜਿਹੜੇ ਇਸ ਦੇ ਸਰੂਪ ਦਾ ਨਿਰਮਾਣ ਕਰਦੇ ਹਨ।

**ਸੰਕਲਪ**

ਨਿਰੁਕਤੀ ਦੇ ਪੱਖ ਤੋਂ ਲਘੂ ਸ਼ਬਦ ਦੀ ਉਤਪੱਤੀ ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਲਘੁ' ਧਾਤੂ ਤੋਂ ਹੋਈ ਹੈ। ਇਸ ਦੇ ਅਰਥ ਹਲਕਾ, ਜੋ ਭਾਰੀ ਨਾ ਹੋਵੇ ਅਤੇ ਛੋਟਾ ਹਨ।[1] ਸੰਸਕ੍ਰਿਤ ਦੇ 'ਲਘੁ' ਸ਼ਬਦ ਤੋਂ ਭਾਵ 'ਕਿਸੀ ਸੇ ਤੁਲਨਾ ਮੇਂ ਛੋਟਾ, 'little, small' ਆਦਿ ਹਨ।'[2] ਇਸ ਪ੍ਰਕਾਰ ਹੀ ਪੰਜਾਬੀ ਸ਼ਬਦ ਲਘੂ ਦੇ ਅਰਥ ਛੋਟਾ, ਨਿੱਕਾ, ਮਾਮੂਲੀ ਆਦਿ ਹਨ।[3] ਮਹਾਨ ਕੋਸ਼ ਵਿੱਚ ਵੀ ਲਘੂ ਸ਼ਬਦ ਦੇ ਅਰਥ ਛੋਟਾ, ਹਲਕਾ, ਹੌਲਾ, ਸੁੰਦਰ, ਖ਼ੂਬਸੂਰਤ ਆਦਿ ਹਨ।[4] ਇਸੇ ਤਰ੍ਹਾਂ ਹੀ 'ਲਘੂ' ਸ਼ਬਦ ਨੂੰ ਅੰਗਰੇਜ਼ੀ ਵਿੱਚ Short ਕਹਿੰਦੇ ਹਨ। ਇੱਕ ਵਿਚਾਰ ਅਨੁਸਾਰ 'Short' ਸ਼ਬਦ ਦੀ ਉਤਪੱਤੀ ਪ੍ਰੋਟੋ ਜਰਮੈਨਿਕ ਭਾਸ਼ਾ ਦੇ ਸ਼ਬਦ Skurta ਦੇ Sker ਧਾਤੂ ਤੋਂ ਹੋਈ ਹੈ, ਜਿਸਦੇ ਅਰਥ ਹਨ 'to cut' ਭਾਵ ਕੱਟਣਾ ਜਾਂ ਛਾਂਟਣਾ ਜਾਂ ਕਾਟ ਛਾਂਟ ਕਰਕੇ ਛੋਟਾ ਕਰਨਾ ਆਦਿ ਹਨ।[5] ਪਰ ਇੱਕ ਦੂਜੇ ਵਿਚਾਰ ਅਨੁਸਾਰ Short ਸ਼ਬਦ ਜਰਮੈਨਿਕ ਭਾਸ਼ਾ ਤੋਂ ਹੁੰਦਾ ਹੋਇਆ ਪੁਰਾਤਨ ਅੰਗਰੇਜ਼ੀ ਭਾਸ਼ਾ ਦੇ ਸ਼ਬਦ Sceort ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਜੋ ਲੰਬਾ ਜਾਂ ਉੱਚਾ ਨਾ ਹੋਵੇ ਭਾਵ ਕਿ Not long, Not tall ਬਸ ਛੋਟਾ (Small) ਜਾਂ ਸੰਖੇਪ (Brief) ਵਿੱਚ ਹੋਵੇ।[6] ਇਸ ਪ੍ਰਕਾਰ ਹੀ ਸ਼ਬਦ ਕੋਸ਼ਾਂ ਵਿੱਚ Short ਸ਼ਬਦ ਦੇ ਅਰਥ ਨਿੱਕਾ, ਛੋਟਾ, ਸੰਖਿਪਤ, ਮਧਰਾ, ਥੋੜ੍ਹਾ, ਘੱਟ, ਨਿਗੁਣਾ, ਮਾਮੂਲੀ, ਨਾਕਾਫ਼ੀ, ਅਪੂਰਨ ਜਾਂ ਤਰੁਟੀਪੂਰਨ ਆਦਿ ਅੰਕਿਤ ਕੀਤੇ ਗਏ ਹਨ।[7] ਇਸ ਪ੍ਰਕਾਰ ਲਘੂ ਤੇ Short ਦੋਵੇਂ ਸ਼ਬਦਾਂ ਦੇ ਅਰਥ ਜਾਣ ਲੈਣ ਤੋਂ ਬਾਅਦ ਇਹ ਸਪਸ਼ਟ ਹੋ ਜਾਂਦਾ ਹੈ ਕਿ 'ਲਘੂ ਫ਼ਿਲਮ' ਦਾ ਅਰਥ ਹੈ 'ਛੋਟੀ ਜਾਂ ਸੰਖਿਪਤ ਫ਼ਿਲਮ ਰਚਨਾ' ਭਾਵ ਕਿ ਜੋ 'ਸਮੇਂ ਸੀਮਾ ਦੇ ਪੱਖ ਤੋਂ ਛੋਟੀ' ਹੋਵੇ ਤੇ 'ਸੰਖੇਪ ਤੇ ਸੰਜਮਤਾ' ਭਰਪੂਰ ਹੋਵੇ। ਇਸ ਪ੍ਰਕਾਰ ਲਘੂ ਫ਼ਿਲਮ ਹਲਕੇ ਤੇ ਨਿੱਕ ਆਕਾਰੇ ਪੱਧਰ ਦੀ ਵੀ ਹੋ ਸਕਦੀ ਹੈ ਤੇ ਸੰਖਿਪਤ ਤੇ ਗਹਿਰਾਈ ਵਾਲੀ ਵੀ ਹੋ ਸਕਦੀ ਹੈ ਅਤੇ ਇਹ ਕਥਾ-ਖਿਲਾਰੇ ਨੂੰ ਇਕੱਠਾ ਕਰਕੇ ਸ਼ਬਦਾਂ ਤੇ ਭਾਵਾਂ ਦਾ ਨਿਚੋੜ ਕੱਢ ਕੇ, ਅਰਥਾਂ ਨੂੰ ਵਿਸ਼ਾਲਤਮ ਬਣਾ ਦਿੰਦੀ ਹੈ। ਇਹੀ ਲਘੂ ਫ਼ਿਲਮ ਦੀ ਖਾਸੀਅਤ ਹੈ।

ਇਸ ਪ੍ਰਸੰਗ ਵਿੱਚ ਸਿਨੇਮਾ ਤੇ ਸਾਹਿਤ ਦੀ ਜੁਗਲਬੰਦੀ ਨੂੰ ਸਮਝਣ ਦੀ ਜ਼ਰੂਰਤ ਹੈ ਕਿਉਂਕਿ ਇਨ੍ਹਾਂ ਦੋਹਾਂ ਦਾ ਆਪਸ ਵਿੱਚ ਗੂੜ੍ਹਾ ਸਬੰਧ ਹੈ। ਸਿਨੇਮਾ ਦੀ ਲਘੂ ਫ਼ਿਲਮ ਦੇ ਵਾਂਗ ਹੀ ਸਾਹਿਤ ਦੀ ਲਘੂ ਕਥਾ, ਮਿੰਨੀ ਕਹਾਣੀ ਹੁੰਦੀ ਹੈ। ਇਸ ਲਈ 'ਲਘੂ ਫ਼ਿਲਮ' ਨੂੰ ਸਿਨੇਮਾ ਦੀਆਂ ਬਾਕੀ ਵਿਧਾਵਾਂ ਤੋਂ ਵੱਖ ਕਰਕੇ ਸਮਝਣ ਲਈ 'ਲਘੂ ਕਥਾ' ਜਾਂ 'ਮਿੰਨੀ ਕਹਾਣੀ' ਨੂੰ ਸਾਹਿਤ ਦੇ ਬਾਕੀ ਰੂਪਾਂ ਤੋਂ ਵੱਖ ਕਰਕੇ ਸਮਝਣ ਵਾਂਗ ਸਮਝਦੇ ਹਾਂ। ਇਸ ਸਬੰਧ ਵਿੱਚ ਜੇਕਰ ਦੇਖਿਆ ਜਾਵੇ ਤਾਂ

ਪੱਛਮੀ ਚਿੰਤਕ ਐਡਗਰ ਏਲਨ ਦੇ ਅਨੁਸਾਰ ਨਿੱਕੀ ਕਹਾਣੀ ਉਹ ਗੱਦ ਕਥਾ ਹੈ ਜਿਸ ਦੇ ਪੜ੍ਹਨ ਵਿੱਚ ਅੱਧੇ ਘੰਟੇ ਤੋਂ ਲੈ ਕੇ ਇੱਕ ਜਾਂ ਦੋ ਘੰਟਿਆਂ ਦਾ ਸਮਾਂ ਲਗਦਾ ਹੈ।[8] ਇਸੇ ਤਰ੍ਹਾਂ ਹੀ ਐਚ.ਜੀ ਵੈਲਨ ਦਾ ਮਤ ਹੈ ਕਿ ਨਿੱਕੀ ਕਹਾਣੀ ਇੱਕ ਅਜਿਹੀ ਨਿੱਕੀ ਕਥਾ ਹੈ ਜਿਸ ਨੂੰ ਵੀਹ ਕੁ ਮਿੰਟਾਂ ਵਿੱਚ ਪੜ੍ਹਿਆ ਜਾ ਸਕੇ ਅਤੇ ਜੋ ਪਾਠਕਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹਲੂਣਾ ਦੇਵੇ।[9] ਵਿਸ਼ਵ ਪ੍ਰਸਿੱਧ ਕਹਾਣੀਕਾਰ ਮੋਪਾਸਾਂ ਦੇ ਅਨੁਸਾਰ ਨਿੱਕੀ ਕਹਾਣੀ ਦਾ ਇੱਕ ਨਿਸ਼ਚਿਤ ਆਰੰਭ, ਮੱਧ ਅਤੇ ਅੰਤ ਹੋਣਾ ਚਾਹੀਦਾ ਹੈ।[10] ਇਸੇ ਕੜੀ ਵਿੱਚ ਪੱਛਮੀ ਚਿੰਤਕਾਂ ਦੇ ਵਿਚਾਰਾਂ ਤੋਂ ਬਾਅਦ ਜੇਕਰ ਪੰਜਾਬੀ ਦੇ ਕੁੱਝ ਵਿਦਵਾਨਾਂ ਦੀ ਨਜ਼ਰ ਵਿੱਚ ਨਿੱਕੀ ਕਹਾਣੀ ਦੇਖੀਏ ਤਾਂ ਸੰਤ ਸਿੰਘ ਸੇਖੋਂ ਦੇ ਅਨੁਸਾਰ ਨਿੱਕੀ ਕਹਾਣੀ ਵਿੱਚ ਇੱਕ ਤਿੱਖੀ ਚੁੰਝ ਹੋਣੀ ਚਾਹੀਦੀ ਹੈ, ਇੱਕ ਸੰਗੀਨ ਦੀ ਚੁੰਝ ਵਰਗੀ, ਇੱਕ ਤੀਰ ਦੀ ਚੁੰਝ ਵਰਗੀ, ਜੋ ਸਿੱਧੀ ਸੁਣਨ ਪੜ੍ਹਨ ਵਾਲਿਆਂ ਦੇ ਦਿਲ ਵਿੱਚ ਖੁਭ ਜਾਵੇ।'[11] ਇਸੇ ਕੜੀ ਵਿੱਚ ਦਲੀਪ ਕੌਰ ਟਿਵਾਣਾ ਨਿੱਕੀ ਕਹਾਣੀ ਦਾ ਸਬੰਧ ਸਾਧਾਰਣ ਮਨੁੱਖ ਨਾਲ ਜੋੜਦੇ ਹੋਇਆਂ ਲਿਖਦੇ ਹਨ ਕਿ 'ਅੱਜ ਦੀ ਕਹਾਣੀ ਮਨੁੱਖ ਨੂੰ ਹੈਰਾਨ ਕਰਨ ਲਈ, ਉਸ ਦੀ ਉਤਸੁਕਤਾ ਜਗਾਉਣ ਲਈ, ਅਸਾਧਾਰਣ ਪਾਤਰ, ਅਸਾਧਾਰਣ ਘਟਨਾਵਾਂ ਲੱਭ ਲੱਭ ਕੇ ਨਹੀਂ ਲਿਆਉਂਦੀ ਸਗੋਂ ਉਹ ਸਧਾਰਨ ਮਨੁੱਖ ਦੀ ਸਧਾਰਨ ਜ਼ਿੰਦਗੀ ਦੀ ਹੀ ਗੱਲ ਕਰਦੀ ਹੈ।'[12] ਇਹਨਾਂ ਪਰਿਭਾਸ਼ਾਵਾਂ ਦੀ ਲੋਅ ਵਿੱਚ ਵਿਭਿੰਨ ਵਿਚਾਰਾਂ ਨੂੰ ਇਕੱਠਾ ਕਰਕੇ ਨਿੱਕੀ ਕਹਾਣੀ ਦੀ ਪਰਿਭਾਸ਼ਾਗਤ ਪਰਿਪੇਖ ਉਸਾਰਦਿਆਂ ਡਾ ਸ਼ਵਿੰਦਰ ਸਿੰਘ ਉਪਲ ਦੀ ਧਾਰਨਾ ਹੈ ਕਿ ਕਲਾਤਮਕ ਨਿੱਕੀ ਕਹਾਣੀ ਗਲਪ ਦਾ ਉਹ ਨਵੀਨ ਰੂਪ ਹੈ ਜੋ ਕਲਾਤਮਕ ਗੋਂਦ ਰਾਹੀਂ ਕਿਸੇ ਇੱਕ ਮੁਖੀ ਘਟਨਾ ਜਾਂ ਇੱਕ ਮੁਖੀ ਪਾਤਰ ਦਾ ਮਿੰਨੀ ਕਹਾਣੀ ਦੀ ਤਰਜ਼ ਤੇ ਨਾਟਕੀ ਬਿਆਨ ਸੰਜਮਤਾ ਨਾਲ ਇਸ ਤਰ੍ਹਾਂ ਕਰਦੀ ਹੈ ਕਿ ਉਸ ਦਾ ਪ੍ਰਭਾਵ ਸੰਪੂਰਨ ਤੇ ਇਕਹਿਰਾ ਹੋ ਨਿਬੜਦਾ ਹੈ।[13] ਇਸ ਪ੍ਰਕਾਰ ਨਿੱਕੀ ਕਹਾਣੀ ਮਨੁੱਖ ਦੀ ਪਲਾਂ ਛਿਣਾਂ ਵਿੱਚ ਵਟ ਰਹੀ ਜ਼ਿੰਦਗੀ ਦੀ ਸੰਵੇਦਨਾ ਨੂੰ ਸੰਵੇਦਨਸ਼ੀਲ ਢੰਗ ਨਾਲ ਜਾਂ ਕਹਿ ਲਓ ਕਲਾਤਮਕ ਤੇ ਚਮਤਕਾਰੀ ਪੇਸ਼ਕਾਰੀ ਦਾ ਨਮੂਨਾ ਹੈ। ਇਸ ਕਾਰਜ ਲਈ ਅਸੀਂ ਹੇਠ ਲਿਖੇ ਕੁੱਝ ਪੜਾਵਾਂ ਨੂੰ ਕ੍ਰਮਵਾਰ ਸਮਝਦੇ ਹਾਂ ਤੇ ਇਹਨਾਂ ਦੇ ਜ਼ਰੀਏ ਲਘੂ ਫ਼ਿਲਮ ਦੀ ਨਿਵੇਕਲੀ ਪਛਾਣ ਨੂੰ ਸਮਝਣ ਦਾ ਯਤਨ ਕਰਦੇ ਹਾਂ।

**1. ਸਮਾਂ-ਸੀਮਾ (Running time)–** ਸਿਨੇਮਾ ਦੀ ਵਿਧਾ ਵਿੱਚ ਸਮਾਂ-ਸੀਮਾ ਭਾਵ Running Time ਦੀ ਬਹੁਤ ਮਹੱਤਤਾ ਹੈ। Running Time ਤੋਂ ਭਾਵ ਚਲੰਤ ਸਮਾਂ ਹੈ। ਇਸ ਪ੍ਰਕਾਰ ਹੀ ਜੇਕਰ 'ਲਘੂ ਫ਼ਿਲਮ' ਨੂੰ ਦੇਖੀਏ ਤਾਂ ਬਹੁਤ ਸਾਰੇ ਸਿਨੇਮਾ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਲਘੂ ਫ਼ਿਲਮ ਦੀ ਪਹਿਚਾਣ ਅਤੇ ਨਿਰਧਾਰਨ ਵਿੱਚ ਸਮਾਂ-ਸੀਮਾ ਦਾ ਬਹੁਤ ਵੱਡਾ ਯੋਗਦਾਨ ਹੈ। ਇਸੇ ਲਈ ਵੱਖ-ਵੱਖ ਸਿਨੇਮਾ ਸੰਸਥਾਵਾਂ' ਅਤੇ 'ਫ਼ਿਲਮ ਫੈਸਟੀਵਲਾਂ' ਵਿੱਚ ਵੀ ਲਘੂ ਫ਼ਿਲਮ ਨੂੰ ਸਮਝਣ, ਸਮਝਾਉਣ ਤੇ ਸਵੀਕਾਰਨ ਹਿਤ ਫ਼ਿਲਮ ਦੇ ਨਿਰਧਾਰਤ ਸਮੇਂ ਜਾਂ ਸਮਾਂ-ਸੀਮਾ ਨੂੰ ਖ਼ਾਸ ਤੌਰ ਤੇ ਅਹਿਮੀਅਤ ਦਿੱਤੀ ਜਾਂਦੀ ਹੈ। ਜਿਵੇਂ ਕਿ ਔਸਕਰ ਫ਼ਿਲਮ ਫੈਸਟੀਵਲ (Oscar Film Festival) ਦੀ ਲਘੂ ਫ਼ਿਲਮ (Short Film) ਬਾਰੇ ਜੋ ਪਰਿਭਾਸ਼ਾ ਹੈ ਉਸ ਅਨੁਸਾਰ 'ਸਿਨੇਮਾ ਦੀ ਕਿਸੇ ਵੀ ਯਾਨਰ ਦੀ ਫ਼ਿਲਮ ਜਿਸਦਾ ਕਿ ਚਲੰਤ ਸਮਾਂ (Running time) 40 ਮਿੰਟ ਜਾਂ ਇਸ ਤੋਂ ਘੱਟ ਦਾ ਹੋਵੇ, ਉਸ ਨੂੰ ਇੱਕ ਲਘੂ ਫ਼ਿਲਮ ਵਜੋਂ ਸ਼ਾਮਲ ਕੀਤਾ ਜਾਂਦਾ ਹੈ।'[14] ਇਸ ਤੋਂ ਇਲਾਵਾ ਅਕੈਡਮੀ ਆਫ ਮੋਸ਼ਨ ਪਿਕਚਰ ਆਰਟ ਐਂਡ ਸਾਇੰਸ (Academy of Motion Picture Art and Science) ਨਾਂ ਦੀ ਸਿਨੇਮਾ ਸੰਸਥਾ ਵੀ ਉਸ ਫ਼ਿਲਮ ਨੂੰ 'ਲਘੂ ਫ਼ਿਲਮ' ਵਜੋਂ ਸਵੀਕਾਰ ਕਰਦੀ ਹੈ ਜਿਸ ਦਾ ਚਲੰਤ ਸਮਾਂ (Running time) ਸਭ ਕੁਝ ਮਿਲਾ ਕੇ 40 ਮਿੰਟ ਤੋਂ ਘੱਟ ਦਾ ਹੋਵੇ। ਇਹ ਸੰਸਥਾ 40 ਮਿੰਟ ਤੋਂ ਵੱਧ ਦੀ ਫ਼ਿਲਮ ਨੂੰ ਫੀਚਰ ਫ਼ਿਲਮ' ਦੀ ਸ਼੍ਰੇਣੀ ਵਿਚ ਮੰਨਦੇ ਹਨ।[15] ਇਸੇ ਤਰ੍ਹਾਂ ਹੀ ਇੰਟਰਨੈਸ਼ਨਲ ਪੱਧਰ ਦੇ ਫ਼ਿਲਮ ਫੈਸਟੀਵਲ 'ਕਾਨਜ਼ ਫ਼ਿਲਮ ਫੈਸਟੀਵਲ' (Cannes Film Festival) ਲਈ ਲਘੂ ਫ਼ਿਲਮ ਦੀ ਐਂਟਰੀ ਲਈ ਜੋ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ, ਉਹਨਾਂ ਅਨੁਸਾਰ 15 ਮਿੰਟ ਤੋਂ ਘੱਟ ਦੀ ਸਮੇਂ ਸੀਮਾ ਵਾਲੀ ਫ਼ਿਲਮ ਨੂੰ ਹੀ ਸ਼ਾਮਿਲ ਕੀਤਾ ਜਾਂਦਾ ਹੈ। ਪਰ ਕੁੱਝ ਖ਼ਾਸ ਹਾਲਤਾਂ ਵਿੱਚ 'ਕਾਨਜ਼ ਫ਼ਿਲਮ ਫੈਸਟੀਵਲ' ਦੀ ਸਪੈਸ਼ਲ ਜਿਊਰੀ ਟੀਮ 1 ਮਿੰਟ ਤੋਂ 35 ਮਿੰਟ ਦੀ ਫ਼ਿਲਮ ਨੂੰ ਲਘੂ ਫ਼ਿਲਮ ਕਾਰਨਰ ਵਿੱਚ ਸ਼ਾਮਲ ਕਰਨ ਲਈ ਵੀ ਵਿਚਾਰ ਕਰ ਲੈਂਦੀ ਹੈ।'[16] ਇਸ ਤੋਂ ਇਲਾਵਾ ਓਬਰਹੌਸਨ ਇੰਟਰਨੈਸ਼ਨਲ ਲਘੂ ਫਿਲਮ ਫੈਸਟੀਵਲ (Oberhausen International Short Film Festival) ਦੇ ਸਿਧਾਂਤਕ ਪਰਿਪੇਖ ਅਨੁਸਾਰ '1 ਮਿੰਟ ਤੋਂ ਲੈ ਕੇ 35 ਮਿੰਟ ਤੱਕ ਦੀ ਫ਼ਿਲਮ ਨੂੰ ਲਘੂ ਫ਼ਿਲਮ ਵਜੋਂ ਸ਼ਾਮਲ ਕੀਤਾ ਜਾਂਦਾ ਹੈ।'[17] ਇਸ ਪ੍ਰਕਾਰ ਸਭ ਸਿਨੇਮਾ ਸੰਸਥਾਵਾਂ, ਫ਼ਿਲਮ ਫੈਸਟੀਵਲ ਕਮੇਟੀਆਂ 'ਤੇ ਸਿਨੇਮਾ ਵਿਸ਼ੇਸ਼ਗਾਂ ਆਦਿ ਸਭ ਵੱਲੋਂ ਲਘੂ ਫ਼ਿਲਮ ਨੂੰ ਪ੍ਰਭਾਸ਼ਤਿ ਕਰਨ ਅਤੇ ਫੀਚਰ ਫ਼ਿਲਮ ਤੋਂ ਵੱਖ ਕਰਨ ਲਈ ਫ਼ਿਲਮ ਦੇ ਚਲੰਤ ਸਮੇਂ ਜਾਂ ਸਮੇਂ ਸੀਮਾ ਨੂੰ ਬਹੁਤ ਅਹਿਮ ਮੰਨਿਆ ਹੈ। ਇਹ ਸਮਾਂ-ਸੀਮਾ ਅਲਗ-ਅਲਗ ਦੇਸ਼ਾਂ ਵਿਚ ਅਲਗ-ਅਲਗ ਹੈ।

**2. ਫ਼ਿਲਮ ਗੇਜ਼** (Film Gauge)- ਸਿਨੇਮਾ ਦੀ ਤਕਨੀਕੀ ਭਾਸ਼ਾ ਵਿੱਚ 'ਫ਼ਿਲਮ ਗੇਜ਼' ਤੋਂ ਭਾਵ ਫ਼ਿਲਮ ਦੀ ਭੌਤਿਕ ਜਾਂ ਸਰੀਰਕ ਰੂਪ ਰੇਖਾ (Physical Property) ਹੈ। ਸਿਨੇਮਾ ਦੀ ਵਿਧਾ ਵਿੱਚ ਇਸ ਨੂੰ ਫ਼ਿਲਮ ਫੌਰਮੇਟ (Film Format) ਜਾਂ ਫ਼ਿਲਮ ਕੈਲਕੁਲੇਟਰ (Film Calculater) ਦੇ ਜ਼ਰੀਏ ਵੀ ਸਮਝਿਆ ਜਾਂਦਾ ਹੈ। ਇਸ ਵਿੱਚ ਦੇਖਿਆ ਜਾਂਦਾ ਹੈ ਕਿ ਫ਼ਿਲਮ ਦੇ ਨੈਗੇਟਿਵ ਰੋਲ ਦੀ ਚੌੜਾਈ ਕਿੰਨੀ ਭਾਵ ਕਿ

ਫ਼ਿਲਮ ਗੇਜ਼ ਕਿੰਨੇ ਐਮ ਐਮ ਦਾ ਹੈ। ਇਸੇ ਤਰ੍ਹਾਂ ਹੀ ਫ਼ਿਲਮ ਕਿੰਨੀ ਲੰਬੀ ਹੈ ਭਾਵ ਕਿ 200 ਫੁੱਟ ਆਦਿ ਕਿੰਨੀ ਲੰਬਾਈ ਦੀ ਹੈ। ਇਸ ਸਾਰੀ ਗਿਣਤੀ ਮਿਣਤੀ ਨੂੰ ਫ਼ਿਲਮ ਗੇਜ਼, ਫ਼ਿਲਮ ਫੌਰਮੇਟ ਜਾਂ ਫ਼ਿਲਮ ਕੈਲਕੁਲੇਟਰ ਦੇ ਜ਼ਰੀਏ ਸਮਝਿਆ ਜਾਂਦਾ ਹੈ। 'ਅਜੋਕੇ ਦੌਰ ਵਿੱਚ ਆਮ ਤੌਰ 'ਤੇ ਚਾਰ ਕਿਸਮ ਦੇ ਫ਼ਿਲਮ ਗੇਜ਼ ਜ਼ਿਆਦਾ ਵਰਤੋਂ ਵਿੱਚ ਆ ਰਹੇ ਹਨ। ਇਹਨਾਂ ਵਿੱਚ ਸੁਪਰ 8mm, ਸੁਪਰ 16mm, 35mm ਅਤੇ 65mm ਆਦਿ ਦੀ ਵਰਤੋਂ ਹੋ ਰਹੀ ਹੈ। ਇਹਨਾਂ ਵਿੱਚੋਂ ਸੁਪਰ 8mm ਦੀ ਵਰਤੋਂ ਫ਼ਿਲਮ ਨੈਗੇਟਿਵ (Negative) ਅਤੇ ਪ੍ਰਤਾਵੀਆਂ ਜਾਂ ਉਲਟਾਵੀਆਂ (Reverse) ਫ਼ਿਲਮਾਂ ਵਿੱਚ ਵਧੇਰੇ ਹੁੰਦੀ ਹੈ। ਇਸੇ ਤਰ੍ਹਾਂ ਹੀ 16mm ਫ਼ਿਲਮ ਗੇਜ਼ ਦੀ ਵਰਤੋਂ ਉੱਚੀ ਸਪੀਡ (High speed) ਕੈਮਰਿਆਂ ਵਿੱਚ ਕੀਤੀ ਜਾਂਦੀ ਹੈ। ਇਹ ਸਿੰਗਲ ਪ੍ਰਫੋਰੇਟਡ ਫੌਰਮੇਟ ਵਿੱਚ ਵਰਤਿਆ ਜਾਂਦਾ ਹੈ। ਪਰ ਸੁਪਰ 16mm ਫ਼ਿਲਮ ਗੇਜ਼ ਡਬਲ ਸਟੋਰੇਟਡ ਫ਼ਿਲਮ ਵਿੱਚ ਵਰਤਿਆ ਜਾਂਦਾ ਹੈ। ਇਹ ਆਮ ਤੌਰ ਤੇ ਘੱਟ ਬਜਟ ਵਾਲੀਆਂ ਫੀਚਰ ਫ਼ਿਲਮਾਂ ਵਿੱਚ ਜਾਂ ਦਰਮਿਆਨੀਆਂ ਫ਼ਿਲਮਾਂ ਵਿੱਚ ਵਰਤਿਆ ਜਾਂਦਾ ਹੈ। ਸੁਪਰ 16mm ਫ਼ਿਲਮ ਗੇਜ਼ ਪ੍ਰੋਫੈਸ਼ਨਲ ਫ਼ਿਲਮ ਮੇਕਰਜ਼ ਲਈ ਬਹੁਤ ਮਸ਼ਹੂਰ ਹੈ। ਇਸੇ ਤਰ੍ਹਾਂ ਹੀ 35mm ਫ਼ਿਲਮ ਗੇਜ਼ ਦੀ ਵਰਤੋਂ ਸਭ ਤੋਂ ਵੱਧ ਕੀਤੀ ਜਾਂਦੀ ਹੈ। ਇਹ ਵੱਡੇ ਪੱਧਰ ਤੇ ਟੈਲੀਵਿਜ਼ਨ ਪ੍ਰੋਡਕਸ਼ਨ ਦੇ ਨਿਰਮਾਣ ਲਈ ਵਰਤਿਆ ਜਾਂਦਾ ਹੈ ਕਿਉਂਕਿ ਇਹ 16:9 ਵਾਇਡ ਸਕਰੀਨ ਫੌਰਮੇਟ ਤੇ ਵਧੀਆ ਵਰਤਿਆ ਜਾਂਦਾ ਹੈ। ਫੀਚਰ ਫ਼ਿਲਮਾਂ, ਵਪਾਰਕ ਨਿਰਮਾਣ ਅਤੇ ਯੂ.ਐਸ.ਏ. ਟੈਲੀਵਿਜ਼ਨ ਨਿਰਮਾਣ ਲਈ ਇਹ 35mm ਫ਼ਿਲਮ ਗੇਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਫ਼ਿਲਮ ਪ੍ਰਿੰਟ, ਸਕੈਨ ਜਾਂ ਟਰਾਂਸਫਰ ਕਰਨ ਆਦਿ ਲਈ ਵਧੇਰੇ ਉਪਯੋਗੀ ਸਿੱਧ ਹੁੰਦਾ ਹੈ। ਇਸ ਤੋਂ ਇਲਾਵਾ 65mm ਫ਼ਿਲਮ ਗੇਜ਼ ਉਹਨਾਂ ਕੈਮਰਾ ਫ਼ਿਲਮਾਂ ਲਈ ਵਰਤਿਆ ਜਾਂਦਾ ਹੈ ਜਿੰਨ੍ਹਾਂ ਦੇ ਪ੍ਰਿੰਟ 70mm ਤੇ ਲੈਣੇ ਹੁੰਦੇ ਹਨ। ਇਸ ਵਿੱਚ ਵਾਧੂ ਦਾ 5mm ਚੁੰਬਕੀ ਆਵਾਜ਼ (Magnetic Soundtrack) ਲਈ ਰੱਖਿਆ ਜਾਂਦਾ ਹੈ। ਇਹ ਜ਼ਿਆਦਾਤਰ ਵਾਇਡ ਸਕਰੀਨ ਦੇਖਾਵਿਆਂ (Presentation) ਜਿਵੇਂ ਕਿ IMAX ਤੇ MINIMAX ਆਦਿ ਲਈ ਵਰਤਿਆ ਜਾਂਦਾ ਹੈ।'[18] ਇਸੇ ਤਰ੍ਹਾਂ ਹੀ 16mm ਦੀ ਫ਼ਿਲਮ ਵਿੱਚ ਜੇਕਰ ਫ਼ਿਲਮ ਦੇ ਦੋਵੇਂ ਪਾਸੇ ਸਪ੍ਰੋਕੇਟ ਹੋਲ (ਛੋਟੇ-ਛੋਟੇ ਗੋਲ ਕੱਟ) ਹਨ ਤਾਂ ਇਹ ਖਾਮੋਸ਼ (Silent) ਫ਼ਿਲਮ ਹੈ। ਪਰ ਜੇਕਰ ਸਪ੍ਰੋਕੇਟ ਹੋਲ ਫ਼ਿਲਮ ਦੇ ਇੱਕ ਪਾਸੇ ਹੋਣ ਤਾਂ ਇਹ ਆਵਾਜ਼ ਸੰਭਾਵੀ ਫ਼ਿਲਮ ਹੈ ਜਾਂ ਇਸ ਵਿੱਚ ਸਾਊਂਡ ਟ੍ਰੈਕ ਹੋ ਸਕਦਾ ਹੈ।

ਇਸ ਸਾਰੀ ਵਿਚਾਰ ਚਰਚਾ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਸਿਨੇਮਾ ਇੱਕ ਕਲਾ ਮਾਧਿਅਮ ਹੋਣ ਦੇ ਨਾਲ-ਨਾਲ ਇੱਕ ਉਦਯੋਗਿਕ ਜਾਂ ਵਪਾਰਿਕ ਖੇਤਰ ਵੀ ਹੈ ਤੇ ਵਪਾਰ ਵਿੱਚ ਪੈਸਾ ਲਾਉਣ ਦੇ ਨਾਲ ਉਸ ਦੀ ਵਾਪਸੀ ਦਾ ਵੀ ਤੌਖਲਾ ਹੁੰਦਾ ਹੈ। ਇਸ ਲਈ ਕਿਸੇ ਵੀ ਸਿਨੇਮਾ-ਰਚਨਾ ਦੇ ਨਿਰਮਾਣ ਤੋਂ ਪਹਿਲਾਂ ਉਸ ਤੇ ਖਰਚੇ ਜਾਣ ਵਾਲੇ ਬਜਟ ਦਾ ਇੱਕ ਅਨੁਮਾਨ ਬਣਾਇਆ ਜਾਂਦਾ ਹੈ ਤੇ ਫਿਰ ਉਸ ਅਨੁਮਾਨ ਮੁਤਾਬਕ ਹੀ ਫ਼ਿਲਮ ਗੇਜ਼ ਤੇ ਫ਼ਿਲਮ ਫੌਰਮੈਟ ਦੀ ਚੋਣ ਕੀਤੀ ਜਾਂਦੀ ਹੈ ਕਿ ਕਿੰਨੇ ਕੁ ਖਰਚੇ ਤੱਕ ਦੇ ਫ਼ਿਲਮ ਫੌਰਮੈਟ ਨੂੰ ਵਰਤਣਾ ਹੈ। ਇਸ ਪ੍ਰਕਾਰ ਹੀ ਜੇਕਰ 'ਲਘੂ ਫ਼ਿਲਮ' ਤੇ 'ਫੀਚਰ ਫ਼ਿਲਮ' ਨੂੰ ਤੁਲਨਾਤਮਕ ਅਧਿਐਨ ਦੇ ਤੌਰ ਤੇ ਦੇਖੀਏ ਤਾਂ ਫੀਚਰ ਫ਼ਿਲਮ ਵਿੱਚ ਇਸ ਬਜਟ ਵਾਪਸੀ ਦਾ ਡਰ ਬਣਿਆ ਰਹਿੰਦਾ ਹੈ ਪਰ ਲਘੂ ਫ਼ਿਲਮ ਸਿਨੇਮਾ ਦੇ ਵਪਾਰਕ ਪੱਧਰ ਤੇ ਘੱਟ ਮਹੱਤਵ ਰੱਖਦੀ ਹੈ ਤੇ ਲਘੂ ਫ਼ਿਲਮ ਵਿੱਚ ਫ਼ਿਲਮ ਗੇਜ਼ ਜਾਂ ਫ਼ਿਲਮ ਫੌਰਮੈਟ ਤੋਂ ਜ਼ਿਆਦਾ ਮਹੱਤਵ ਫ਼ਿਲਮ ਦੇ ਕਥਾ-ਪ੍ਰਸੰਗ ਜਾਂ ਕਲਾ-ਨਿਖਾਰ ਵੱਲ ਵਧੇਰੇ ਧਿਆਨ ਦਿੱਤਾ ਜਾਂਦਾ ਹੈ। ਇਸ ਲਈ ਲਘੂ ਫ਼ਿਲਮ ਵਿੱਚ ਘੱਟ ਖਰਚੇ ਵਾਲੇ ਜਾਂ ਸੌਖਿਆਂ ਉਪਲਬਧ ਹੋ ਸਕਣ ਵਾਲੇ ਫ਼ਿਲਮ ਫੌਰਮੈਟ ਦੀ ਵਰਤੋਂ ਕੀਤੀ ਜਾਂਦੀ ਹੈ। ਲਘੂ ਫ਼ਿਲਮ ਲਈ ਜ਼ਿਆਦਾਤਰ ਸਸਤੇ ਸੰਸਾਧਨਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਇਸ ਪ੍ਰਕਾਰ ਫ਼ਿਲਮ ਫੌਰਮੈਟ ਦੇ ਪੱਧਰ ਤੇ ਵੀ ਅਸੀਂ ਲਘੂ ਫ਼ਿਲਮ ਨੂੰ ਸਿਨੇਮਾ ਦੇ ਹੋਰ ਵਿਧਾ ਰੂਪਾਂ ਤੋਂ ਵੱਖ ਕਰਕੇ ਵੇਖ ਸਕਦੇ ਹਾਂ ਤੇ ਇਸ ਦੀ ਪਹਿਚਾਣ ਕਰ ਸਕਦੇ ਹਾਂ।

3. **ਕੈਮਰਾ ਦੀ ਸਿਰਜਣਾਤਮਕਤਾ** (Camera Creativity)- ਉਂਝ ਤਾਂ ਸਿਨੇਮਾ ਹੈ ਹੀ ਕੈਮਰੇ ਦੀ ਕਲਾਤਮਿਕਤਾ ਦੀ ਖੇਡ ਹੈ ਕਿਉਂਕਿ ਹਰ ਸਿਨੇਮਈ ਵਿਧਾ ਵਿੱਚ ਕੈਮਰੇ ਦਾ ਉਪਯੋਗ ਤੇ ਕਲਾਤਮਕ ਪੇਸ਼ਕਾਰੀ ਹੀ ਉਸ ਦੀ ਸਫ਼ਲਤਾ ਅਸਫ਼ਲਤਾ ਨੂੰ ਨਿਰਧਾਰਤ ਕਰਦੀ ਹੈ ਪਰੰਤੂ ਜੇਕਰ ਇਸ ਨੂੰ 'ਲਘੂ ਫ਼ਿਲਮ' ਦੇ ਪ੍ਰਸੰਗ ਵਿੱਚ ਦੇਖਿਆ ਜਾਵੇ ਤਾਂ ਤਕਨੀਕ ਦੇ ਪੱਖ ਤੋਂ ਲਘੂ ਫ਼ਿਲਮਾਂ ਵਿੱਚ ਜ਼ਿਆਦਾਤਰ ਸਾਧਾਰਨ ਜਾਂ ਆਮ ਫ਼ਿਲਮ ਫੌਰਮੈਟ ਹੀ ਵਰਤਿਆ ਜਾਂਦਾ ਹੈ। ਇਸ ਵਿੱਚ ਸਪੈਸ਼ਲ ਅਫੈਕਟ ਜਿਹੀਆਂ ਉੱਚ ਪੱਧਰੀ ਤਕਨੀਕਾਂ ਨਹੀਂ ਵਰਤੀਆਂ ਜਾਂਦੀਆਂ ਕਿਉਂਕਿ ਲਘੂ ਫ਼ਿਲਮ ਨੂੰ ਅੱਗੇ ਡਿਸਟ੍ਰੀਬਿਉਸ਼ਨ ਲੈਵਲ ਤੇ ਪੈਸਾ ਕਮਾਉਣ ਨਾਲ ਜੋੜ ਕੇ ਨਹੀਂ ਦੇਖਿਆ ਜਾਂਦਾ। ਇਸ ਵਿੱਚ ਮਹਿਜ਼ ਵਿਸ਼ੇ ਦੀ ਕਲਾਤਮਕਤਾ ਨੂੰ ਹੀ ਧਿਆਨ ਵਿੱਚ ਰੱਖਿਆ ਜਾਂਦਾ ਹੈ। ਪਰ ਇੱਥੇ ਇਹ ਧਿਆਨ ਰੱਖਣ ਯੋਗ ਪੱਖ ਹੈ ਕਿ ਜੋ ਲਘੂ ਫ਼ਿਲਮ ਖਾਸ ਤੌਰ ਤੇ ਫ਼ਿਲਮ ਫੈਸਟੀਵਲਾਂ ਤੇ ਮੁਕਾਬਲਾ ਪ੍ਰਵਿਰਤੀ ਅਧੀਨ ਤਿਆਰ ਕੀਤੀਆਂ ਜਾਂਦੀਆਂ ਹਨ, ਜਿਵੇਂ ਖਾਸਕਰ ਔਸਕਰ ਫ਼ਿਲਮ ਫੈਸਟੀਵਲ ਆਦਿ ਲਈ ਤਿਆਰ ਕੀਤੀਆਂ ਐਨੀਮੇਟਡ ਲਘੂ ਫ਼ਿਲਮਾਂ ਉਨ੍ਹਾਂ ਵਿੱਚ ਇਸ ਤਰ੍ਹਾਂ ਦੀਆਂ ਉੱਚ ਪੱਧਰੀ ਤਕਨੀਕਾਂ ਦੀ ਜ਼ਰੂਰ ਵਰਤੋਂ ਕੀਤੀ ਜਾਂਦੀ ਹੈ। ਇਸ ਪ੍ਰਕਾਰ ਫ਼ਿਲਮ ਨਿਰਮਾਣ ਵਿੱਚ ਫ਼ਿਲਮ ਫੌਰਮੈਟ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਹੀ ਅਗਲੇਰੇ ਪੜਾਅ ਤਹਿਤ ਫ਼ਿਲਮ ਫੌਰਮੈਟ ਡਿਜ਼ਾਇਨ ਦੇ ਨਾਲ ਨਾਲ ਕੈਮਰੇ ਦੀ ਕਲਾਤਮਕ

ਵਰਤੋਂ ਵੀ ਫ਼ਿਲਮ ਨਿਰਮਾਣ ਵਿੱਚ ਬਹੁਤ ਮਹੱਤਵ ਰੱਖਦੀ ਹੈ। ਖ਼ਾਸਕਰ ਲਘੂ ਫ਼ਿਲਮ ਵਿੱਚ ਕੈਮਰੇ ਦੀ ਕਲਾਤਮਕ ਵਰਤੋਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਲਘੂ ਫ਼ਿਲਮ ਵਿੱਚ ਨਿਰਦੇਸ਼ਨ ਦਾ ਖ਼ਾਸ ਤੌਰ ਧਿਆਨ ਰੱਖਿਆ ਜਾਂਦਾ ਹੈ ਜਿਵੇਂ ਲਘੂ ਫ਼ਿਲਮ ਵਿੱਚ ਜ਼ਿਆਦਾਤਰ ਟੀਵੀ ਨਾਟਕ ਵਾਂਗ ਕੈਮਰਾ ਕਲੋਜ਼ ਤੇ ਹੀ ਰਹਿੰਦਾ ਹੈ ਪਰ ਇਹ ਤੱਥ ਲਘੂ ਫ਼ਿਲਮ ਲਈ ਜ਼ਰੂਰੀ ਨਹੀਂ ਹੈ। ਅਸਲ ਵਿੱਚ ਲਘੂ ਫ਼ਿਲਮ ਦਾ ਕੈਮਰਾ ਉਪਯੋਗ ਫ਼ਿਲਮ ਦੇ ਸੰਕਲਪ ਦੁਆਲੇ ਕੇਂਦਰਿਤ ਹੁੰਦਾ ਹੈ ਭਾਵ ਲਘੂ ਫ਼ਿਲਮ ਕਿਸ ਕਨਸੈਪਟ ਨੂੰ ਲੈ ਕੇ ਬਣ ਰਹੀ ਹੈ। ਕੁੱਝ ਫ਼ਿਲਮਾਂ ਵਿੱਚ ਤਾਂ ਪਾਤਰ ਦੀ ਮਾਨਸਿਕਤਾ ਅਤੇ ਦ੍ਰਿਸ਼ ਸਮੱਗਰੀ ਨੂੰ ਦਰਸਾਉਣ ਲਈ ਕੈਮਰਾ ਬਹੁਤ ਜ਼ਿਆਦਾ ਕਲੋਜ਼ ਐਂਗਲ ਤੇ ਕੰਮ ਕਰਦਾ ਹੈ। ਪਰ ਕੁੱਝ ਹਾਲਤਾਂ ਵਿੱਚ ਵਿਆਪਕ ਪ੍ਰਸੰਗ ਨੂੰ ਸਿਰਜਣ ਲਈ ਕੈਮਰਾ ਵਾਈਡ ਐਂਗਲ ਤੇ ਵੀ ਵਰਤਿਆ ਜਾਂਦਾ ਹੈ।

4. **ਵਿਸ਼ਾ ਵਸਤੂ** (Subject Matter)– ਵਿਸ਼ਾ ਵਸਤੂ ਜਾਂ Subject Matter ਤੋਂ ਭਾਵ ਹੁੰਦਾ ਹੈ ਕਿ ਉਹ ਵਿਸ਼ਾ ਜਾਂ ਪੱਖ ਜੋ ਫ਼ਿਲਮ ਵਿੱਚ ਪੇਸ਼ ਕੀਤਾ ਜਾ ਰਿਹਾ ਹੈ ਜਾਂ ਜੋ ਦਿਖਾਇਆ ਜਾ ਰਿਹਾ ਹੈ ਭਾਵ ਇਹ ਉਹ ਪੱਖ ਹੈ ਕਿ ਜਿਸ ਬਾਬਤ ਫ਼ਿਲਮ ਲਿਖੀ ਗਈ ਹੈ, ਬਣਾਈ ਗਈ ਹੈ ਤੇ ਦਿਖਾਈ ਗਈ ਹੈ ਅਤੇ ਜਿਸ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਇਸ ਪ੍ਰਕਾਰ ਵਿਸ਼ਾ-ਵਸਤੂ (Subject Matter) ਸਿਨੇਮਾ ਤੇ ਇਸ ਦੀਆਂ ਕਲਾਕ੍ਰਿਤੀਆਂ ਵਿੱਚ ਬਹੁਤ ਮਹੱਤਵ ਰੱਖਦਾ ਹੈ। ਇਸ ਗੱਲ ਨੂੰ ਵੀ ਲਗਭਗ ਸਾਰੇ ਹੀ ਸਿਨੇਮਾ-ਵਿਸ਼ੇਸ਼ਗ ਤੇ ਵਿਸ਼ਲੇਸ਼ਕ ਮੰਨਦੇ ਹਨ ਕਿ ਲਘੂ ਫ਼ਿਲਮ ਅਤੇ ਹੋਰ ਸਿਨੇਮਾ ਰੂਪ ਜਿਵੇਂ ਫੀਚਰ ਫ਼ਿਲਮ, ਦਸਤਾਵੇਜ਼ੀ ਫ਼ਿਲਮ ਆਦਿ ਦੇ ਕਥਾ ਸੰਸਾਰ ਵਿੱਚ ਬਹੁਤ ਅੰਤਰ ਹੁੰਦਾ ਹੈ। ਲਘੂ ਫ਼ਿਲਮ ਦਾ ਵਿਸ਼ਾ ਬਹੁਤ ਸਟੀਕ ਤੇ ਵਿਸਥਾਰ ਤੋਂ ਰਹਿਤ ਹੁੰਦਾ ਹੈ ਪਰ ਦੂਜੇ ਪਾਸੇ ਦਸਤਾਵੇਜ਼ੀ ਫ਼ਿਲਮ ਦਾ ਵਿਸ਼ਾ ਅਸਲੀਅਤ ਦੇ ਨੇੜੇ ਹੁੰਦਾ ਹੈ ਅਤੇ ਫੀਚਰ ਫ਼ਿਲਮ ਵਿਸਥਾਰ ਤੇ ਰੌਚਕਤਾ ਭਰਪੂਰ ਹੁੰਦੀ ਹੈ। ਲਘੂ ਫ਼ਿਲਮ ਉਹਨਾਂ ਪੱਖਾਂ ਨੂੰ ਆਪਣੇ ਵਿਸ਼ੇ ਵਜੋਂ ਨਹੀਂ ਵਿਚਾਰਦੀ ਜੋ ਪ੍ਰਤੱਖ ਦਿਖਾਈ ਦਿੰਦੇ ਹੋਣ ਬਲਕਿ ਉਹਨਾਂ ਸੂਖਮ ਅਹਿਸਾਸਾਂ ਨੂੰ ਪਕੜਦੀ ਹੈ ਜੋ ਆਮ ਜਨ ਮਾਨਸ ਦੀ ਪਹੁੰਚ ਤੋਂ ਪਰੇ ਰਹਿ ਜਾਂਦੇ ਹਨ। ਇਸ ਲਈ ਜੇਕਰ ਅਸੀਂ ਲਘੂ ਫ਼ਿਲਮ ਨੂੰ ਸਿਨੇਮਾ ਦਾ ਮਾਇਕ੍ਰੋਸਕੋਪ (Microscope) ਜਾਂ ਸੂਖਮ-ਦਰਸ਼ੀ ਵੀ ਕਹੀਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਲਘੂ ਅਸਲ ਵਿੱਚ ਇੱਕ ਛਿਣ ਜਾਂ ਪਲ ਦੀ ਸੰਵੇਦਨਾ ਦਾ ਅੰਤਰ-ਸੰਵਾਦ ਹੁੰਦਾ ਹੈ। ਸੰਵੇਦਨਾ ਦਾ ਇਹ ਸੰਵਾਦ ਹੀ ਜਦੋਂ ਕੈਮਰੇ ਦੀ ਕਲਾਤਮਕਤਾ ਦੇ ਰਾਹੀ ਸਿਨੇਮਾ ਦੇ ਪਰਦੇ ਤੇ ਸਾਕਾਰ ਹੁੰਦਾ ਹੈ ਤਾਂ ਇਹ ਲਘੂ ਫ਼ਿਲਮ ਦੇ ਤੌਰ 'ਤੇ ਅਸਤਿਤਵ ਗ੍ਰਹਿਣ ਕਰਦਾ ਹੈ। ਪਰ ਇਸ ਛਿਣ ਜਾਂ ਪਲ ਦੀ ਪ੍ਰਕਿਰਤੀ ਕਿਹੋ ਜਿਹੀ ਵੀ ਹੋ ਸਕਦੀ ਹੈ। ਇਹ ਸਾਕਾਰਾਤਮਕ ਪੱਖ ਵਾਲਾ ਵੀ ਹੋ ਸਕਦਾ ਹੈ ਤੇ ਨਾਕਾਰਾਤਮਕ ਪੱਖ ਵਾਲਾ ਵੀ ਹੋ ਸਕਦਾ ਹੈ। ਇਸੇ ਤਰ੍ਹਾਂ ਹੀ ਇਹ ਡਰਾਵਣਾ ਵੀ ਹੋ ਸਕਦਾ ਹੈ ਤੇ ਸਹਿਜਤਾ ਵਾਲਾ ਵੀ ਹੋ ਸਕਦਾ ਹੈ। ਇਸ ਪ੍ਰਕਾਰ ਲਘੂ ਫ਼ਿਲਮ ਇਸ ਇੱਕ ਛਿਣ ਜਾਂ ਪਲ ਦੇ ਮਹੱਤਵ ਨੂੰ ਅਤੇ ਇਸ ਦੀ ਸਾਰਥਿਕਤਾ ਨੂੰ ਵਿਸ਼ੇਸ਼ਤਾ ਪ੍ਰਦਾਨ ਕਰਦੀ ਹੈ। ਲਘੂ ਫ਼ਿਲਮ ਦੀ ਲਘੂ ਕਥਾ ਅਜਿਹੀ ਚਮਤਕਾਰੀ ਕਲਾਤਮਕ ਪੇਸ਼ਕਾਰੀ ਕਰਦੀ ਹੈ ਜੋ ਉਸ ਛਿਣ ਜਾਂ ਪਲ ਨੂੰ ਕੈਮਰੇ ਤੇ ਨਿਰਦੇਸ਼ਕ ਦੀ ਅੱਖ ਦੇ ਜ਼ਰੀਏ ਪਰਦੇ ਤੇ ਸਾਕਾਰ ਹੁੰਦੀ ਹੈ ਤੇ ਰੌਚਕਤਾ ਦੇ ਨਾਲ-ਨਾਲ ਜ਼ਿੰਦਗੀ ਦੇ ਅਣਛੋਹੇ ਜਾਂ ਅਦ੍ਰਿਸ਼ ਅਹਿਸਾਸਾਂ ਨੂੰ ਵੀ ਜੁਬਾਨ ਦਿੰਦੀ ਹੈ। ਇਸ ਪ੍ਰਕਾਰ ਲਘੂ ਫ਼ਿਲਮ ਦਾ ਵਿਸ਼ਾ ਵਸਤੂ ਜਾਂ ਕਥਾ ਸੰਸਾਰ ਸਿਨੇਮਾ ਦੇ ਬਾਕੀ ਰੂਪਾਂ ਨਾਲੋਂ ਵੱਖਰਾ ਹੁੰਦਾ ਹੈ ਅਤੇ ਇਹੀ ਲਘੂ ਫ਼ਿਲਮ ਦੀ ਪਹਿਚਾਣ ਕਰਵਾਉਣ ਵਿੱਚ ਬਹੁਤ ਕਾਰਗਰ ਸਿੱਧ ਹੁੰਦਾ ਹੈ।

## ਟਿੱਪਣੀਆਂ ਤੇ ਹਵਾਲੇ


1. नगेन्द्रनाथ वसु (संपा.), हिन्दी विश्वकोश, विस्तृत भाग, बी.आर. पब्लिकेशन कारपोरेशन, दिल्ली, 1986

2. **ਹਿੰਦੀ, ਮਰਾਠੀ ਅਤੇ ਅੰਗਰੇਜ਼ੀ ਤ੍ਰਿਭਾਸ਼ਾ ਕੋਸ਼, ਜਿਲਦ ਦੂਜੀ, ਕੇਂਦਰੀਜ ਹਿੰਦੀ ਨਿਰਦੇਸ਼ਾਲਿਆ, ਸ਼ਿਕਸ਼ਾ ਵਿਭਾਗ, 1989, ਪੰਨਾ 755.**

3. **ਕਪੂਰ ਸਿੰਘ ਘੁੰਮਣ (ਸੰਪਾਦਕ), ਪੰਜਾਬੀ ਕੋਸ਼, ਜਿਲਦ ਛੇਵੀਂ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 28.**

4. **ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ-ਮਹਾਨ ਕੋਸ਼ (ਐਪ).2018**

5. **Oxford Advanced Learner's Dictionary, Oxford University press. 2005**

6. **Oxford Advanced Learner's Dictionary, Oxford University press. 2005**

7. **ਪਰਕਾਸ਼ ਸਿੰਘ ਜੰਮੂ, ਸਮਾਜ ਵਿਗਿਆਨ ਦਾ ਵਿਸ਼ਾ ਕੋਸ਼, ਪੰਜਾਬੀ ਪੀਡੀਆ ਐਪ, 2018**

8. **ਰਤਨ ਸਿੰਘ ਜੱਗੀ (ਡਾ.), ਸਾਹਿਤ ਦੇ ਰੂਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 76**

9. **ਉਹੀ**

10. **ਉਹੀ**

11. **ਰਤਨ ਸਿੰਘ ਜੱਗੀ (ਡਾ.), ਸਾਹਿਤ ਦੇ ਰੂਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 77**

12. **ਉਹੀ**

13. **ਰਤਨ ਸਿੰਘ ਜੱਗੀ (ਡਾ.), ਸਾਹਿਤ ਦੇ ਰੂਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 78**

https://www.oscars.org/2018

14. https://www.oscars.org/2018

15. https://m.festival-cannes.com/en/

16. https://www.kurzfilmtage.de/en/

17.https://en.m.wikipedia.org/wiki/Film_gauge?wprov=sfla1

18.

19. **James Chressanthis, ASC, Cinematographer, film types and formats, pdf file**



**ਖੋਜਾਰਥੀ, ਪੰਜਾਬੀ ਵਿਭਾਗ**

**ਪੰਜਾਬੀ ਯੂਨੀਵਰਸਿਟੀ ਪਟਿਆਲਾ**

# ਨਾਵਲਕਾਰ ਬਲਜੀਤ ਸਿੰਘ ਪਪਨੇਜਾ ਦੀ ਗਲਪ ਚੇਤਨਾ / ਸੁਨੀਤਾ ਰਾਣੀ
## ('ਸਿਵਿਆਂ ਦੇ ਰਾਹੀ' ਨਾਵਲ ਦੇ ਸੰਦਰਭ 'ਚ)

ਬਲਜੀਤ ਸਿੰਘ ਪਪਨੇਜਾ ਪੰਜਾਬੀ ਦੇ ਉੱਘੇ ਨਾਵਲਕਾਰ ਹਨ ਅਤੇ 'ਸਿਵਿਆਂ ਦੇ ਰਾਹੀ' ਉਸ ਦਾ ਚੌਥਾ ਨਾਵਲ ਹੈ। ਇਸ ਤੋਂ ਪਹਿਲਾ ਉਸ ਦੇ ਤਿੰਨ ਨਾਵਲ ਬੇਬੇ (2010), ਸੰਤਾਪ (2012),ਸੰਤਾਪ-ਦਰ-ਸੰਤਾਪ (2017) ਪੰਜਾਬੀ ਸਾਹਿਤ ਦੀ ਸੋਭਾ ਵਧਾ ਚੁੱਕੇ ਹਨ। ਉਸ ਨੇ ਆਪਣੇ ਨਾਵਲਾਂ ਵਿੱਚ ਪੰਜਾਬ ਦੇ ਪੇਂਡੂ ਜੀਵਨ ਦੀ ਝਲਕ ਨੂੰ ਸਫ਼ਲਤਾ ਨਾਲ ਪੇਸ਼ ਕੀਤਾ ਹੈ ਅਤੇ ਪੇਂਡੂ ਜੀਵਨ ਦੀ ਰਹਿਤਲ ਨੂੰ ਵੀ ਯਥਾਰਥਕ ਦ੍ਰਿਸ਼ਟੀ ਰਾਹੀਂ ਪੇਸ਼ ਕਰਨ ਵਿੱਚ ਸਫਲ ਹੋਇਆ ਹੈ। ਪੰਜਾਬੀ ਜਨ-ਜੀਵਨ ਪੇਂਡੂ ਰਹਿਤਲ, ਪਿੰਡਾਂ ਦੇ ਛੋਟੇ-ਵੱਡੇ ਮਸਲੇ ਬੜੀ ਬਰੀਕੀ ਨਾਲ ਪੇਸ਼ ਕੀਤੇ ਮਿਲਦੇ ਹਨ। ਇਹਨਾਂ ਦੇ ਨਾਵਲ 'ਸਿਵਿਆਂ ਦੇ ਰਾਹੀ' ਵਿੱਚ ਵੀ ਵੱਖ-ਵੱਖ ਸਮਕਾਲੀ ਸਮੱਸਿਆਵਾਂ ਜੋ ਸਮਾਜ ਨੂੰ ਅੰਦਰੋਂ ਖੋਖਲਾ ਕਰਦੀਆਂ ਜਾ ਰਹੀਆ ਹਨ। ਬੜੀ ਖੂਬਸੂਰਤੀ ਨਾਲ ਬਿਆਨ ਕੀਤੀਆਂ ਮਿਲਦੀਆਂ ਹਨ। ਇਸ ਨਾਵਲ ਵਿਚ ਕੁੱਲ 55 ਕਾਂਡ ਹਨ। ਹਰੇਕ ਕਾਂਡ ਵਿੱਚ ਇਕ ਵੱਖਰੀ ਸਮੱਸਿਆ ਖੜ੍ਹੀ ਵਿਖਾਈ ਦਿੰਦੀ ਹੈ। ਪਰ ਨਾਵਲਕਾਰ ਦੀ ਜਿੰਨੀ ਪ੍ਰਸੰਸਾ ਕੀਤੀ ਜਾਵੇ ਘੱਟ ਹੈ। ਜਿਸ ਨੇ ਸਮੱਸਿਆ ਦੇ ਨਾਲ ਹੀ ਸਮਾਧਾਨ ਵੀ ਪੇਸ਼ ਕੀਤੇ ਹਨ। ਨਾਵਲ ਵਿਚਲੀਆਂ ਘਟਨਾਵਾਂ ਅਸਲ ਵਿਚ ਕਿਸੇ ਨਾ ਕਿਸੇ ਰਾਜਨੀਤਕ, ਸਮਾਜਿਕ, ਆਰਥਕ ਜਾਂ ਸੱਭਿਆਚਾਰਕ ਸਮੱਸਿਆ ਨੂੰ ਹੀ ਪੇਸ਼ ਕਰਦੀਆਂ ਵਿਖਾਈਆਂ ਗਈਆਂ ਹਨ। ਨਾਵਲ ਦੀ ਸ਼ੁਰੂਆਤ ਸਾਮ ਸਿੰਘ ਦੇ ਪਰਿਵਾਰ ਤੋਂ ਹੁੰਦੀ ਹੈ। ਸ਼ਾਮ ਸਿੰਘ ਸਮਾਜ ਦੀ ਮੱਧਵਰਗ ਸ਼੍ਰੇਣੀ ਦਾ ਹਿੱਸਾ ਹੈ, ਜਿੰਨੀ ਉਸਦੀ ਆਰਥਿਕ ਸਮਰੱਥਾ ਸੀ, ਉਸ ਨੇ ਆਪਣੇ ਬੱਚਿਆ ਨੂੰ ਪੜ੍ਹਾਇਆ ਲਿਖਾਇਆ। ਪਰ ਨਾਵਲ ਵਿੱਚ ਸ਼ਾਮ ਸਿੰਘ ਦਾ ਵੱਡਾ ਪੁੱਤਰ ਅੰਬੇ (ਅੰਬਰਜੀਤ) ਨੂੰ ਨਸ਼ੇ ਦੀ ਆਦਤ ਬੁਰੀ ਆਦਤ ਸੀ, ਜਿਸ ਨੇ ਉਸਨੂੰ ਮੌਤ ਦੀ ਗੂੜ੍ਹੀ ਨੀਂਦ ਸੁਲਾ ਦਿੱਤਾ। ਅੰਬੇ ਦਾ ਮਾਤਾ-ਪਿਤਾ ਅੰਬੇ ਲਈ ਬਹੁਤ ਹੀ ਫ਼ਿਕਰਮੰਦ ਹਨ:-

"ਬੰਸੋ" ਸ਼ਾਮ ਸਿੰਘ ਕੜਕਿਆ... ਇਹ ਤੂੰ ਕਹਿ ਰਹੀ ਏਂ ?" ਸਭ ਕੁੱਝ ਜਾਣਦੇ ਹੋਏ ਵੀ ਤੂੰ ਮੈਨੂੰ ਸਮਝਾ ਰਹੀ ਏ ? ਮੈਨੂੰ ਤਾਂ ਇੰਝ ਲਗਦੈ ਕਿ ਤੂੰ ਪੁੱਤਰ-ਮੋਹ ਵਿਚ ਉਸਦਾ ਪੱਖ ਪੂਰ ਰਹੀ ਏ, ਪਰ ਮੈਂ ਤੈਨੂੰ ਇੱਕ ਗੱਲ ਦੱਸ ਦਿਆਂ ਕਿ ਮੁੰਡਾ ਹੁਣ ਹੱਥੋਂ ਨਿਕਲ ਚੁੱਕੈ"।1

ਅਸਲ ਵਿਚ ਇਹ ਸਮਾਜ ਦੀ ਅਸਲੀਅਤ ਵੀ ਹੈ ਕਿਉਂਕਿ ਵਰਤਮਾਨ ਸਮੇਂ ਵਿਚ ਪੰਜਾਬ ਵਿਚ ਨਸ਼ਾ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਹੈ ਜਿਸ ਕਾਰਨ ਅਨੇਕ ਹੀ ਨੌਜਵਾਨ ਆਪਣਾ ਜੀਵਨ ਆਪਣੇ ਆਪ ਬਰਬਾਦ ਕਰ ਰਹੇ ਹਨ। ਪਰ ਦੂਜੇ ਪਾਸੇ ਨਾਵਲ ਵਿਚ ਸਰਦੂਲ ਸਿੰਘ ਨਾਂ ਦਾ ਪਾਤਰ ਹੈ। ਜੋ ਪੇਸ਼ੇ ਵਜੋਂ ਫੌਜੀ ਹੈ ਉਸਦੀ ਦੇਸ਼ ਲਈ ਦਿੱਤੀ ਹੋਈ ਸ਼ਹਾਦਤ ਨੂੰ ਪੇਸ਼ ਕਰਕੇ ਨਾਵਲਕਾਰ ਸਮਾਜ ਨੂੰ ਇੱਕ ਨਵੀਂ ਸੇਧ ਦਿੰਦਾ ਹੈ ਕਿ ਸਾਡੀ ਨੌਜਵਾਨ ਪੀੜ੍ਹੀ ਨਸ਼ੇ ਦੀ ਆਦੀ ਨਾ ਹੋ ਕੇ ਸਮਾਜ ਦੇ ਭਲੇ ਵਾਸਤੇ ਕੁਝ ਕਰ ਗੁਜ਼ਰਨ ਦੀ ਸੋਝੀ ਪਾਵੇ। ਸਰਦੂਲ ਸਿੰਘ ਇਕ ਸੱਚਾ ਦੇਸ਼ ਭਗਤ ਸੀ ਉਸਦੀ ਦੇਸ਼ ਭਗਤੀ ਨਾਵਲ ਵਿਚ ਆਪਣੀ ਮਾਂ ਨਾਲ ਕੀਤੀ ਵਰਤਾਲਾਪ ਵਿਚ ਵੇਖੀ ਜਾ ਸਕਦੀ ਹੈ। ਜਿੱਥੇ ਉਹ ਆਪਣੇ ਦੇਸ਼ ਦੀ ਧਰਤੀ ਨੂੰ ਮਾਂ ਕਹਿ ਕੇ ਸੰਬੋਧਨ ਕਰਦਾ ਹੈ :

"ਮਾਤਾ ... ਉਸ ਮਾਂ ਦਾ ਤਾਂ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ ਜਿਸ ਦੀ ਰਾਖੀ ਲਈ ਮੇਰੇ ਵਰਗੇ ਸੈਂਕੜੇ ਪੁੱਤਰ ਦਿਨ ਰਾਤ ਜਾਗ-ਜਾਗ ਕੇ ਪਹਿਰਾ ਦਿੰਦੇ ਹੋਣ, ਉਸਦਾ ਕਿਸੇ ਨੇ ਕੀ ਵਿਗਾੜ ਲੈਣਾ" ਬਾਕੀ ਰਹੀ ਕਰਜ਼ੇ ਦੀ ਗੱਲ, ਉਹ ਤਾ ਆਖਰੀ ਸਾਹ ਤੱਕ ਵੀ ਨਹੀ ਲਹਿਣਾ। ਇੰਝ ਕਹਿ ਕੇ ਫੌਜੀ ਚੁੱਪ ਹੋ ਗਿਆ"।2

ਬਲਜੀਤ ਸਿੰਘ ਪਪਨੇਜਾ ਨੇ ਆਪਣੇ ਨਾਵਲ ਵਿਚ ਸ਼ਾਮ ਸਿੰਘ ਦੇ ਦੂਸਰੇ ਮੁੰਡੇ ਕਰਮਜੀਤ ਸਿੰਘ (ਜੀਤਾ) ਨੂੰ ਇਕ ਵੱਖਰੀ ਸੋਚ ਦਾ ਮਾਲਕ ਵਿਖਾਇਆ ਜੋ ਆਪਣੇ ਦੋਸਤ ਭੰਡਾਰੀ ਨਾਲ ਜ਼ਿਆਦਾ ਤੋ ਜ਼ਿਆਦਾ ਸਮਾਂ ਸ਼ਮਸਾਨ ਘਾਟ ਵਿੱਚ ਗੁਜ਼ਾਰਦਾ ਹੈ। ਉਹ ਮੁਰਦਿਆਂ ਦੇ ਸਸਕਾਰ ਸਮੇਂ ਅੰਤਿਮ ਰਸਮਾਂ ਵਿਚ ਪੰਡਿਤ ਜੀ ਦਾ ਸਹਿਯੋਗੀ ਵੀ ਹੁੰਦਾ ਹੈ ਪਰ ਕਾਲਜ ਵਿਚ ਪੜ੍ਹਦਿਆਂ ਉਸਦਾ ਪਿਆਰ ਸ਼ਿੰਦੀ ਨਾਂ ਦੀ ਕੁੜੀ ਨਾਲ ਪੈ ਜਾਂਦਾ ਹੈ। ਨਾਵਲ ਵਿੱਚ ਦੋ ਧਾਰਨਾਵਾਂ ਦੀ ਪੇਸ਼ਕਾਰੀ ਹੋਈ ਵੇਖੀ ਜਾ ਸਕਦੀ ਹੈ। ਜਿੱਥੇ ਜੀਤਾ ਮੁੱਖ ਭੂਮਿਕਾ ਨਿਭਾਉਂਦਾ ਹੈ ਇਕ ਪਾਸੇ ਤਾਂ ਉਸਦਾ ਸ਼ਮਸਾਨਘਾਟ ਵਿਚ ਰਹਿਣਾ ਜੀਵਨ ਦਾ ਅੰਤਿਮ ਮਾਰਗ ਪੇਸ਼ ਕਰਨਾ ਪਰ ਦੂਜੇ ਪਾਸੇ ਸ਼ਿੰਦੀ ਨਾਲ ਪ੍ਰੇਮ ਪੈ ਜਾਣਾ ਜ਼ਿੰਦਗੀ ਨੂੰ ਖੂਬਸੂਰਤੀ ਨਾਲ ਜਿਉਣ ਦੀ ਇਕ ਕਾਮਨਾ ਸੀ। ਜੀਤਾ ਤੇ ਸ਼ਿੰਦੀ ਆਪਸੀ ਪਿਆਰ ਵਿਚ ਸਾਰੀਆਂ ਹੱਦਾਂ ਭੁੱਲ ਚੁੱਕੇ ਹੁੰਦੇ ਹਨ। ਦੋਵੇਂ ਇੱਕ-ਦੂਜੇ ਵਿਚ ਇਕ-ਮਿਕ ਹੋ ਚੁੱਕੇ ਸਨ। ਨਾਵਲ ਵਿਚਲੀ ਵਾਰਤਾਲਾਪ ਵਿਚ ਉਹਨਾਂ ਦਾ ਪਿਆਰ ਝਲਕਦਾ ਹੈ। ਜਦੋਂ ਸ਼ਿੰਦੀ ਜੀਤੇ ਨੂੰ ਆਪਣੇ ਪਿਆਰ ਦਾ ਇਜ਼ਹਾਰ ਕਰਦੀ ਹੈ :

"ਡੌਰ-ਭੌਰ ਹੋਏ ਜੀਤੇ ਦੇ ਹੱਥਾਂ ਨੂੰ ਹੱਥਾਂ ਵਿਚ ਫੜਕੇ ਸ਼ਿੰਦੀ ਬੋਲੀ ਜੋ ਕੁਝ ਤੂੰ ਉਸ ਦਿਨ ਸੀਤੋ ਨੂੰ ਕਿਹਾ "ਸਿੱਧਾ ਮੈਨੂੰ ਹੀ ਕਹਿ ਸਕਦਾ ਤੈਨੂੰ ਪਤੈ ਤੇਰੀ ਇਸ ਚੁੱਪ ਨੇ ਮੈਨੂੰ ਕਿੰਨਾ ਤੜਫਾਇਆ। ਤੈਨੂੰ ਸ਼ਾਇਦ ਇਸ ਦਾ ਅੰਦਾਜ਼ਾ ਨਹੀਂ ਕਿ ਮੈਂ ਕਿੰਨੀਆਂ ਰਾਤਾਂ ਢੰਗ ਨਾਲ ਸੁੱਤੀ ਨਹੀਂ।" ਇੰਨ੍ਹਾ ਕਹਿਕੇ ਬਿਨ੍ਹਾਂ ਕਿਸੇ ਪ੍ਰਵਾਹ ਕੀਤੇ ਉਸਨੇ ਜੀਤੇ ਨੂੰ ਘੁੱਟਕੇ ਜੱਫੀ ਪਾ ਲਈ! ਉਸਦੀਆਂ ਅੱਖਾਂ ਬੰਦ ਸਨ। ਖਿਆਲਾਂ ਵਿੱਚ

ਗੁਆਚੀ ਹੋਈ ਨੇ ਜੀਤੇ ਨੂੰ ਹੋਰ ਘੁੱਟ ਕੇ ਸੀਨੇ ਨਾਲ ਲਾ ਲਿਆ"।3

ਨਾਵਲਕਾਰ ਨੇ ਨਾਵਲ ਵਿਚ ਕਾਲਜਾਂ ਵਿਚ ਫੈਲਦੀ ਜਾ ਰਹੀ ਗੁੰਡਾਗਰਦੀ ਨੂੰ ਵੀ ਵਿਸ਼ੇਗਤ ਰੂਪ ਵਿਚ ਪੇਸ਼ ਕੀਤਾ ਕਿ ਕਿਵੇਂ ਦਾਰਾ,ਧਰਮਾ, ਜੋਗਾ, ਕਾਲਾ ਉਰਫ ਕਾਲੂ ਤੇ ਭੂੰਡ ਨਾਂ ਦੇ ਨੌਜਵਾਨ ਆਪਣੀ ਇਕ ਪੂਰੀ ਟੋਲੀ ਬਣਾ ਕੇ ਕਾਲਜ ਵਿਚ ਬਦਮਾਸ਼ੀ ਕਰਦੇ ਸਨ। ਦਾਰਾ ਉਹਨਾਂ ਦਾ ਮੁਖੀਆ ਸੀ। ਇਹ ਸਾਰੇ ਦੋਸਤ ਕਾਲਜ ਵਿਚ ਵੀ ਨਸ਼ਾ ਕਰਦੇ ਸਨ। ਕਾਲਜ ਵਿਚ ਇਹਨਾਂ ਦੀ ਸੰਗਤ ਕਰਕੇ ਹੀ ਅੰਬਰਜੀਤ ਵੀ ਨਸ਼ਾ ਕਰਨਾ ਸ਼ੁਰੂ ਕਰ ਦਿੰਦਾ ਹੈ ਤੇ ਅੰਬਰਜੀਤ ਨਸ਼ੇ ਦੀ ਹਾਲਤ ਵਿਚ ਹਮੇਸ਼ਾ ਇਹੋ ਤੁੱਕ ਗਾਉਂਦਾ ਸੀ :

"ਮੈਨੂੰ ਦਿਸਦੀ ਘੁੰਗਰੂਆਂ ਵਾਲੀ ਸੁਲਫੇ ਦੀ ਲਾਟ ਵਰਗੀ।"4

ਨਾਵਲ ਵਿੱਚ ਇਕ ਹੋਰ ਘਟਨਾ ਸ਼ਾਮ ਸਿੰਘ ਅਤੇ ਮਲੂਕ ਸਿੰਘ ਦੀ ਆਪਸੀ ਲੜਾਈ ਵੀ ਇਕ ਸਮਾਜਿਕ ਸਮੱਸਿਆ ਵਜੋਂ ਪੇਸ਼ ਕੀਤੀ ਗਈ ਹੀ ਹੈ ਕਿ ਪੇਂਡੂ ਭਾਈਚਾਰਾ ਇਕ-ਦੂਜੇ ਦੇ ਵੈਰ-ਵਿਰੋਧ ਜਾਂ ਆਪਸੀ ਰੰਜਿਸ਼ ਕਾਰਨ ਇਕ-ਦੂਜੇ ਦਾ ਨੁਕਸਾਨ ਕਰਨ ਲਈ ਹਰ ਸਮੇਂ ਮੌਕੇ ਦੀ ਤਲਾਸ਼ ਵਿਚ ਰਹਿੰਦੇ ਹਨ। ਨਾਵਲ ਵਿਚਲੀ ਘਟਨਾ ਅਨੁਸਾਰ ਮਲੂਕ ਸਿੰਘ ਆਪਣੀ ਮੱਝ ਸ਼ਾਮ ਦੇ ਦਰਵਾਜ਼ੇ ਅੱਗੇ ਇਕ ਖਿੜਕੀ ਨਾਲ ਬੰਨ੍ਹਦਾ ਹੈ। ਜਦੋਂ ਸ਼ਾਮ ਸਿੰਘ ਦੇ ਰੋਕਣ 'ਤੇ ਵੀ ਮਲੂਕ ਸਿੰਘ ਮੱਝ ਬੰਨਣ ਤੋਂ ਨਹੀਂ ਹੱਟਦਾ ਤਾਂ ਸ਼ਾਮ ਸਿੰਘ ਆਪਣੇ ਦਰਵਾਜੇ ਸਾਹਮਣੇ ਇੱਕ ਟੋਆ ਪੁੱਟ ਦਿੰਦਾ ਹੈ। ਉਸ ਟੋਏ ਵਿਚ ਡਿੱਗਣ ਕਾਰਨ ਮੱਝ ਦੀ ਲੱਤ ਟੁੱਟ ਜਾਂਦੀ ਹੈ। ਹੁਣ ਮਲੂਕ ਸਿੰਘ ਆਪਣੇ ਗੁੱਸੇ 'ਤੇ ਕੰਟਰੋਲ ਨਹੀਂ ਕਰ ਪਾਉਂਦਾ ਤੇ ਗਲੀ ਵਿਚ ਆ ਕੇ ਸ਼ਾਮ ਸਿੰਘ ਨੂੰ ਗਾਲੀ-ਗਲੋਚ ਕਰਦਾ ਹੈ।

"ਤੇਰੀ ਓ ਭੈਣ ਦੀ ਵੱਡੇ ਬਦਮਾਸ਼ ਦੀ ਬਾਹਰ ਨਿਕਲ ਭੈਣ ਚੋ... ਬੇਜਬਾਨ ਤੇ ਹੱਥ ਚੁੱਕਣ ਵਾਲਿਆ। ਹਿੰਮਤ ਹੈ ਤਾਂ ਬਾਹਰ ਨਿਕਲ। ਕਿੱਥੇ ਜਨਾਨੀ ਦੀ ਬੁੱਕਲ 'ਚ ਵੜਿਆ ਬੈਠੇ।"5

ਮਲੂਕ ਸਿੰਘ ਆਪਣੇ ਆਪੇ ਤੋਂ ਬਾਹਰ ਹੋ ਜਾਂਦਾ ਹੈ। ਇਸ ਆਪਸੀ ਰੰਜਿਸ਼ ਦੇ ਚੱਲਦਿਆਂ ਇਕ ਹੋਰ ਘਟਨਾ ਵਾਪਰਦੀ ਹੈ ਜਿਸ ਵਿੱਚ ਸ਼ਾਮ ਸਿੰਘ ਆਪਣੇ ਘਰ ਤੰਦੂਰ ਵਿਚ ਕਾਫੀ ਜ਼ਿਆਦਾ ਅੱਗ ਬਾਲ ਦਿੰਦਾ ਹੈ। ਅੱਗ ਮਲੂਕ ਸਿੰਘ ਦੀ ਛੱਤ ਉੱਪਰ ਪਏ ਸੁੱਕੇ ਘਾਹ ਨੂੰ ਲੱਗ ਜਾਂਦੀ ਹੈ ਪਰ ਸਰਕਾਰੇ-ਦਰਬਾਰੇ ਮਲੂਕ ਸਿੰਘ ਦੀ ਜ਼ਿਆਦਾ ਪਹੁੰਚ ਹੋਣ ਕਾਰਨ ਉਹ ਸ਼ਾਮ ਸਿੰਘ ਉੱਪਰ ਆਪਣਾ ਦਬਕਾ ਕਾਇਮ ਕਰਦਾ ਹੋਇਆ ਵਿਖਾਇਆ ਗਿਆ ਹੈ। ਇਸ ਪ੍ਰਕਾਰ ਇਹਨਾਂ ਘਟਨਾਵਾਂ ਵਿਚ ਸਾਨੂੰ ਸ਼ਾਮ ਸਿੰਘ ਗੁਨਾਹਗਾਰ ਲੱਗਦਾ ਹੈ ਪਰ ਅਸਲੀਅਤ ਇਹ ਨਹੀਂ ਸਗੋਂ ਮਲੂਕ ਸਿੰਘ ਆਪਣੀ ਰਾਜਨੀਤਕ ਸੱਤਾ ਵਿਚ ਪਹੁੰਚ ਦਾ ਗਲਤ ਇਸਤੇਮਾਲ ਕਰਦਾ ਸੀ। ਇਹਨਾਂ ਘਟਨਾਵਾਂ ਵਿਚ ਅਸੀਂ ਨਿਆਇਕ ਪ੍ਰਬੰਧ ਦੀ ਪੇਸ਼ਕਾਰੀ ਕੀਤੀ ਵੇਖਦੇ ਹਾਂ ਕਿ ਪੁਲਿਸ ਪ੍ਰਬੰਧ ਵੀ ਆਪਣੇ ਐਸ਼ੋ-ਆਰਾਮ ਦੀ ਸਥਿਤੀ ਵਿਚ ਆਪਣੇ ਕਾਰਜ ਨੂੰ ਅਣਡਿੱਠਾ ਕਰਦਾ ਹੈ ਕਿਉਂਕਿ ਮਲੂਕ ਸਿੰਘ ਪੁਲਿਸ ਅਧਿਕਾਰੀਆ ਨਾਲ ਹਮੇਸ਼ਾ ਹੀ ਸ਼ਰਾਬ ਪੀਂਦਾ ਤੇ ਮੀਟ ਖਾਂਦਾ ਵਿਖਾਇਆ ਗਿਆ, ਜਿਸ ਕਾਰਨ ਪੁਲਿਸ ਵਾਲੇ ਮਲੂਕ ਸਿੰਘ ਦੀ ਹਰ ਗੱਲ ਨੂੰ ਆਸਾਨੀ ਨਾਲ ਮੰਨ ਲੈਂਦੇ ਸਨ ਤੇ ਉਸ ਦੀ ਮਦੱਦ ਕਰਦੇ ਹਨ, ਚਾਹੇ ਗਲਤੀ ਮਲੂਕ ਸਿੰਘ ਦੀ ਆਪਣੀ ਹੀ ਹੋਵੇ। ਨਾਵਲ ਵਿਚ ਇਕ ਹੋਰ ਕਾਂਡ ਜਿਸ ਵਿਚ ਡਰਾਈਵਰੀ ਅਤੇ ਸ਼ਰਾਬ ਦਾ ਕੋਈ ਮੇਲ ਨਹੀਂ ਅਤੇ ਕਿਵੇ ਸ਼ਰਾਬ ਦੀ ਹਾਲਤ ਵਿਚ ਦੋ ਡਰਾਈਵਰ ਆਪਸੀ ਹੋਸ਼ ਗਵਾ ਲੈਂਦੇ ਹਨ ਤੇ ਇਕ-ਦੂਜੇ 'ਤੇ ਕਾਤਲਾਨਾ ਹਮਲਾ ਕਰ ਦਿੰਦੇ ਹਨ। ਇਵੇਂ ਹੀ ਮਲੂਕ ਸਿੰਘ ਵੀ ਨਸ਼ੇ ਦੀ ਹਾਲਤ ਵਿਚ ਇਕ ਕੁੜੀ ਦੀ ਸੜਕ ਦੁਰਘਟਨਾ ਵਿਚ ਜੀਵਨ ਲੀਲਾ ਸਮਾਪਤ ਕਰ ਦਿੰਦਾ ਹੈ। ਬਾਅਦ ਵਿਚ ਮਲੂਕ ਸਿੰਘ ਆਪਣੇ ਦੋ ਸਹਾਇਕ ਪਰਦੇਸੀ ਮਜਦੂਰਾਂ ਦੀ ਮਦਦ ਨਾਲ ਲਾਸ਼ ਠਿਕਾਣੇ ਲਾਉਂਦਾ ਹੈ। ਇੱਥੇ ਨਾਵਲਕਾਰ ਸਮਾਜ ਨੂੰ ਜਾਗਰੂਕ ਕਰਦਾ ਵਿਖਾਈ ਦਿੰਦਾ ਹੈ ਕਿ ਡਰਾਈਵਰੀ ਸਮੇਂ ਸਰਾਬ ਕਿਵੇਂ ਬੇਕਸੂਰ ਮਹਿਲਾ ਦੀ ਮੌਤ ਦਾ ਕਾਰਨ ਬਣ ਜਾਂਦੀ ਹੈ। ਇਸ ਲਈ ਇਹ ਘਟਨਾ ਵੀ ਸਾਡੀ ਸਮਾਜਿਕ ਸਮੱਸਿਆ ਨੂੰ ਪੇਸ਼ ਕਰਦੀ ਦਿਖਾਈ ਗਈ ਹੈ। ਨਾਵਲ ਵਿਚਲੇ ਪਾਤਰ ਜੀਤੇ ਦਾ ਸ਼ਿੰਦੀ ਨਾਲ ਪਿਆਰ ਪੈਣਾ ਵੀ ਇਕ ਨਵੀਂ ਸਮੱਸਿਆ ਵੱਲ ਧਿਆਨ ਕੇਂਦਰਿਤ ਕਰਦਾ ਹੈ। ਜਿੱਥੇ ਜੀਤਾ ਤੇ ਸ਼ਿੰਦੀ ਦੋਵੇਂ ਇੱਕ ਦੂਜੇ ਨੂੰ ਹੱਦੋਂ ਵੱਧ ਪਿਆਰ ਕਰਦੇ ਹਨ ਪਰ ਦੋਵਾਂ ਦੇ ਪਰਿਵਾਰਾਂ ਵਿੱਚ ਗਰੀਬੀ-ਅਮੀਰੀ ਦਾ ਵੱਡਾ ਫਾਸਲਾ ਹੈ। ਜੀਤਾ ਇੱਕ ਗਰੀਬ ਪਰਿਵਾਰ ਤੇ ਨੀਵੀਂ ਜਾਤੀ ਨਾਲ ਸੰਬੰਧ ਰੱਖਦਾ ਹੈ, ਦੂਜੇ ਪਾਸੇ ਸ਼ਿੰਦੀ ਇਕ ਅਮੀਰ ਪਰਿਵਾਰ ਦੀ ਇਕਲੌਤੀ ਔਲਾਦ ਹੈ ਅਤੇ ਨੰਬਰਦਾਰਾਂ ਦੀ ਧੀ ਹੈ। ਦੋਵਾਂ ਵਿੱਚ ਗਰੀਬੀ ਅਮੀਰੀ ਤੋਂ ਇਲਾਵਾ ਜਾਤੀ ਦਾ ਵੀ ਕਾਫੀ ਵੱਡਾ ਫਰਕ ਵਿਖਾਈ ਦਿੰਦਾ ਹੈ। ਜੀਤੇ ਦੇ ਅੰਦਰ ਇਹ ਭੈਅ ਨਾਵਲ ਦੇ ਅੰਤ ਤੱਕ ਬਣਿਆ ਰਹਿੰਦਾ ਹੈ। ਜੀਤਾ ਸ਼ਿੰਦੀ ਦੇ ਪਰਿਵਾਰ ਤੋਂ ਕਾਫੀ ਡਰ ਮੰਨਦਾ ਹੈ। ਨਾਲ ਹੀ ਨਾਵਲਕਾਰ ਨਾਵਲ ਦੇ ਅੰਤ ਵਿਚ ਇਕ ਤਿਕੋਣੀ ਪ੍ਰੇਮ ਕਹਾਣੀ ਨੂੰ ਪੇਸ਼ ਕਰਦਾ ਹੈ। ਇੱਥੇ ਸ਼ਿੰਦੀ ਨੂੰ ਇਕ ਯੁਵਰਾਜ ਨਾਮ ਦਾ ਮੁੰਡਾ ਵੀ ਪਿਆਰ ਕਰਨਾ ਸ਼ੁਰੂ ਕਰ ਦਿੰਦਾ ਹੈ ਪਰ ਯੁਵਰਾਜ ਆਪਣੇ ਪਿਆਰ ਨੂੰ ਪ੍ਰਵਾਨ ਨਾ ਚੜ੍ਹਦੇ ਵੇਖਕੇ ਆਪਣੇ-ਆਪ ਆਪਣੀ ਜੀਵਨ ਲੀਲਾ ਸਮਾਪਤ ਕਰ ਦਿੰਦਾ ਹੈ। ਇਹ ਵੀ ਅੱਜ ਦੇ ਸਮਾਜ ਦੀ ਇਕ ਸੱਚਾਈ ਹੈ ਕਿ ਅੱਜ ਦਾ ਨੌਜਵਾਨ ਵਰਗ ਆਪਣੀਆ ਇਛਾਵਾਂ ਤੇ ਕਾਮਨਾਵਾਂ ਦੀ ਪੂਰਤੀ ਨਾ ਹੁੰਦੇ ਵੇਖ ਕੇ ਆਪਣੇ ਜੀਵਨ ਨੂੰ ਖਤਮ ਕਰਨ ਤੇ ਉਤਰ ਜਾਂਦਾ ਹੈ।

**ਨਵੀਂ ਕਲਮ** **ਕਵਿਤਾ / ਪੰਜਾਬ ਬੇਚਾਰਾ / ਗੋਰਾ ਕਨਸੂਹਾ**



ਦੇਖੋ ਅੱਜ ਪੰਜਾਬ ਮੇਰੇ ਨੂੰ
ਬਹੁਤ ਹੀ ਪਿੱਛੇ ਪੈ ਗਿਆ ਏ
ਕੁੱਝ ਲੁੱਟਿਆ ਇਸਨੂੰ ਮੁਗਲਾਂ ਨੇ
ਬਾਕੀ ਲੁੱਟ ਅੰਗਰੇਜ਼ ਲੈ ਗਿਆ ਏ।
ਬਚਿਆ ਥੋੜ੍ਹਾ ਬਹੁਤ ਜੋ
ਏਨਾ ਮੰਤਰੀਆਂ ਹੱਥ ਰਹਿ ਗਿਆ ਏ।
ਕਿੱਧਰ ਜਾਏ ਪੰਜਾਬ ਬੇਚਾਰਾ
ਬੱਸ ਨਸ਼ਾ ਤੇ ਪਛਤਾਵਾ
ਬਾਕੀ ਰਹਿ ਗਿਆ ਏ।

ਸੋਨੇ ਦੀ ਚਿੜੀ ਹੁੰਦਾ ਸੀ
ਅੱਜ ਦੁੱਖ ਹਨੇਰੀ ਵਹਿ ਗਿਆ ਏ।
ਚੀਸ ਕਿਸੇ ਦੀ ਨਾ ਹੁਣ ਸਮਝੇ
ਬੰਦਾ ਮਤਲਬੀ ਬਣ ਕੇ ਬਹਿ ਗਿਆ ਏ।
ਦਾਨੀ ਸੀ ਜੋ ਸੱਜਣ ਪਿਆਰਾ
ਅੱਜ ਕਰਜ਼ੇ ਦੇ ਵਿੱਚ
ਢਹਿ ਗਿਆ ਏ।
ਕਿੱਧਰ ਜਾਏ ਪੰਜਾਬ ਬੇਚਾਰਾ
ਬੱਸ ਨਸ਼ਾ ਤੇ ਪਛਤਾਵਾ
ਬਾਕੀ ਰਹਿ ਗਿਆ ਏ।।

ਅੰਨ ਦਾਤਾ ਸੀ ਦੁਨੀਆਂ ਦਾ
ਅੱਜ ਖੁਦ ਹੀ ਭੁੱਖਾ ਰਹਿ ਗਿਆ ਏ।
ਦੂਜਿਆਂ ਲਈ ਲੜਦਾ ਸੀ ਜੋ
ਜੰਗ ਨਸ਼ਿਆਂ ਦੀ 'ਚ ਬਹਿ ਗਿਆ ਏ।
ਬਹਾਦਰੀ ਦਾ ਪਰਤੀਕ ਹੁੰਦਾ ਸੀ
ਅੱਜ ਖੁਦ ਤੋਂ
ਹਾਰ ਕੇ ਢਹਿ ਗਿਆ ਏ।
ਕਿੱਧਰ ਜਾਏ ਪੰਜਾਬ ਬੇਚਾਰਾ
ਬੱਸ ਨਸ਼ਾ ਤੇ ਪਛਤਾਵਾ
ਬਾਕੀ ਰਹਿ ਗਿਆ ਏ।।

ਉਠਦੀ ਆ ਲਾਟ ਸੀਨੇ 'ਚੋਂ
ਕੌਣ ਚੋਰਾਂ ਨੂੰ ਮੱਦਦ ਦੇ ਗਿਆ ਏ।
ਮਾਰ ਦਿਆਂ ਮੈਂ ਉਸ ਪਾਪੀ ਨੂੰ
ਜੋ ਮਾਂ ਮਿੱਟੀ ਨੂੰ
ਧੋਖਾ ਦੇ ਗਿਆ ਏ।
ਕਿੰਨਾ ਜੁਲਮ ਸਹਿਆ ਪੰਜਾਬ ਨੇ
ਗੋਰਾ ਕਨਸੂਹਾ ਅੱਖਾਂ ਭਰ ਕੇ
ਬਹਿ ਗਿਆ ਏ।
ਕਿੱਧਰ ਜਾਏ ਪੰਜਾਬ ਬੇਚਾਰਾ
ਵੱਸ ਨਸ਼ਾ ਤੇ ਪਛਤਾਵਾ
ਬਾਕੀ ਰਹਿ ਗਿਆ ਏ।।

ਇਸ ਪ੍ਰਕਾਰ ਬਲਜੀਤ ਸਿੰਘ ਪਪਨੇਜਾ ਦਾ ਹੱਥਲਾ ਨਾਵਲ "ਸਿਵਿਆਂ ਦੇ ਰਾਹੀ" ਵਰਤਮਾਨ ਸਮੇਂ ਵਿਚ ਵਾਪਰ ਰਹੀਆਂ ਅਨੇਕ ਹੀ ਸਮੱਸਿਆਵਾਂ ਨੂੰ ਦਰਸਾਉਂਦਾ ਹੈ। ਜਿਵੇਂ ਕਿ ਪੰਜਾਬ ਦੀ ਜਵਾਨੀ ਦਾ ਨਸ਼ਿਆਂ ਵੱਲ ਵਧਦਾ ਝੁਕਾਅ, ਅਮੀਰ-ਗਰੀਬ ਵਰਗ ਦੀ ਆਰਥਿਕ ਸਥਿਤੀ, ਰਾਜਨੀਤਕ ਸੱਤਾ ਦੇ ਦਬ-ਦਬੇ ਅੰਦਰ ਕਾਰਜ ਕਰਦੀਆਂ ਇਕਾਈਆਂ, ਪੁਲਿਸ-ਪ੍ਰਬੰਧ, ਟਰੱਕ ਯੂਨੀਅਨ ਦੀ ਕਾਰਜ-ਸ਼ੈਲੀ, ਅਦਾਲਤੀ ਨਿਆਇਕ ਪ੍ਰਬੰਧ ਦੇ ਨਾਲ-ਨਾਲ ਹਥਿਆਰਬਾਜੀ ਦਾ ਵੱਧ ਰਿਹਾ ਸ਼ੌਕ ਜੋ ਮਨੁੱਖੀ ਜਿੰਦਗੀ ਨੂੰ ਦਿਨ ਪ੍ਰਤੀ ਦਿਨ ਘਟਾਉਂਦਾ ਜਾ ਰਿਹਾ ਹੈ। ਨਾਵਲ ਵਿਚ ਪੇਸ਼ ਤਿਕੋਣੀ ਪ੍ਰੇਮ ਕਹਾਣੀ ਵੀ ਆਧੁਨਿਕ ਸਮੱਸਿਆ ਦੀ ਪੇਸ਼ਕਾਰੀ ਹੈ।ਅੰਤ ਵਿੱਚ ਅਸੀਂ ਕਹਿ ਸਕਦੇ ਹਾ ਕਿ ਨਾਵਲਕਾਰ ਨੇ ਇਨ੍ਹਾਂ ਵੱਖ-ਵੱਖ ਘਟਨਾਵਾ ਨਾਲ ਸਮਾਜ ਵਿਚਲੀ ਸੱਚਾਈ ਨੂੰ ਬਾਖੂਬੀ ਬਿਆਨਿਆ ਹੈ। ਨਾਵਲਕਾਰ ਵਧਾਈ ਦਾ ਪਾਤਰ ਹੈ। ਜੋ ਆਪਣੀ ਕਲਾ ਰਾਹੀ ਪਾਠਕ ਸਾਹਮਣੇ ਸਮੱਸਿਆਵਾਂ ਦੇ ਨਾਲ-ਨਾਲ ਸੁਝਾਅ ਪੇਸ਼ ਕਰਨ ਵਿੱਚ ਵੀ ਸਫਲ ਹੋਇਆ ਹੈ।

**ਹਵਾਲੇ ਅਤੇ ਟਿੱਪਣੀਆਂ**

1. ਬਲਜੀਤ ਸਿੰਘ ਪਪਨੇਜਾ, ਸਿਵਿਆਂ ਦੇ ਰਾਹੀ, ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ, 2023, ਪੰਨਾ ਨੰ-30
2. ਉਹੀ ,ਪੰਨਾ -17
3. ਉਹੀ, ਪੰਨਾ -96
4. ਉਹੀ, ਪੰਨਾ -29
5. ਉਹੀ, ਪੰਨਾ -33

**ਸਹਾਇਕ ਪ੍ਰੋਫੈਸਰ,**
**ਪੋਸਟ ਗ੍ਰੈਜੂਏਟ ਸਰਕਾਰੀ ਕਾਲਜ,**
**ਚੰਡੀਗੜ੍ਹ**

## ਹਰਿਭਜਨ ਸਿੰਘ ਦੇ ਕਾਵਿ ਦੀਆਂ ਕਾਵਿ ਜੁਗਤਾਂ / ਮਨਦੀਪ ਸਿੰਘ

ਡਾ. ਹਰਿਭਜਨ ਸਿੰਘ ਪੰਜਾਬੀ ਆਲੋਚਨਾ,ਸਾਹਿਤ੍ ਸਿਰਜਣਾ ਅਤੇ ਅਧਿਐਨ ਤੇ ਅਧਿਆਪਨ ਨਾਲ ਸੰਬੰਧਿਤ ਵਿਦਵਾਨ ਹਨ ਅਤੇ ਜੋ ਆਪਣੇ ਸਾਹਿਤ-ਚਿੰਤਨ ਨੂੰ ਬਹੁ ਭਾਸ਼ਾਈ ਅਤੇ ਬਹੁ-ਪੱਧਰੀ ਰੂਪ ਵਿੱਚ ਪੇਸ਼ ਕਰਦੇ ਹਨ।ਡਾ.ਹਰਿਭਜਨ ਸਿੰਘ ਇੱਕ ਆਲੋਚਕ ਹੋਣ ਕਾਰਨ ਕਾਵਿ-ਕਿਰਤ ਦੀਆਂ ਡੂੰਘ ਬਰੀਕੀਆਂ ਦੇ ਜਾਣੂ ਸਨ ਜੋ ਇੱਕੋ ਵੇਲੇ ਕਾਵਿ-ਰਚਨਾ ਅਤੇ ਕਾਵਿ-ਸ਼ਾਸਤਰ ਦੇ ਪਰਸਪਰ ਵਿਰੋਧੀ ਖੇਤਰਾਂ ਦੀ ਸਿਰਜਣਾਤਮਕ ਯੋਗਤਾ ਅਤੇ ਵਿਸ਼ਲੇਸ਼ਣਾਤਮਿਕ ਯੋਗਤਾ ਵਿੱਚ ਨਿਪੁੰਨ ਸਨ। ਸਾਹਿਤ ਆਲੋਚਨਾ ਵਿੱਚ ਉਹ ਰੂਪਵਾਦੀ ਅਤੇ ਸੰਰਚਨਾਵਾਦੀ ਆਲੋਚਕ ਵਜੋਂ ਪ੍ਰਸਿੱਧ ਹੋਏ ਅਤੇ ਕਵਿਤਾ ਵਿੱਚ ਨਵੇਂ ਸੁਹਜਾਤਮਕ ਮੁੱਲਾਂ ਨਾਲ ਨਵੇਂ ਕੀਮਤਾਂ ਅਤੇ ਮੁੱਲਾਂ ਦੀ ਪੇਸ਼ਕਾਰੀ ਕੀਤੀ।ਉਹਨਾਂ ਦਾ ਪਹਿਲਾਂ ਕਾਵਿ-ਸੰਗ੍ਰਹਿ ਲਾਸ਼ਾਂ ਹੈ ਜੋ 1956 ਵਿੱਚ ਛਪਿਆ। ਡਾ.ਹਰਿਭਜਨ ਸਿੰਘ ਨੇ ਆਪਣੇ ਗੀਤਾਂ ਅਤੇ ਪ੍ਰਗੀਤਾਂ ਨੂੰ ਮਾਨਵੀ ਜ਼ੁਬਾਨ ਦਿੱਤੀ ਹੈ ਜਿਹਨਾਂ ਵਿੱਚ ਉਹਨਾਂ ਨੇ ਮਾਨਵੀ ਪੀੜ ਅਤੇ ਦਰਦ ਨੂੰ ਮਧੁਰ ਗੀਤਾਂ,ਨਵੀਂ ਬਿੰਬਾਵਲੀ ਅਤੇ ਨਿੱਜੀ ਪ੍ਰਤੀਕਾਂ ਦੇ ਰੂਪ ਵਿੱਚ ਪੇਸ਼ ਕੀਤਾ ਹੈ।ਡਾ. ਹਰਿਭਜਨ ਸਿੰਘ ਦੀ ਕਾਵਿ-ਸਿਰਜਣਾ ਵੀਹਵੀਂ ਸਦੀ ਦੇ ਆਰ-ਪਾਰ ਫ਼ੈਲੀ ਹੋਈ ਹੈ ਜਿਸ ਕਰਕੇ ਹਰਿਭਜਨ ਸਿੰਘ ਦੀ ਕਾਵਿ-ਰਚਨਾ ਕੇਵਲ ਇੱਕ ਵਾਦ ਜਾਂ ਵਿਚਾਰਧਾਰਾ ਤੱਕ ਸੀਮਿਤ ਨਹੀਂ ਹੈ।"ਹਰਿਭਜਨ ਸਿੰਘ ਨੇ ਹਰ ਪ੍ਰਚਲਿਤ ਲਹਿਰ ਨਾਲ ਕਦਮ ਮਿਲਾ ਕੇ ਤੁਰਨ ਦਾ ਸਾਹਸ ਕੀਤਾ ਹੈ।ਇਸ ਪੱਖੋਂ ਉਸ ਦੀ ਕਾਵਿ ਰਚਨਾ ਦੀ ਇਕ ਵਿਸ਼ੇਸ਼ ਉਪਯੋਗਿਤਾ ਤਾਂ ਹੈ ਹੀ।ਉਹ ਇਹ ਕਿ ਪ੍ਰਗਤੀਵਾਦ, ਉੱਤਰ ਪ੍ਰਗਤੀਵਾਦ, ਰੋਮਾਂਸਵਾਦ, ਪ੍ਰਯੋਗਵਾਦ, ਨਵ-ਸਿਖ-ਵਾਦ ਅਤੇ ਆਧੁਨਿਕਤਾਵਾਦ ਭਾਵ ਇਹ ਕਿ ਹਰ ਪ੍ਰਚਲਿਤ ਪਰ ਸੁਖਾਵੀਂ ਲਹਿਰ ਦੇ ਪ੍ਰਭਾਵਾਂ ਨੂੰ ਉਸ ਨੇ ਆਪਣੀ ਸੁਭਾਵਿਕ ਮਧੁਰਤਾ ਕੋਮਲ ਸੁਹਜਵਾਦਤਾ ਤੇ ਵਿਸ਼ਾਲ ਅਧਿਐਨ ਦੇ ਰੰਗਾਂ ਵਿਚ ਰੰਗ-ਰੰਗ ਕੇ ਪ੍ਰਕਾਸ਼ਮਾਨ ਕੀਤਾ।ਇਸ ਕਵਿਤਾ ਦੇ ਸ਼ਿਲਪੀ ਸੁਹਜ ਜਾਂ ਜਟਿਲ ਬਣਤਰ ਦੇ ਕੌਸ਼ਲ ਤੋਂ ਕੋਈ ਇਨਕਾਰ ਨਹੀਂ।"1 ਹਰਿਭਜਨ ਸਿੰਘ ਨੇ ਜ਼ਿਆਦਾਤਰ ਪ੍ਰਗੀਤ ਕਾਵਿ-ਰੂਪ ਦੀ ਸਿਰਜਣਾ ਕੀਤੀ ਜਿਸ ਵਿੱਚ ਵਿਅਕਤੀਗਤ ਭਾਵ ਪੂਰੀ ਵੇਦਨਾ ਅਤੇ ਸੁਹਜ ਨਾਲ ਪੇਸ਼ ਹੁੰਦੇ ਹਨ।ਇਹ ਪ੍ਰਗੀਤ ਰਚਨਾ ਸੰਬੋਧਨ ਬਿਰਤੀ ਨਾਲ ਵੀ ਪੇਸ਼ ਹੁੰਦੀ ਹੈ।ਸੰਬੋਧਨੀ ਸੁਰ ਵੀ ਇੱਕ ਰੂਪਾਕਾਰ ਹੈ।ਹਰਿਭਜਨ ਸਿੰਘ ਦੀ ਪ੍ਰਗੀਤ ਰਚਨਾ ਬਾਹਰਮੁਖੀ ਨਹੀਂ ਹੈ।ਪਰੰਤੂ ਇਸ ਵਿੱਚ ਰੂਪ ਅਤੇ ਵਿਸ਼ੇ ਦੀ ਬਣਤਰ ਬਾਕੀ ਕਾਵਿ ਰੂਪਾਂ ਦੀ ਤਰ੍ਹਾਂ ਹੀ ਹੁੰਦੀ ਹੈ।ਸਾਹਿਤ ਆਲੋਚਨਾ ਵਿੱਚ ਪ੍ਰਮੁੱਖ ਤੱਤ ਰੂਪ ਅਤੇ ਵਸਤੂ ਨੂੰ ਇੱਕ ਸਮਝਣਾ ਹੈ।ਕਿਸੇ ਸਾਹਿਤਕ ਰਚਨਾ ਵਿੱਚ ਰੂਪ ਅਤੇ ਵਸਤੂ ਆਪਸ ਵਿੱਚ ਏਨੇ ਇਕਮਿਕ ਹੋਏ ਹੁੰਦੇ ਹਨ ਕਿ ਉਹਨਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ।

"ਵੇ ਮੈਂ ਭਰੀ ਸੁਗੰਧੀਆਂ ਪੌਣ
ਸਜਨ ਤੇਰੇ ਬੂਹੇ
ਵੇ ਤੂੰ ਇਕ ਵਾਰੀ ਤਕ ਲੈ ਕੌਣ
ਸਜਨ ਤੇਰੇ ਬੂਹੇ"2

ਇਹਨਾਂ ਦਾ ਵੱਖੋ-ਵੱਖਰਾ ਅਧਿਐਨ ਸੰਭਵ ਹੀ ਨਹੀਂ।ਸਾਹਿਤ ਦਾ ਸਮੁੱਚਾ ਅਧਿਐਨ ਰੂਪ ਅਤੇ ਵਸਤੂ ਨੂੰ ਇੱਕ ਸਾਂਝੀ ਇਕਾਈ ਮੰਨ ਕੇ ਕੀਤਾ ਜਾ ਸਕਦਾ ਹੈ।ਡਾ. ਹਰਿਭਜਨ ਸਿੰਘ ਨੇ ਸ਼ਪੱਸ਼ਟ ਕੀਤਾ ਹੈ ਕਿ ਵਸਤੂ ਨਿਸ਼ਚਿਤ ਰੂਪ ਵਿੱਚ ਢਲਣ ਤੋਂ ਬਾਅਦ ਵਿਸ਼ਾ ਰੂਪ ਦਾ ਹੀ ਇੱਕ ਅੰਗ ਬਣ ਜਾਂਦਾ ਹੈ।ਇਸ ਤਰ੍ਹਾਂ ਰੂਪ ਦਾ ਅਧਿਐਨ ਵਿਸ਼ੇ ਦੇ ਨਾਲ਼ ਹੀ ਕੀਤਾ ਜਾ ਸਕਦਾ ਹੈ।ਰੂਪ ਦਾ ਅਧਿਐਨ ਹੀ ਸਮੁੱਚੇ ਰੂਪ ਵਿੱਚ ਵਸਤੂ ਦਾ ਅਧਿਐਨ ਹੈ। ਪ੍ਰਯੋਗਵਾਦੀ ਆਲੋਚਕਾਂ ਨੇ ਹਰਿਭਜਨ ਸਿੰਘ ਦੇ ਗੀਤਾਂ ਦੇ ਅਰਥ-ਪ੍ਰਬੰਧ ਦੀ ਨਿਸ਼ਾਨਦੇਹੀ ਕੀਤੀ ਅਤੇ ਇਸ ਨੂੰ ਪਰੰਪਰਾ ਦੇ ਪ੍ਰਭਾਵ ਹੇਠਾਂ ਆਧੁਨਿਕਤਾ ਦੀ ਸੰਕਲਪ ਚੇਤਨਾ ਜਾਂ ਵਿਚਾਰਧਾਰਾ ਦੇ ਸੰਦਰਭ ਵਿੱਚ ਦੁਵੱਲੇ ਵਿਰੋਧਾਂ ਦੀ ਸਿਰਜਣਕਾਰੀ ਦੱਸਿਆ।ਇਸ ਆਲੋਚਨਾਤਮਿਕ ਵਿਆਖਿਆ ਦਾ ਹਰਿਭਜਨ ਸਿੰਘ ਆਪਣੀ ਆਲੋਚਨਾਤਮਿਕ ਦ੍ਰਿਸ਼ਟੀ ਅਨੁਸਾਰ ਵਿਸ਼ਲੇਸ਼ਣ ਕਰਦੇ ਹਨ।"ਇਕ ਸੁਹਜਵਾਦੀ ਪੜਾਓ ਨਿਰੋਲ ਮੇਰੇ ਲਈ ਤਜਵੀਜ਼ ਕੀਤਾ ਗਿਆ ਹੈ।ਮੈਂ ਇਸ ਪੜਾਓ ਦੇ ਸਫ਼ਰ ਨੂੰ ਆਪਣੇ ਵਿਕਾਸ ਦਾ ਸੂਚਕ ਕਦੇ ਨਹੀਂ ਸਮਝਿਆ.........ਜੇ ਨਿਰੋਲ ਆਪਣੇ ਲਈ ਪ੍ਰਚਲਿਤ ਸੁਹਜਵਾਦੀ ਵਿਸ਼ਲੇਸ਼ਣ ਉੱਪਰ ਇਤਬਾਰ ਕੀਤਾ ਜਾਵੇ ਤਾਂ ਮੈਂ ਇਸ ਯਤਨ ਵਿਚ ਖਾਸਾ ਸਫ਼ਲ ਰਿਹਾ ਪਰ ਸਫ਼ਲਤਾ ਦਾ ਰਸਤਾ ਸਿਰਜਨਾ ਦਾ ਰਸਤਾ ਨਹੀਂ।"3

ਸਾਹਿਤ ਇੱਕ ਤਰ੍ਹਾਂ ਦਾ ਸੰਸਾਰ ਹੈ ਉਸ ਵਿੱਚ ਵੀ ਇੱਕ ਸਮਾਜ-ਪ੍ਰਬੰਧ ਤੇ ਸਮਾਜ ਭਾਵਨਾ ਦਾ ਚਿੱਤਰ ਮਿਲ ਸਕਦਾ ਹੈ।ਸਾਹਿਤ ਸੰਸਾਰ ਵਿੱਚ ਸਾਹਿਤਕ ਭੇਦ ਵੱਖ-ਵੱਖ ਸਾਹਿਤ ਰੂਪਾਂ ਰਾਹੀਂ ਪੈਦਾ ਕੀਤੇ ਜਾਂਦੇ ਹਨ।ਇਹਨਾਂ ਸਾਹਿਤ ਰੂਪਾਂ ਦੁਆਰਾ ਸਾਹਿਤ ਦੇ ਅਰਥ-ਪ੍ਰਬੰਧ ਨੂੰ ਵੱਖ-ਵੱਖ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਸਾਹਿਤ-ਰਚਨਾ ਦੇ ਸ਼ਬਦ ਸੰਸਾਰ ਵਿੱਚ ਇੱਕ ਵਾਕ ਜਾਂ ਸ਼ਬਦ ਰਚਨਾ ਦੇ ਰੂਪ ਅਨੁਸਾਰ ਅਰਥ ਕੀਤੇ ਜਾਂਦੇ ਹਨ ਅਤੇ ਉਸ ਦਾ ਪ੍ਰਯੋਜਨ ਨਿਰਧਾਰਿਤ ਕੀਤਾ ਜਾਂਦਾ ਹੈ।ਜਿਵੇਂ ਬਿਰਤਾਂਤਕ ਸਾਹਿਤ ਰੂਪਾਂ ਦੇ ਅਰਥ-ਪ੍ਰਬੰਧ ਵਿੱਚ ਅਰਥ ਨਿਰਧਾਰਨ ਪ੍ਰਕਿਰਿਆ ਮਿਥ, ਗਾਲਪਨਿਕ ਅਤੇ ਇਤਿਹਾਸਕ ਪੱਧਰ ਉੱਪਰ ਵੱਖਰੇ-ਵੱਖਰੇ ਅਰਥਾਂ ਦੀ ਧਾਰਨੀ ਬਣਦੀ ਹੈ।ਕਾਵਿ-ਸਿਰਜਣਾ ਪੱਧਰ ਉੱਪਰ ਕਵਿਤਾ ਵੱਖ-ਵੱਖ ਰੂਪਾਂ ਨਾਲ ਅਰਥ ਸਪੱਸ਼ਟ ਕਰਦੀ ਹੈ।ਕਵਿਤਾ ਦੇ ਰੂਪ ਪੱਧਰ ਉੱਪਰ ਕੁੱਝ ਖ਼ਾਸ ਤੱਤ ਹਨ ਜਿਹੜੇ ਕਵਿਤਾ ਨੂੰ ਬਾਕੀ ਸਾਹਿਤ ਰੂਪਾਂ ਤੋਂ ਵੱਖ ਕਰਦੇ ਹਨ। ਇਸ ਤਰ੍ਹਾਂ ਕਿਸੇ

ਸਾਹਿਤਕ ਰਚਨਾ ਦਾ ਆਪਣਾ ਸ਼ਿਲਪ-ਵਿਧਾਨ ਹੁੰਦਾ ਹੈ ਜਿਸ ਵਿੱਚ ਕੁਝ ਖ਼ਾਸ ਜਾਤੀਗਤ ਸਾਂਸਕ੍ਰਿਤਕ ਅਰਥ-ਪ੍ਰਬੰਧ ਦੇ ਪੈਰਾਮੀਟਰ ਹੁੰਦੇ ਹਨ। ਡਾ.ਹਰਿਭਜਨ ਸਿੰਘ ਕਾਵਿ-ਸਿਰਜਣਾ ਵੇਲੇ ਸ਼ਬਦਾਂ ਦੀ ਸੰਖੇਪ ਵਰਤੋਂ ਕਰਦਾ ਹੈ ਜਿਸ ਨਾਲ ਕਵਿਤਾ ਲੈਅ ਬੱਧ ਵੀ ਰਹਿੰਦੀ ਹੈ ਅਤੇ ਅਰਥ-ਪ੍ਰਬੰਧ ਨੂੰ ਪੀਡਿਆਂ ਵੀ ਕਰਦੀ ਹੈ। ਸ਼ਬਦਾਂ ਦੀ ਸੀਮਿਤ ਤੇ ਸ਼ਪੱਸ਼ਟ ਵਰਤੋਂ ਕਾਵਿ-ਕਿਰਤ ਨੂੰ ਮੁੱਲਵਾਨ ਬਣਾ ਦਿੰਦੀ ਹੈ ਜਿਸ ਵਿੱਚ ਰੂਪ ਅਤੇ ਵਸਤੂ ਸਮਾਨ ਰੂਪ ਵਿੱਚ ਸਾਰਥਕ ਭੂਮਿਕਾ ਨਿਭਾਉਂਦੇ ਹਨ। "ਹਰਿਭਜਨ ਸਿੰਘ ਘੱਟ ਵਰਤੇ ਲਫ਼ਜ਼ ਐਸੇ ਤਰੀਕੇ ਨਾਲ ਵਰਤਦਾ ਹੈ ਕਿ ਉਨ੍ਹਾਂ ਵਿਚ ਨਵਾਂ ਜਾਦੂ ਆ ਜਾਂਦਾ ਹੈ। ਲਫ਼ਜ਼ਾਂ ਦਾ ਇਸਤੇਮਾਲ ਇਕ ਜੁਗਤ ਵੀ ਹੈ ਤੇ ਕਲਾ ਵੀ। ਇਨ੍ਹਾਂ ਦੋਹਾਂ ਸ਼ਕਤੀਆਂ ਦਾ ਹਰਿਭਜਨ ਸਿੰਘ ਮਾਲਕ ਹੈ।"4 ਕਵਿਤਾ ਭਾਵਨਾਵਾਂ ਦੀ ਉਸਾਰੀ ਹੈ ਅਤੇ ਇਹ ਭਾਵਨਾਵਾਂ ਕਾਵਿ ਦੇ ਵੱਖ-ਵੱਖ ਰੂਪਾਂ ਵਿੱਚ ਪੇਸ਼ ਹੁੰਦੀਆਂ ਹਨ। ਸਾਹਿਤਕਾਰ ਜ਼ਿਆਦਾਤਰ ਭਾਵਨਾਵਾਂ ਨੂੰ ਤਰਜੀਹ ਦਿੰਦਾ ਹੈ। ਆਧੁਨਿਕ ਕਵਿਤਾ ਪਰੰਪਰਾ ਦੀ ਥਾਂ ਨਵੇਂ ਅਰਥਾਂ ਅਤੇ ਨਵੇਂ ਰੂਪਾਂ ਵਿੱਚ ਲਿਖੀ ਜਾ ਰਹੀ ਹੈ। ਕਵਿਤਾ ਦਾ ਰੂਪ ਹੀ ਇਸ ਦਾ ਸ਼ਿਲਪ-ਵਿਧਾਨ ਹੈ ਜਿਸ ਦਾ ਆਪਣਾ ਰੂਪ, ਸੌਂਦਰਯ ਅਤੇ ਅਰਥ-ਵਿਧਾਨ ਹੈ। ਕਵਿਤਾ ਦੇ ਸਰੂਪ ਬਾਰੇ ਚਰਚਾ ਕਰਦਿਆਂ ਸਾਨੂੰ ਰੂਪ ਅਤੇ ਵਸਤੂ ਦੀ ਪ੍ਰਤਿਰੋਧੀ ਅਵਸਥਾ ਜਾਂ ਸੰਜੋਗੀ ਅਵਸਥਾ ਦਾ ਹੀ ਅਧਿਐਨ ਤੇ ਵਿਸ਼ਲੇਸ਼ਣ ਨਹੀਂ ਕਰਨਾ ਚਾਹੀਦਾ ਸਗੋਂ ਕਾਵਿ-ਯੋਗਤਾ ਨੂੰ ਅਧਿਐਨ ਦਾ ਵਿਸ਼ਾ ਬਣਾਉਣਾ ਚਾਹੀਦਾ ਹੈ। ਕਾਵਿ-ਯੋਗਤਾ ਵਿੱਚ ਕਵੀ ਦੇ ਅਵਚੇਤਨ ਵਿੱਚ ਕਵਿਤਾ ਦੀਆਂ ਤਹਿਆਂ ਕਾਰਜ ਕਰਦੀਆਂ ਹਨ ਜਿਹੜੀਆਂ ਅਰਥ ਨੂੰ ਬਹੁ-ਪਾਸਾਰੀ ਬਣਾ ਦਿੰਦੀਆਂ ਹਨ। ਕਾਵਿਕ ਪ੍ਰਸੰਗ ਅਮੂਰਤ ਅਤੇ ਸਮੂਰਤ ਦੋਨਾਂ ਤਰ੍ਹਾਂ ਨਾਲ ਕਾਰਜ ਕਰਦਾ ਹੈ। ਕਵਿਤਾ ਵਿੱਚ ਵਿਚਾਰਧਾਰਾ ਅਮੂਰਤ ਅਤੇ ਸਮੂਰਤ ਦੋਨਾਂ ਪੱਖਾਂ ਨੂੰ ਸਮਾਨ ਰੂਪ ਵਿੱਚ ਪੇਸ਼ ਕਰਦੀ ਹੈ ਜਿਸ ਨਾਲ ਵਿਚਾਰਧਾਰਾ ਨਿਰੋਲ ਵਸਤੂਗਤ ਯਥਾਰਥ ਨੂੰ ਵੀ ਪੇਸ਼ ਕਰਦੀ ਹੈ। ਕਾਵਿ-ਸਿਰਜਣਾ ਵਿੱਚ ਡਾ. ਹਰਿਭਜਨ ਸਿੰਘ ਵਿਸਥਾਰ ਸ਼ੈਲੀ ਦੇ ਨਾਲ-ਨਾਲ ਸੰਜਮੀ ਸ਼ੈਲੀ ਦੀ ਵਰਤੋਂ ਕਰਦਾ ਹੈ ਜਿਸ ਨਾਲ ਅਰਥ ਦੇ ਖਿਡਾਓ ਦੀ ਸੰਭਾਵਨਾ ਘਟ ਜਾਂਦੀ ਹੈ।

"ਤੂੰ ਤੁਰਿਓਂ ਸੂਰਜ ਅਸਤਿਆ
ਕੋਈ ਗਿਆ ਹਨੇਰੇ ਡੋਲ੍ਹ
ਅਸਾਂ ਤਕਵਾ ਲੈ ਇਸ਼ਕ ਦਾ
ਕੁਲ ਕਾਲਖ ਦਿੱਤੀ ਫੋਲ"5

ਜਦੋਂ ਕਾਵਿ ਵਿੱਚ ਵਿਸ਼ਵ-ਪੱਧਰ ਉੱਤੇ ਪ੍ਰਚੱਲਿਤ ਸ਼ਬਦ ਦੀ ਵਰਤੋਂ ਦਾ ਮਸਲਾ ਆਉਂਦਾ ਹੈ ਤਾਂ ਕਾਵਿ-ਪ੍ਰਸੰਗ ਵਿੱਚ ਖੇਤਰੀ ਵਿਸ਼ੇਸ਼ਤਾਵਾਂ ਦੇ ਅਰਥ-ਪ੍ਰਬੰਧ ਨੂੰ ਵਿਸਥਾਰਿਆ ਜਾਂਦਾ ਹੈ ਅਤੇ ਜਦੋਂ ਅਰਥ ਦਾ ਵਿਸ਼ਵੀ ਵਿਸਥਾਰ ਹੁੰਦਾ ਹੈ ਤਾਂ ਪਾਠਕ ਨੂੰ ਇਸ ਸੰਕਲਪੀ ਸ਼ਬਦ ਦੇ ਅਰਥਾਂ ਵਿੱਚ ਜਾਤੀਗਤ ਸਾਂਸਕ੍ਰਿਤਕ ਗਿਆਨਾਤਮਕ ਸੰਕਲਪਾਂ ਅਤੇ ਵਿਸ਼ਵ ਪੱਧਰੀ ਗਿਆਨਤਮਿਕ ਸੰਕਲਪਾਂ ਦੀ ਸੰਯੋਜਨ ਪ੍ਰਕਿਰਿਆ ਵਿੱਚ ਅਰਥ ਦੀ ਪ੍ਰਮਾਣਿਕਤਾ ਹਾਸਿਲ ਹੁੰਦੀ ਹੈ। ਕਾਵਿ-ਪ੍ਰਸੰਗ ਵਿੱਚ ਅਰਥ-ਪ੍ਰਬੰਧ ਦੀ ਇਹ ਪ੍ਰਮਾਣਿਕਤਾ ਬਹੁ-ਪੱਧਰੀ ਅਤੇ ਬਹੁ ਪਾਸਾਰੀ ਹੋ ਨਿੱਬੜਦੀ ਹੈ। "ਸਾਹਿਤ,ਲਲਿਤ ਕਲਾ ਦੇ ਦੂਜੇ ਭਿੰਨ-ਭਿੰਨ ਰੂਪਾਂ ਨਾਲੋਂ ਇਕ ਗੱਲ ਵਿਚ ਗੁਣਾਤਮਕ ਦ੍ਰਿਸ਼ਟੀ ਤੋਂ ਵੱਖਰਾ ਹੀ ਨਹੀਂ, ਵਿਸ਼ੇਸ਼ ਵੀ ਹੈ। ਸਾਹਿਤ ਦਾ ਮਾਧਿਅਮ ਕਿਸੇ ਜਾਤੀ ਵਿਸ਼ੇਸ਼ ਦੀ ਭਾਸ਼ਾ ਹੋਇਆ ਕਰਦੀ ਹੈ। ਭਾਸ਼ਾ ਲਲਿਤ ਕਲਾ ਦੇ ਦੂਜੇ ਮਾਧਿਅਮਾਂ ਜਿਹਾ ਕਿ ਰੰਗ, ਰੇਖਾ, ਧੁਨੀ, ਪਥਰ, ਕੰਕਰੀਟ ਆਦਿ ਵਰਗਾ ਇਕ ਮਾਧਿਅਮ ਨਹੀਂ। ਸਾਹਿਤਕ ਮਾਧਿਅਮ ਬਣਨ ਤੋਂ ਪਹਿਲਾਂ ਅਤੇ ਉਸ ਤੋਂ ਪਿੱਛੋਂ ਵੀ ਭਾਸ਼ਾ ਕਿਸੇ ਜਾਤੀ ਦੇ ਆਤਰਿਕ ਭਾਵਾਂ ਅਤੇ ਬਾਹਰਲੇ ਵਿਵਹਾਰ ਵਿਚ ਰਮੀ ਰਹਿੰਦੀ ਹੈ। ਭਾਸ਼ਾ ਦੁਆਰਾ ਕਿਸੇ ਜਾਤੀ ਦੀ ਸਮੁੱਚੀ ਸਾਂਸਕ੍ਰਿਤਕ ਸਿਮਰਤੀ, ਉਸ ਦਾ ਇਤਿਹਾਸ,ਉਸ ਦੇ ਸੁਪਨੇ ਤੇ ਅਕਾਂਖਿਆਵਾਂ ਅਤੇ ਸਭ ਤੋਂ ਵੱਧ ਵਰਤਮਾਨ ਵਿਚ ਵਿਚਰਣ ਦਾ ਉਸ ਦਾ ਵਿਰਾਟ, ਬਹੁ-ਪੱਖੀ ਬਹੁ-ਪਰਤੀ ਸੰਘਰਸ਼, ਰੂਪਮਾਨ ਹੁੰਦੇ ਹਨ।"6

### ਟਿੱਪਣੀਆਂ ਅਤੇ ਹਵਾਲੇ

1. ਡਾ. ਠਾਕਰ ਦੱਤ ਜੋਸ਼ੀ, ਆਧੁਨਿਕ ਪੰਜਾਬੀ ਪ੍ਰਗੀਤ ਸ਼ਿਲਪ, ਦੀਪ ਪਬਲਿਸ਼ਰਜ਼, ਜਲੰਧਰ, 2010, ਪੰਨਾ 151.

2. ਹਰਿਭਜਨ ਸਿੰਘ, ਮੇਰੀ ਕਾਵਿ ਯਾਤਰਾ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2003, ਪੰਨਾ 81.

3. ਡਾ. ਠਾਕਰ ਦੱਤ ਜੋਸ਼ੀ, ਆਧੁਨਿਕ ਪੰਜਾਬੀ ਪ੍ਰਗੀਤ ਸ਼ਿਲਪ, ਦੀਪ ਪਬਲਿਸ਼ਰਜ਼, ਜਲੰਧਰ, 2010, ਪੰਨਾ 151.


4. ਸੁਹਿੰਦਰ ਬੀਰ, ਪੰਜਾਬੀ ਸਾਹਿਤ ਥੀਮ ਅਤੇ ਵਿਹਾਰ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 2013, ਪੰਨਾ 122.

5. ਹਰਿਭਜਨ ਸਿੰਘ, ਮੇਰੀ ਕਾਵਿ ਯਾਤਰਾ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2003, ਪੰਨਾ 88.

6. ਡਾ. ਅਤਰ ਸਿੰਘ, ਲਾਹੌਰ ਬੁਕ ਸ਼ਾਪ, ਲੁਧਿਆਣਾ, 1982, ਪੰਨਾ 10.


**ਖੋਜਾਰਥੀ**
**ਪੰਜਾਬੀ ਅਧਿਐਨ ਸਕੂਲ**
**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**

# ਪ੍ਰਤਿਮਾਨ ਦੇ ਦੋਸਤ ਲੇਖਕਾਂ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ



RNI NO. PUNPUN / 2006 / 16230 January-March 2024 ISSN: 2277-9930

## ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ






































ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਸੰਪਰਕ: 98773-58869, 97810-33133

PARTEEK PUBLICATIONS